Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸਤਿਕਾਰ ਜੋਗ ਡਾ. ਕਿਰਪਾਲ ਸਿੰਘ ਜੀ ਨੂੰ

ਨਿਮਰਤਾ ਸਹਿਤ ਪ੍ਰੇਮ ਭੇਟ

ਸਮੁੰਦਰ ਸਿੰਘ

15-11-81

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਭਾਟੜਾ ਸੰਪ੍ਰਦਾਇ ਕੋਸ਼

—ਲੇਖਕ—

ਗਿ. ਸਮੁੰਦਰ ਸਿੰਘ 'ਹਿਸਟੋਰੀਅਨ'

ਪ੍ਰਕਾਸ਼ਕ : ਭਾਟੜਾ ਸੰਗਤ ਸਭਾ, ਪਟਿਆਲਾ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਭਾਟੜਾ ਸੰਪ੍ਰਦਾਇ ਕੋਸ਼

ਲੇਖਕ—ਗਿ: ਸਮੁੰਦਰ ਸਿੰਘ "ਹਿਸਟੋਰੀਅਨ"

ਪ੍ਰਕਾਸ਼ਕ : ਭਾਟੜਾ ਸੰਗਤ ਸਭਾ, ਪਟਿਆਲਾ ।

Digitized by Panjab Digital Library | www.panjabdigilib.org

ਸਭ ਹੱਕ ਲੇਖਕ ਦੇ ਰਾਖਵੇਂ ਹਨ ।

ਪਹਿਲੀ ਵਾਰ 1981

ਛਾਪਕ—
ਨਿਊ ਪਟਿਆਲਾ ਪ੍ਰਿੰਟਰਜ਼' ਗੁਰੂ ਨਾਨਕ ਨਗਰ,
ਟੀ.ਬੀ: ਹਸਪਤਾਲ ਰੋਡ, 28/3
ਪਟਿਆਲਾ ।

Digitized by Panjab Digital Library | www.panjabdigilib.org

ਸਮਰਪਣ

ਸੰਸਾਰ ਦੇ ਮਹਾਨ ਸਤਿਗੁਰੂ

ਗੁਰੂ ਨਾਨਕ ਸਾਹਿਬ ਜੀ ਨੂੰ !

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਕੋਸ਼ ਪ੍ਰਕਾਸ਼ਨ ਸੰਬੰਧੀ

ਭਾਟੜਾ ਸੰਪ੍ਰਦਾਇ ਕੋਸ਼ ਨੂੰ ਛਪਵਾਕੇ ਪਾਠਕਾਂ ਦੇ ਹਥਾਂ ਤਕ ਪਹੁੰਚਾਣ ਦੀ ਖੁਸ਼ੀ ਬਿਆਨ ਨਹੀਂ ਕੀਤੀ ਜਾ ਸਕਦੀ। ਇਸ ਖੁਸ਼ੀ ਦਾ ਘੇਰਾ ਇਸ ਕਰ ਕੇ ਵੀ ਵਡੇਰਾ ਹੈ ਕਿਉਂਕਿ ਇਸ ਵਿਚ ਭਾਟੜਾ ਸੰਗਤ ਸਭਾ ਵਰਗੀ ਨਿਰਮਾਨ ਜਹੀ ਸੰਸਥਾ ਦੇ ਹਰ ਇਕ ਮੈਂਬਰ ਦਾ ਹਿੱਸਾ ਹੈ। ਜੂਨ 1977 ਵਿਚ ਭਾਟੜਾ ਸੰਗਤ ਸਭਾ ਦੇ ਵਜੂਦ ਵਿਚ ਔਣ ਸਮੇਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਨਿਰੁਕਤ ਸ੍ਰੀ ਗੁਰੂ ਗਰੰਥ ਸਾਹਿਬ ਨਾਮ ਦਾ ਇਕ ਵਿਸ਼ਾਲ ਕੋਸ਼ ਪ੍ਰਕਾਸ਼ਨ ਕੀਤਾ ਜਾ ਰਿਹਾ ਸੀ ਜੋ ਗੁਰਮਤਿ ਅਤੇ ਪੁਰਾਣੀ ਪੰਜਾਬੀ ਭਾਸ਼ਾ ਦਾ ਇਕ ਅਦੂਤੀ ਕੋਸ਼ ਹੈ ਤੇ ਜਿਸ ਵਿਚ ਭਾਸ਼ਾ ਤੇ ਸਭਿਆਚਾਰ ਸਬੰਧੀ ਵਿਆਪਕ ਜਾਣਕਾਰੀ ਸੰਚਿਤ ਹੋਵੇਗੀ। ਕਿਉਂਕਿ ਇਸ ਕੋਸ਼ ਵਿਚ ਭੱਟ, ਭਾਟ ਜਾਂ ਭਾਟੜਾ ਸਬਦਾਂ ਦੀ ਵਿਆਖਿਆ ਕੀਤੀ ਜਾਣੀ ਨਿਸਚਿਤ ਸੀ ਇਸ ਲਈ ਸਭਾ ਦੇ ਉਸ ਸਮੇਂ ਦੇ ਪ੍ਰਧਾਨ ਗਿ. ਸਮੁੰਦਰ ਸਿੰਘ ਜੀ ਨੂੰ ਕਿਸੇ ਸੁਹਿਰਦ ਵਿਦਵਾਨ ਮਿਤ੍ਰ ਨੇ ਇਹ ਰਾਏ ਦਿਤੀ ਕਿ ਭਾਟੜਾ ਸੰਗਤ ਆਪਣੇ ਬਾਰੇ ਖੁਦ ਸਹੀ ਅੰਦਰਾਜ ਲਿਖਕੇ ਵਿਦਵਾਨਾ ਸਾਹਮਣੇ ਲਿਆਵੇ ਤਾਂ ਕਿ ਮਹਾਨ ਕੋਸ਼ ਵਿਚਲੇ ਅੰਦਰਾਜ ਵਾਂਗ ਫੇਰ ਕੋਈ ਵਿਵਾਦ ਖੜਾ ਨਾ ਹੋ ਸਕੇ। ਨਵੀਂ ਜੰਮੀ ਸਭਾ ਲਈ ਇਹ ਸੁਝਾ ਇਕ ਮਿੱਠੀ ਚਿਤਾਵਨੀ ਦੇ ਨਾਲ ਇਕ ਵਡੀ ਵੰਗਾਰ ਵੀ ਸੀ ਜਿਸ ਨੂੰ ਸਵੀਕਾਰ ਨਾ ਕਰਨਾ ਪਟਿਆਲੇ ਵਿਚ ਵਸਦੀ ਭਾਟੜਾ ਸੰਗਤ ਲਈ ਆਪਣੇ ਫਰਜ਼ ਤੋਂ ਮੂੰਹ ਮੋੜਨ ਤੁਲ ਸੀ। ਇਸੇ ਪਿਛੋਕੜ ਵਿਚ ਇਸ ਛੋਟੇ ਜਿਹੇ ਕੋਸ਼ ਨੂੰ ਸਿਰਜਣ ਦਾ ਉਪਰਾਲਾ ਕੀਤਾ ਗਿਆ ਤੇ ਇਹ ਕਠਿਨ ਕੰਮ ਗਿ: ਸਮੁੰਦਰ ਸਿੰਘ ਹਿਸਟੋਰੀਅਨ ਜੀ ਦੇ ਜਿੰਮੇ ਲਾਇਆ ਗਿਆ ਜੋ ਸਭਾ ਦੇ ਪ੍ਰਧਾਨ ਹੋਣ ਦੇ ਨਾਲ ਇਸ ਕੰਮ ਨੂੰ ਨੇਪਰੇ ਚੜਾ ਸਕਨ ਦੇ ਸਮਰਥ ਵੀ ਸਨ।

ਭਾਟੜਾ ਸੰਪ੍ਰਦਾਇ ਸੰਬੰਧੀ ਕੋਸ਼ ਛਾਪਣ ਦਾ ਮਨੋਰਥ ਕਦਾਚਿਤ ਸੰਪ੍ਰਦਾਇਕ ਉਚਤਾ ਦਾ ਵਖਾਲਾ ਪੌਣਾ ਜਾਂ ਕਿਸੇ ਵਖੇਵੇਂ ਦੀ ਭਾਵਨਾ ਨੂੰ ਉਜਾਗਰ ਕਰਨਾ ਨਹੀਂ। ਸਗੋਂ ਇਸ ਲਿਖਤ ਰਾਹੀਂ ਭਾਟੜਾ ਸੰਗਤ ਸੰਬੰਧੀ ਭੁੱਲੇ ਵਿਸਰੇ ਇਤਿਹਾਸਕ ਤੱਥਾਂ ਨੂੰ ਪਾਠਕਾਂ ਸਾਹਮਣੇ ਲਿਆਂਦਾ ਗਿਆ ਹੈ ਜਿਨ੍ਹਾਂ ਦੀ ਅਨਹੋਂਦ ਕਾਰਨ ਸਿਖ ਪੰਥ ਨਾਲ ਅਨਿਖੜਵੇਂ ਸਬੰਧ ਹੋਣ ਦੇ ਬਾਵਜੂਦ ਵੀ ਇਸ ਸੰਪ੍ਰਦਾਇ ਨੂੰ ਜਾਤੀ ਉਚਤਾ ਤੇ ਵਖੇਵੇਂ ਦਾ ਸ਼ਿਕਾਰ ਹੋਣਾ ਪਿਆ ਹੈ। ਵਧੀਕੀ ਦੀ ਹੱਦ ਤਾਂ ਇਹ ਹੈ ਕਿ ਅਜੇ ਵੀ ਭਾਟੜਾ ਸੰਗਤ ਦੇ ਇਤਿਹਾਸਕ ਪਿਛੋਕੜ ਦਾ ਨਿਰਨਾ ਕਰਨ ਲਗਿਆ ਬਹੁਤੇ ਲੇਖਕ ਪੰਥ ਦੇ ਪ੍ਰਸਿਧ ਵਿਦਵਾਨ ਗਿ: ਗਿਆਨ ਸਿੰਘ ਜਾਂ ਭਾਈ ਸੰਤੋਖ ਸਿੰਘਜੀ ਦੀਆਂ ਰਚਨਾਵਾਂ ਵੇਖਣ ਦੀ ਬਜਾਏ ਇਬਟਸਨ ਤੇ ਐਚ.ਏ. ਰੋਜ਼ ਦੀ ਗਲਾਸਰੀ ਵਰਗਿਆਂ ਲਿਖਤਾਂ ਦੀ ਟੇਕ ਲੈਂਦੇ ਹਨ। ਪਰ ਇਸ ਵਿਸ਼ੇ ਤੇ ਭਾਟੜਾ ਸੰਗਤ ਵਲੋਂ ਵੀ ਕੋਈ ਵਿਸ਼ੇਸ਼ ਰਚਨਾਤਮਕ ਕੰਮ ਨਹੀਂ ਕੀਤਾ ਗਿਆ।

Digitized by Panjab Digital Library | www.panjabdigilib.org

ਆਪਣੇ ਇਤਿਹਾਸਕ ਪਿਛੋਕੜ ਬਾਰੇ ਜਿੰਨਾ ਕੁਝ ਅਸੀਂ ਪਹਿਲਾਂ ਪ੍ਰਕਾਸ਼ ਵਿਚ ਲਿਆਂਦਾ ਹੈ ਉਹ ਕੇਵਲ ਨਾਕਾਫੀ ਹੀ ਨਹੀਂ ਬਲਕਿ ਇਤਿਹਾਸਕ ਦ੍ਰਿਸ਼ਟੀਕੋਨ ਤੋਂ ਇਤਨਾਂ ਅਧੂਰਾ ਹੈ ਕਿ ਉਸ ਨਾਲ ਸਾਡੇ ਕਿਸੇ ਵੀ ਹਿਤ ਦੀ ਪੂਰਤੀ ਅਜ ਤਕ ਨਹੀਂ ਹੋਈ।

ਹਥਲੇ ਕੋਸ਼ ਨੂੰ ਛਪਵਾਨ ਦਾ ਪ੍ਰਯੋਗ ਵੀ ਅਨੇਕਾ ਉਨਾਂ ਕਠਨਾਈਆਂ ਦੇ ਰੂਬਰੂ ਅਰੰਭਿਆ ਗਿਆ ਜਿਨ੍ਹਾਂ ਦਾ ਸਾਹਮਨਾ ਪਹਿਲੇ ਪਹਿਲ ਹਰ ਨਵੇਂ ਲੇਖਕ ਜਾਂ ਪ੍ਰਕਾਸ਼ਕ ਨੂੰ ਕਰਨਾ ਪੈਂਦਾ ਹੈ। ਗਿ: ਸਮੁੰਦਰ ਸਿੰਘ ਜੀ ਨੇ ਜਿਸ ਮੇਹਨਤ ਤੇ ਲਗਨ ਨਾਲ ਇਸ ਕੋਸ਼ ਦੀ ਸਮਿਗ੍ਰੀ ਜੁਟਾਈ ਹੈ ਉਹ ਸਾਡੇ ਧੰਨਵਾਦ ਤੇ ਪ੍ਰਸ਼ੰਸਾ ਦੇ ਪਾਤ੍ਰ ਹਨ। ਲੇਖਕ ਦੀ ਰਾਏ ਨਾਲ ਭਾਵੇਂ ਹਰ ਕਿਸੇ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਤੇ ਸੁਧਾਰ ਦੀ ਗੁੰਜਾਇਸ਼ ਹਰ ਰਚਨਾ ਵਿਚ ਹੁੰਦੀ ਹੈ, ਇਹ ਕੋਸ਼ ਵੀ ਹਿਸਟੋਰੀਅਨ ਜੀ ਲਈ ਪਹਿਲਾ ਪ੍ਰਯੋਗ ਹੈ ਜਿਸ ਦੀ ਸਫਲਤਾ ਦਾ ਨਿਰਨਾ ਪਾਠਕਾਂ ਨੇ ਹੀ ਕਰਨਾ ਹੈ।

ਇਸ ਕੋਸ਼ ਨੂੰ ਛਪਵਾਨ ਦਾ ਸੇਹਰਾ ਜਿਥੇ ਭਾਟੜਾ ਸੰਗਤ ਸਭਾ ਪਟਿਆਲਾ ਦੇ ਹਰ ਮੈਂਬਰ ਦੇ ਸਿਰ ਹੈ ਅਸੀਂ ਉਨ੍ਹਾਂ ਦਾਨੀ ਸਜਣਾਂ ਤੇ ਪੰਚਾਇਤਾਂ ਦਾ ਦਿਲੋਂ ਧੰਨਵਾਦ ਕਰਦੇ ਹਾਂ ਜਿਨ੍ਹਾਂ ਖੁਲਦਿਲੀ ਨਾਲ ਮਾਇਕ ਸਹਾਇਤਾ ਦੇ ਕੇ ਇਸ ਯਤਨ ਨੂੰ ਨਾ ਕੇਵਲ ਸਫਲ ਬਣਾਇਆ ਹੈ ਬਲਕਿ ਇਹਦੀ ਸਾਂਝ ਵੀ ਵਡੇਰੀ ਕੀਤੀ ਹੈ। ਦਾਨੀਆਂ ਤੋਂ ਇਲਾਵਾ ਇਹ ਪੁਸਤਕ ਪ੍ਰਕਾਸ਼ਨ ਲਈ ਪ੍ਰੋਤਸਾਹਿਤ ਕਰਨ ਲਈ ਡਾ. ਪ੍ਰੀਤਮ ਸਿੰਘ ਲਖਣਪਾਲ ਐਮ. ਡੀ. ਸ. ਪੂਰਨ ਸਿੰਘ ਲਖਣਪਾਲ ਐਮ. ਏ., ਸ. ਲਾਲ ਸਿੰਘ ਪ੍ਰਭਾਕਰ, ਗਿ. ਰਤਨ ਸਿੰਘ ਸ਼ਾਦ, ਸ. ਗੁਰਬਖਸ਼ ਸਿੰਘ ਆਜਜ਼, ਸ. ਢੁੰਡਾ ਸਿੰਘ ਸ਼ਹਿਰੀ, ਸ: ਪਿਆਰਾ ਸਿੰਘ ਲਖਣਪਾਲ ਤੇ ਸ. ਵੀਰ ਸਿੰਘ ਦਿਗਪਾਲ ਆਦਿ ਅਨੇਕ ਸਜਣਾਂ ਦਾ ਵੀ ਅਸੀਂ ਧੰਨਵਾਦ ਕਰਦੇਹਾਂ ਜਿਨਾਂ ਦਾ ਪਿਆਰ ਤੇ ਸਹਿਯੋਗ ਸਾਨੂੰ ਪ੍ਰਾਪਤ ਰਹੇ ਹਨ।

ਪੁਸਤਕ ਪ੍ਰਕਾਸ਼ਨ ਵਿਧੀ ਤੋਂ ਅਨਜਾਣ ਤੇ ਵਸੀਲਿਆਂ ਦੀ ਘਾਟ ਕਾਰਨ ਇਸ ਪ੍ਰਕਾਸ਼ਨ ਵਿਚ ਸਾਥੋਂ ਅਨੇਕਾਂ ਹੀ ਤਰੁਟੀਆਂ ਰਹਿ ਗਈਆਂ ਹਨ ਪਰ ਪਾਠਕ ਬਖਸ਼ਣਹਾਰ ਹਨ। ਇਸ ਲਈ ਆਸ ਹੈ ਕਿ ਇਸ ਨਿਮਾਨੇ ਯਤਨ ਨੂੰ ਸਾਡਾ ਪਹਿਲਾ ਕਦਮ ਸਮਝ ਕੇ ਖਿਮਾ ਕਰਨਗੇ।

'ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ', 'ਵਿਸ਼ਵ ਕੋਸ਼' ਜਾਂ ਭਵਿਖ ਵਿਚ ਛਪਣ ਵਾਲ ਹੋਰ ਕੋਸ਼ਾਂ ਵਿਚ ਭੱਟ ਭਾਂਟ ਜਾਂ ਭਾਟੜਾ ਸ਼ਬਦਾਂ ਦੀ ਅਰਥ ਅਤੇ ਵਿਆਖਿਆ ਬਾਰੇ ਵਿਦਵਾਨਾਂ ਦੀ ਕੀ ਰਾਏ ਕਾਇਮ ਹੁੰਦੀ ਹੈ ਇਹ ਤਾਂ ਸਮਾਂ ਹੀ ਦਸੇਗਾ ਪਰ ਇਸ ਪ੍ਰਕਾਸ਼ਨ ਨਾਲ ਭਾਟੜਾ ਸੰਗਤ ਦੇ ਇਤਿਹਾਸਕ ਪਿਛੋਕੜ ਸੰਬੰਧੀ ਕੋਈ ਚਾਨਣ ਪੈ ਸਕਿਆ ਤਾਂ ਅਸੀਂ ਆਪਣਾ ਇਹ ਪ੍ਰਯੋਗ ਸਫਲ ਹੋਇਆ ਸਮਝਾਂਗੇ।

ਮੇਵਾ ਸਿੰਘ

ਸਕੱਤਰ

ਭਾਟੜਾ ਸੰਗਤ ਸਭਾ ਪਟਿਆਲਾ।

Digitized by Panjab Digital Library | www.panjabdigilib.org

ਸ਼ੁਧੀ ਪੱਤਰ

ਅਸ਼ੁਧ	ਸ਼ੁਧ	ਪੰਨਾ
ਪਾਤਿਸ਼ਾਖਾ	ਪ੍ਰਾਤਿਸ਼ਾਖਾ	(ੳ)
ਬਾਦ	ਬਾਅਦ	(ਕ)
ਸੂਤਕ	ਸੂਤ	(ਕ)
ਰਜ	ਰਾਜ	(ਸ਼)
ਗਣ	ਗੁਣ	(ਗ)
ਸਵਫੁਪ	ਸਵਰੂਪ	(1)
ਅਮਾਮ ਪੁਰਾ	ਆਗਮਪੁਰਾ	(6)
ਦਿਖਦੇ	ਦਿਖਾਂਦੇ	(9)
ਖੜਾ ਸਿੰਘ	ਖੇੜਾ ਸਿੰਘ	(17)
ਗੰਡਾ ਸਿੰਘ ਅਕਾਲੀ ਸੰਨ 193	ਸੰਨ 1931	(18)
ਗੰਗਸਰ ਗੁਰਦਵਾਰਾ ਸੰਨ 193	ਸੰਨ 1932	(25)
ਜੰਗੀਰ ਸਿੰਘ ਭਾਈ ਸੰਨ 1915	ਮੰਨ 1955	(30)

ਮਹਾਨ ਕੋਸ਼ ਵਿਚੋਂ ਭਾਟੜਾ ਸ਼ਬਦ ਸੋਧਕ ਕਮੇਟੀ ਦੇ ਚਿਤਰ ਦੀ ਤਾਰੀਖ

17 ਦੀ ਥਾਂ 16 ਪੜ੍ਹੀ ਜਾਵੇ

ਬੰਸਾਵਲੀ ਸ਼ਹੀਦ ਥਰਾਜ ਸਿੰਘ ਹੇਠ ਸ: ਫਕੀਰ ਸਿੰਘ ਦੇ ਪੁਤਰ ਭਾਈ ਵਰਿਯਾਮ ਸਿੰਘ ਰਠੌਰ-
ਸਮੁੰਦਰ ਸਿੰਘ ਹਿਸਟੋਰੀਅਨ ਤੇ ਅਕਾਲੀ ਸੁਦਾਗਰ ਸਿੰਘ ਰਠੌੜ ਪੜ੍ਹਿਆ ਜਾਵੇ (42)

ਦਰਬਾਰਾ ਸਿੰਘ ਮੌਨਧਾਰੀ ਸੰਨ 198 ਸ਼ੰਮਤ 1978 ਬਿ. (44)

ਬਾਬਾ ਸਾਹਿਬ ਸਿੰਘ ਜੀ ਕਲਾਧਾਰੀ-ਵੱਡੀ ਖਮਾਣੋ ਦੀ ਥਾਂ ਚੜੀ ਭਰੀ ਪੜ੍ਹਿਆ ਜਾਵੇ। 52

ਭਾਟੜਾ ਮਹਾਂ ਸਭਾ ਸੰਨ 190	ਸੰਨ 1950	(62)
ਭੱਟਲ ਪੁਰਾਨ	ਭੱਟਿਲ ਪੁਰਾਨ	(63)

ਨੋਟ—ਮਾਤਰਾ ਦੀ ਸੋਧ ਪਾਠਕ ਖੁਦ ਕਰਨ ਦੀ ਕਿਰਪਾ ਕਰਨ।

ਭਾਟੜਾ ਸੰਗਤ ਸਭਾ ਦੀ ਤੀਜੀ ਚੋਣ ਬਾਦ ਚੁਣੇ ਗਏ ਮੈਂਬਰ

ਪ੍ਰਧਾਨ ਸੰਤ ਸੁਜਾਨ ਸਿੰਘ, ਸਕੱਤਰ ਸ. ਮੇਵਾ ਸਿੰਘ, ਮੀਤ ਪ੍ਰਧਾਨ ਸੰਤ ਸਿੰਘ ਫੱਕਰ, ਮੀਤ ਪ੍ਰਧਾਨ ਸ. ਕਰਨੈਲ ਸਿੰਘ ਪ੍ਰਭਾਕਰ, ਮੀਤ ਪ੍ਰਧਾਨ ਸ. ਚਾਨਣ ਸਿੰਘ ਪ੍ਰਭਾਕਰ, ਜਥੇਦਾਰ ਸ. ਜੀਤ ਸਿੰਘ, ਨਿਹੰਗ ਸਿੰਘ, ਖਜਾਨਚੀ ਸ. ਪਿਆਰਾ ਸਿੰਘ, ਮੀਤ ਖਜਾਨਚੀ ਸ. ਸਵਰਨ ਸਿੰਘ ਸਲਾਹਕਾਰ ਸ. ਗੁਰਚਰਨ ਸਿੰਘ ਚੌਹਾਨ, ਪ੍ਰਚਾਰ ਸਕੱਤਰ ਸ. ਸਰਦੂਲ ਸਿੰਘ, ਸਹਾਇਕ ਪ੍ਰ: ਸਕੱਤਰ ਸ. ਉਤਮ ਸਿੰਘ। ਵਿਸ਼ੇਸ਼ ਮੈਂਬਰ — ਸ. ਜੀਤ ਸਿੰਘ, ਸ. ਸ਼ੰਗਾਰ ਸਿੰਘ, ਸ, ਪੂਰਨ ਸਿੰਘ, ਸ. ਮੋਹਨ ਸਿੰਘ ਟਾਕ, ਸ. ਦਰਸ਼ਨ ਸਿੰਘ ਟਾਕ, ਸ. ਅਵਤਾਰ ਸਿੰਘ, ਸ. ਤਰਲੋਚਨ ਸਿੰਘ, ਚਾਨਣ ਸਿੰਘ। ਸਰਪਰਸਤ ਮੈਂਬਰ—ਗਿ. ਸਮੁੰਦਰ ਸਿੰਘ ਹਿਸਟੋਰੀਅਨ, ਸ. ਜਸਵੰਤ ਸਿੰਘ ਬਾਹੀਆ, ਸ. ਜੀਤ ਸਿੰਘ ਅਜ਼ਾਦ, ਸ. ਕੁਲਦੀਪ ਸਿੰਘ 'ਦਰਦ', ਸ਼. ਸਰੂਪ ਸਿੰਘ ਐਮ. ਏ. ਸ. ਮਨੋਹਰ ਸਿੰਘ ਰਠੌਰ ਆਦਿ।

Digitized by Panjab Digital Library | www.panjabdigilib.org

ਸਹਾਇਤਾ ਸੂਚੀ

ਭਾਟੜਾ ਸੰਪ੍ਰਦਾਇ ਕੋਸ਼ ਦੇ ਪ੍ਰਕਾਸ਼ਨ ਲਈ ਸਹਾਇਤਾ ਦੇਣ ਵਾਲੇ ਦਾਨੀ ਸਜਣਾਂ ਤੇ ਪੰਚਾਇਤਾਂ ਦੇ ਨਾਮ ਤੇ ਸਹਾਇਤਾ ਕੀਤੀ ਰਕਮ ਦਾ ਵੇਰਵਾ —

1	ਸ੍ਰ: ਪਿਆਰਾ ਸਿੰਘ ਲਖਣਪਾਲ (ਪਟਿਆਲਾ)		261 ਰੁਪੈ
2.	ਗਿ: ਸਮੁੰਦਰ ਸਿੰਘ ਹਿਸਟੋਰੀਅਨ (ਪਟਿਆਲਾ)		222 ਰੁਪੈ
3.	ਸ੍ਰ: ਚਮਨ ਸਿੰਘ ਪ੍ਰਭਾਕਰ (ਮਾਨਚੇਸਟਰ ਯੂ.ਕੇ.)		202 "
4.	ਸ੍ਰ: ਜੋਗਿੰਦਰ ਸਿੰਘ ਨਧਾਨ (ਮੰਡੀ ਗੋਬਿੰਦਗੜ੍ਹ ਪਟਿਆਲਾ)		125 "
5.	ਸ੍ਰ: ਚਮਨ ਸਿੰਘ (ਸਿੰਘ ਬ੍ਰਦਰਜ਼ ਡਨਕਾਸਟਰ ਯੂ. ਕੇ.)		105 "
6.	ਸ੍ਰ: ਚਾਨਣ ਸਿੰਘ ਪ੍ਰਭਾਕਰ (ਪਟਿਆਲਾ)		101 "
7.	ਸ੍ਰ: ਮੇਵਾ ਸਿੰਘ (ਪਟਿਆਲਾ)		101 "
8.	ਸ੍ਰ: ਕਰਨੈਲ ਸਿੰਘ ਪ੍ਰਭਾਕਰ (ਪਟਿਆਲਾ)		101 "
9.	ਪੰਚਾਇਤ—ਗੁ. ਭਾਟੜਾ ਪੰਚਾਇਤ ਅਬਚਲ ਨਗਰ (ਪਟਿਆਲਾ)		101 "
10.	ਪੰਚਾਇਤ—ਗੁ. ਸੰਗਤ ਸਭਾ (ਪਟਿਆਲਾ)		101 "
11.	ਪੰਚਾਇਤ—ਗੁ. ਦਮਦਮਾ ਸਾਹਿਬ ਗੋਬਿੰਦ ਨਗਰ ਪਟਿਆਲਾ		17[illegible] "
12.	ਸ੍ਰ: ਗੁਰਬਖਸ਼ ਸਿੰਘ ਆਜ਼ਜ਼ (ਮਾਨਚੇਸਟਰ ਯੂ. ਕੇ.)	(ਦੋ ਪੌਂਡ)	32 "
13.	ਸ੍ਰ: ਜੋਗਿੰਦਰ ਸਿੰਘ ਮਿਸਤ੍ਰੀ (ਪਟਿਆਲਾ)		25 "
14.	ਸ੍ਰ: ਪੂਰਨ ਸਿੰਘ ਲਖਣਪਾਲ ਐਮ. ਏ. (ਪਟਿਆਲਾ)		25 "
15.	ਸ੍ਰ: ਰਤਨ ਸਿੰਘ ਲਖਣਪਾਲ (ਪਟਿਆਲਾ)		25 "
16.	ਸ੍ਰ: ਖਜਾਨ ਸਿੰਘ ਪ੍ਰਭਾਕਰ (ਪਟਿਆਲਾ)		25 "
17.	ਸ੍ਰ: ਮੁਲਖ ਸਿੰਘ ਦਿਗਪਾਲ (ਪਟਿਆਲਾ)		25 "
18.	ਸ੍ਰ: ਕਰਨੈਲ ਸਿੰਘ ਦਿਗਪਾਲ (ਪਟਿਆਲਾ)		25 "
19.	ਸ੍ਰ; ਗੁਰਦੇਵ ਸਿੰਘ ਲਖਣਪਾਲ (ਰੋਪੜ)		ਜ਼ਿਆਰਾਂ ਰੁਪੈ
20.	ਸ੍ਰ: ਸ਼ੰਗਾਰ ਸਿੰਘ ਰਠੌੜ (ਅੰਬਾਲਾ)		" "
21.	ਸ੍ਰ: ਸੰਤੋਖ ਸਿੰਘ ਸਵਾਲੀ, ਸ਼ੇਰਪੁਰਾ (ਜਲੰਧਰ)		" "
22.	ਸ੍ਰ: ਉਜਾਗਰ ਸਿੰਘ ਸਵਾਲੀ, ਹਨੂੰਮਾਨ ਗੜ੍ਹ (ਰਾਜਸਥਾਨ)		" "
23.	ਸ੍ਰ: ਕੁਲਦੀਪ ਸਿੰਘ 'ਦਰਦ' (ਪਟਿਆਲਾ)		" "
24.	ਸ੍ਰ. ਸਵਰਨ ਸਿੰਘ ਸਵਾਲੀ ਮਨੀਮਾਜਰਾ (ਚੰਡੀਗੜ੍ਹ)		" "
25.	ਸ੍ਰ: ਜਸਵੰਤ ਸਿੰਘ ਰਠੌੜ (ਪਟਿਆਲਾ)		" "
26.	ਗਿ. ਮੁਨਸ਼ਾ ਸਿੰਘ ਲਖਣਪਾਲ (ਪਟਿਆਲਾ)		" "
27.	ਸ੍ਰ. ਮੁਨਸ਼ੀ ਸਿੰਘ ਦਿਗਪਾਲ (ਪਟਿਆਲਾ)		" "
28.	ਸ੍ਰ: ਹਰਭਜਨ ਸਿੰਘ ਟਾਕਪਾਲ (ਪਟਿਆਲਾ)		" "
29.	ਸ. ਢੂੰਡਾ ਸਿੰਘ ਸ਼ੈਹਰੀ ... ਬ੍ਰਿਸਟੋਲ ਯੂ. ਕੇ.	2 ਪੌਂਡ	32 "
30.	ਪੰਚਾਇਤ ਗੁ: ਸਿੰਘ ਸਭਾ ਨਿਊ ਯਾਦਵਿੰਦਰ ਕਲੋਨੀ ਪਟਿਆਲਾ		72 "

Digitized by Panjab Digital Library | www.panjabdigilib.org

ਮੁਖ ਬੰਦ

"ਭਾਟੜਾ ਸੰਪ੍ਰਦਾਇ ਕੋਸ਼" ਕੋਸ਼ਕਾਰੀ ਦੇ ਮਹਾਨ ਖੇਤਰ ਵਿਚ ਭਾਵੇਂ ਇਕ ਨਿਮਾਣਾ ਜਿਹਾ ਯਤਨ ਹੈ ਪਰ ਬਹੁਤ ਮਹਾਨਤਾ ਰਖਦਾ ਹੈ ਕਿਉਂਕਿ ਇਹ ਉਹ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ ਜੋ ਭਾਟ ਸਿਖਾਂ ਦਾ ਆਪਣੇ ਬਾਰੇ ਹੈ। ਇਸ ਦ੍ਰਿਸ਼ਟੀਕੋਣ ਦੇ ਸਬੰਧ ਵਿੱਚ ਜਾਨ ਮੈਲਕਮ ਨੇ ਲਿਖਿਆ ਹੈ 'ਮਨੁਖਤਾ ਦੇ ਆਮ ਇਤਿਹਾਸ ਦੀ ਖੋਜ ਵਿਚ ਇਹ ਅਤਿਅੰਤ ਮਹੱਤਤਾ ਪੂਰਨ ਹੈ ਕਿ ਵੇਖਿਆ ਜਾਏ ਕਿ ਕੋਈ ਕੌਮ ਜਾਂ ਸੰਪ੍ਰਦਾਇ ਆਪਣੇ ਬਾਰੇ ਕੀ ਕਹਿੰਦੀ ਹੈ? ਅਜਿਹੀਆਂ ਸ੍ਰੋਤਾਂ ਤੋਂ ਪ੍ਰਾਪਤ ਕੀਤੀ ਜਾਣਕਾਰੀ ਦੀ ਕਦਰ ਤੇ ਕੀਮਤ ਉਸਦੀ ਇਤਿਹਾਸਕ ਲੋੜ ਤੋਂ ਵਖਰੀ ਹੁੰਦੀ ਹੈ। ਇਹ ਸਮਾਜੀ ਮੇਲ ਜੋਲ ਵਧਾਉਂਦੀ ਹੈ ਅਤੇ ਕੌਮਾਂ ਅਤੇ ਜਾਤਾਂ ਵਿਚਕਾਰ ਆਪਸੀ ਮਿਤ੍ਰਤਾ ਪੈਦਾ ਕਰਦੀ ਹੈ।"

ਭਾਟੜਾ ਸਿਖ ਭਾਵੇਂ ਭਾਰਤ ਦੇ ਅੱਡ ਅੱਡ ਥਾਵਾਂ ਤੇ ਆਬਾਦ ਹਨ ਅਤੇ ਬਦੇਸ਼ਾਂ ਵਿੱਚ ਵੀ ਪਰ ਇਨ੍ਹਾਂ ਬਾਰੇ ਬਹੁਤ ਘਟ ਜਾਣਕਾਰੀ ਪ੍ਰਾਪਤ ਹੈ। ਇਨ੍ਹਾਂ ਸਤਰਾਂ ਦੇ ਲਿਖਾਰੀ ਨੂੰ 1964 ਈ: ਵਿਚ ਐਡਨਬਰਾ (ਲੀਥਵਾਕ) ਇਗਲੈਂਡ ਭਾਟ ਸਿਖਾਂ ਦੇ ਗੁਰਦਵਾਰੇ ਜਾਣ ਦਾ ਅਵਸਰ ਪ੍ਰਾਪਤ ਹੋਇਆ ਹੈ। ਇਹ ਧਰਮ ਵਿਚ ਵਿਸ਼ਵਾਸ ਰਖਣ ਵਾਲੇ ਮਿਹਨਤੀ ਲੋਕ ਹਨ, ਪਰ ਇਨ੍ਹਾਂ ਵਿਚ ਉਚ ਵਿਦਿਆ ਦੀ ਘਾਟ ਹੈ।

ਭਾਟੜਾ ਭਾਈਚਾਰਾ ਸੋਲ੍ਹਵੀਂ ਸਦੀ ਵਿਚ ਸਿਖ ਬਣੇ। ਇਨ੍ਹਾਂ ਦੀ ਵਸੋਂ ਲੰਕਾ ਦੇ ਦਖਣ ਵਿਚ ਕੋਲੰਬੋ ਤੋਂ ਤਰੀਹ ਚਾਲੀ ਮੀਲ ਦੂਰ ਅਵਿਸਵੇਲਾਂ (ਸੀਤਾਵਾਕਾ) ਦੇ ਕੋਲ ਸੀ। ਇਥੋਂ ਦਾ ਚੰਗਾ ਭਾਟੜਾ ਸਭ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਦਾ ਸਿਖ ਬਣਿਆ। ਇਸ ਥਾਂ ਤੇ ਪੁਰਾਣੇ ਖੰਡਰ ਮੈਂ 1968 ਵਿਚ ਵੇਖੇ ਹਨ। ਹੁਣ ਚੰਗਾ ਭਾਟੜਾ ਦਾ ਕੋਈ ਨਾਮ ਨਿਸ਼ਾਨ ਨਹੀਂ ਮਿਲਦਾ। ਗੁਰੂ ਅਰਜਨ ਸਾਹਿਬ ਦੇ ਵੇਲੇ ਵੀ ਇਥੇ ਸਿੱਖ ਮੌਜੂਦ ਸਨ ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਪਿਛੇ ਲਿਖੀ "ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ" ਤੋਂ ਪਤਾ ਲਗਦਾ ਹੈ। ਗੁਰੂ ਸਾਹਿਬਾਨ ਤੋਂ ਲੈ ਕੇ ਹੁਣ ਤਕ ਭਾਟੜੇ ਸਿਖ ਪੰਥ ਦਾ ਅਟੂਟ ਅੰਗ ਚਲੇ ਆ ਰਹੇ ਹਨ, ਜਿਵੇਂ ਕਿ ਇਸ ਕੋਸ਼ ਵਿਚ ਦਿਤੀਆਂ ਵਿਅਕਤੀਆਂ ਦੇ ਜੀਵਨ ਤੋਂ ਪਤਾ ਲਗਦਾ ਹੈ।

ਇਲਾਕਾਈ ਇਤਿਹਾਸ ਜਾਂ ਸੰਪ੍ਰਦਾਈ ਇਤਿਹਾਸ ਕੌਮੀ ਇਤਿਹਾਸ ਦਾ ਅੰਗ ਹੁੰਦਾ ਹੈ ਤੇ ਉਸ ਦੀ ਵਿਆਖਿਆ ਕਰਦਾ ਹੈ। ਇਸ ਦਾ ਮਨੋਰਥ ਤੇ ਆਸ਼ਾ ਸਭ ਜਾਤਾਂ ਨੂੰ ਸਦਾਚਾਰਕ ਵਿਰਸੇ ਤੋਂ ਸੁਚੇਤ ਕਰਕੇ ਕੌਮੀ ਇਤਿਹਾਸ ਦੀ ਉਸਾਰੀ ਕਰਨਾ ਹੈ। ਇਸ ਵਿਚ ਸਵੈ-ਉਚਤਾ ਜਾਂ ਵਖੇਵੇ ਵਾਲੀ ਧਾਰਨਾ ਨਹੀਂ ਹੋਣੀ ਚਾਹੀਦੀ। ਸਿਖ

Digitized by Panjab Digital Library | www.panjabdigilib.org

ਸਮਾਜ ਦੀ ਭਾਰਤੀ ਸਦਾਚਾਰ ਵਿਚ ਵਿਸ਼ੇਸ਼ ਥਾਂ ਹੈ ਤੇ ਭਾਟੜੇ ਸਿਖਾਂ ਦਾ ਅਟੂਟ ਅੰਗ ਹਨ।

ਇਹ ਕੋਸ਼ ਇਕ ਸ਼ਲਾਘਾ ਯੋਗ ਯਤਨ ਹੈ। ਇਸ ਦੀ ਅਤੀਅੰਤ ਲੋੜ ਸੀ। ਕਿਸੇ ਪੁਸਤਕ ਵਿਚ ਭਾਟ ਸਿਖਾਂ ਦਾ ਪੂਰਾ ਹਾਲ ਨਹੀਂ ਮਿਲਦਾ। ਐਚ.ਏ.ਰੋਜ਼ ਦੀ "ਏ ਗਲਾਸ਼ਰੀ ਆਫ ਟਰਾਈਬਜ਼ ਐਂਡ ਕਾਸਟਸ" ਵਿਚ ਕੇਵਲ ਇਕ ਸਫ਼ੇ ਦੇ ਕਰੀਬ ਲਿਖਿਆ ਹੈ। ਮਹਾਨ ਕੋਸ਼ ਭਾਈ ਕਾਹਨ ਸਿੰਘ ਨਾਭਾ ਵਿਚ ਕੇਵਲ ਕੁਝ ਲਾਈਨਾਂ ਹਨ। ਇਸ ਪਖੋਂ ਇਹ ਇਕ ਮੁਢਲਾ ਕਦਮ ਹੈ ਜਿਸ ਤੇ ਹੋਰ ਕੰਮ ਕਰਨ ਦੀ ਕਾਫੀ ਅਵੱਸ਼ਕਤਾ ਹੈ।

ਇਸ ਕੋਸ਼ ਵਿਚ ਕੇਵਲ 150 ਦੇ ਕਰੀਬ ਨਾਂ ਦਿੱਤੇ ਹਨ। ਕਈ ਗਲਾਂ ਕਾਫੀ ਵਾਦ-ਵਿਵਦ ਵਾਲੀਆਂ ਵੀ ਹਨ। ਇਸ ਕਰਕੇ ਇਹ ਜ਼ਰੂਰੀ ਨਹੀਂ ਕਿ ਇਸ ਵਿਚ ਦਸੇ ਵਿਚਾਰਾਂ ਤੇ ਸਾਰੇ ਸਹਿਮਤ ਹੋਣ। ਭਾਟੜਾ ਸ਼ਬਦ ਹੀ ਲੈ ਲਵੋ। ਇਥੇ ਦਸਿਆ ਹੈ ਕਿ "ਭਾਟ", "ਭਾਟੜਾ" ਅਤੇ "ਭੱਟ" ਸਮਾਨੰਤਰ ਸ਼ਬਦ ਹਨ। ਇਸ ਤੇ ਵਧੇਰੇ ਖੋਜ ਦੀ ਲੋੜ ਹੈ।

ਆਮ ਤੌਰ ਤੇ ਕੋਸ਼ ਲਿਖਣ ਲਈ ਬਹੁਤ ਸਾਧਨਾਂ ਦੀ ਲੋੜ ਹੁੰਦੀ ਹੈ। ਯੂਨੀਵਰਸਿਟੀਆਂ ਦੇ ਉਚੇਚੇ ਅਸਥਾਪਤ ਕੀਤੇ ਵਿਭਾਗ ਕਈ ਸਾਲਾਂ ਦੀ ਮਿਹਨਤ ਪਿਛੋਂ ਕੋਸ਼ ਲਿਖਣ ਦਾ ਹੀਆ ਕਰਦੇ ਹਨ। ਹੱਥਲਾ ਕੋਸ਼ ਗਿਆਨੀ ਸਮੁੰਦਰ ਸਿੰਘ, ਪ੍ਰਧਾਨ ਭਾਟੜਾ ਬਰਾਦਰੀ, ਪਟਿਆਲਾ ਦੇ ਯਤਨਾਂ ਦਾ ਫਲਸਰੂਪ ਹੈ। ਬਹੁਤ ਸੀਮਤ ਸਾਧਨਾ ਨਾਲ ਪੁਸਤਕ ਤਿਆਰ ਕੀਤੀ ਹੈ। ਇਹ ਸਭ ਕੁਝ ਬਰਾਦਰੀ ਦੇ ਪ੍ਰਧਾਨ ਦੀ ਲਗਨ ਤੇ ਮਿਹਨਤ ਦਾ ਸਿਟਾ ਹੈ। ਇਸ ਲਈ ਉਹ ਵਧਾਈ ਦੇ ਪਾਤਰ ਹਨ।

ਇਸ ਕੋਸ਼ ਦੇ ਛਪਣ ਨਾਲ ਪੰਜਾਬੀ ਵਿਚ ਸਮੱਗਰੀ ਵਿਚ ਵਾਧਾ ਹੋਵੇਗਾ। ਮੈਨੂੰ ਆਸ ਹੈ ਕਿ ਇਸ ਤੋਂ ਇਤਿਹਾਸਕ ਖੋਜ ਕਰਨ ਵਾਲੇ ਜ਼ਰੂਰ ਲਾਭ ਉਠਾਉਣਗੇ।

ਮਿਤੀ—2-9-80

ਕਿਰਪਾਲ ਸਿੰਘ
ਸੀ-29, ਪੰਜਾਬੀ ਯੂਨੀਵਰਸਿਟੀ ਕੈਂਪਸ
ਪਟਿਆਲਾ—147002

Digitized by Panjab Digital Library | www.panjabdigilib.org

ਦੋ ਸ਼ਬਦ

ਸ. ਸਮੁੰਦਰ ਸਿੰਘ 'ਹਿਸਟੋਰੀਅਨ' ਦੁਆਰਾ ਤਿਆਰ ਕੀਤਾ 'ਭਾਟੜਾ ਸੰਪ੍ਰਦਾਇ ਕੋਸ਼' ਸਿੱਖ ਸਾਹਿੱਤ ਨੂੰ ਇਕ ਵਡਮੂਲੀ ਦੇਣ ਹੈ। ਭਾਵੇਂ ਮਹਾਨ ਕੋਸ਼ ਤੋਂ ਪਹਿਲਾਂ ਸਿਖ ਸਾਹਿੱਤ ਅਤੇ ਖਾਸ ਕਰਕੇ ਗੁਰਬਾਣੀ ਨਾਲ ਸੰਬੰਧਿਤ ਅੰਦਰਾਜਾਂ ਦੇ ਕੁਝ ਕੁ ਕੋਸ਼ ਪਹਿਲਾਂ ਛਪ ਚੁਕੇ ਸਨ, ਪਰ ਇਸ ਖੇਤਰ ਵਿਚ ਭਾਈ ਕਾਨ੍ਹ ਸਿੰਘ ਦਾ ਉਦਮ ਸ਼ਲਾਘਾ-ਯੋਗ ਹੈ। ਸ. ਸਮੁੰਦਰ ਸਿੰਘ ਹੋਰਾਂ ਦੇ ਯਤਨ ਨਾਲ ਇਸ ਖੇਤਰ ਵਿਚ ਹੋਰ ਵਾਧਾ ਹੋਇਆ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਇਹ ਕੋਸ਼ ਆਕਾਰ ਵਜੋਂ ਛੋਟਾ ਹੈ, ਪਰ ਭਾਟੜਾ ਸੰਪ੍ਰਦਾਇ ਨਾਲ ਸੰਬੰਧਿਤ ਹੋਣ ਕਾਰਣ ਕੇਵਲ ਉਹੀ ਅੰਦਰਾਜ ਇਸ ਵਿਚ ਲਏ ਗਏ ਹਨ, ਜਿਨ੍ਹਾਂ ਦੀ ਜਾਣਕਾਰੀ ਭਾਟੜਾ ਸੰਪ੍ਰਦਾਇ ਬਾਰੇ ਆਵੱਸ਼ਕ ਸੀ। ਇਨ੍ਹਾਂ ਅੰਦਰਾਜਾਂ ਨੂੰ ਖੋਜੀ ਵਿਦਵਾਨ ਨੇ ਬੜੀ ਮਿਹਨਤ ਨਾਲ ਵਖ ਵਖ ਗ੍ਰੰਥਾਂ ਦੇ ਅਧਿਐਨ ਅਤੇ ਨਿਜੀ ਸੰਪਰਕ ਦੇ ਆਧਾਰ ਤੇ ਤਿਆਰ ਕੀਤਾ ਹੈ। ਮੈਨੂੰ ਵਿਸ਼ਵਾਸ ਹੈ ਕਿ ਭਾਟੜਾ ਸੰਪ੍ਰਦਾਇ ਬਾਰੇ ਜਾਣਨ ਦੇ ਉਤਸੁਕ ਪਾਠਕਾਂ ਅਤੇ ਖੋਜੀਆਂ ਲਈ ਇਹ ਯਤਨ ਉਪਯੋਗੀ ਸਿੱਧ ਹੋਵੇਗਾ। ਲੇਖਕ ਸਚਮੁਚ ਪ੍ਰਸੰਸਾ ਦੇ ਅਧਿਕਾਰੀ ਹਨ।

(ਰਤਨ ਸਿੰਘ ਜੱਗੀ)

ਪ੍ਰੋਫੈਸਰ ਅਤੇ ਮੁੱਖੀ
ਪੰਜਾਬੀ ਸਾਹਿੱਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਮਿਤੀ—3-9-80

Digitized by Panjab Digital Library | www.panjabdigilib.org

ਜਾਣ-ਪਛਾਣ

ਕੋਸ਼ ਪਰੰਪਰਾ ਬਾਰੇ ਵਿਚਾਰ ਪ੍ਰਗਟ ਕਰਦਿਆਂ ਗਿਆਨੀ ਸਮੁੰਦਰ ਸਿੰਘ ਨੇ ਲਿਖਿਆ ਹੈ ਕਿ ਪੁਰਾਤਨ ਭਾਰਤੀ ਸਮਾਜ ਵਿਚ ਵੇਦਾਂ ਦੇ ਵਿਆਖਿਆਕਾਰ ਨੂੰ ਹੀ ਭੱਟ ਤਥਾ ਭਾਟ ਦਾ ਸਨਮਾਨਤ ਦਰਜਾ ਪ੍ਰਾਪਤ ਸੀ। ਵੇਦ ਮੰਤਰਾਂ ਨੂੰ ਕੰਠਾਗਾਰ ਰਖਨ ਦਾ ਵਿਧਾਨ ਭੱਟਾਂ ਨੇ ਹੀ ਪ੍ਰਚਲਤ ਰਖਿਆ ਸੀ । ਇਸ ਪ੍ਰਸੰਗ ਵਿਚ ਭੱਟਾਂ ਜਾਂ ਭਾਟੜਿਆਂ ਦੀ ਭਾਰਤੀ ਸਭਿਆਚਾਰ ਨੂੰ ਦੇਣ ਮਹਾਨ ਹੈ ।

ਕੋਸ਼ ਦਾ ਸੰਕਲਨ ਅਤਿਅੰਤ ਕਠੋਰ ਲਗਨ ਅਤੇ ਆਤਮ ਸਮਰਪਨ ਦੀ ਮੰਗ ਕਰਦਾ ਹੈ। ਮੌਲਿਕ ਰਚਨਾ ਕਰਨ ਵਾਲੇ ਲੇਖਕ ਨੇ ਆਪਣੇ ਅਨੁਭਵ ਸੁਤੇ ਸਿੱਧ ਪਾਣੀ ਦੇ ਵਹਿਣ ਵਾਂਗ ਪ੍ਰਗਟ ਕਰਨੇ ਹੁੰਦੇ ਹਨ ਪਰੰਤੂ ਕੋਸ਼ ਦਾ ਸੰਕਲਨ ਕਰਤਾ ਜਾਂ ਸੰਪਾਦਕ ਕਲਪਨਾ ਦੇ ਆਸਰੇ ਨਹੀਂ ਚਲ ਸਕਦਾ। ਹਰ ਸ਼ਬਦ ਦੀ ਵਿਆਖਿਆ ਦੇਣ ਸਮੇਂ ਉਸ ਨੇ ਸ਼ਬਦ ਦੇ ਇਤਿਹਾਸ ਅਤੇ ਪਿਠਭੂਮੀ ਨੂੰ ਖੋਜ ਕੇ ਕਲਮਬੰਦ ਕਰਨਾ ਹੁੰਦਾ ਹੈ। ਸ਼ਬਦਾਂ ਦੇ ਧਾਤੂ ਅਤੇ ਵਿਯੁਤਪਤਿ ਜਾਂ ਨਿਰੁਕਤੀ ਦੱਸ ਕੇ ਅਰਥ ਸਪਸ਼ਟ ਕਰਨੇ ਹੁੰਦੇ ਹਨ। ਅਨੇਕ ਅਰਥਾਂ ਵਾਲੇ ਸ਼ਬਦਾਂ ਦੇ ਹਰ ਅਰਥ ਨੂੰ ਨਿਖੇੜਨਾ ਹੁੰਦਾ ਹੈ। ਸ਼ਬਦਾਂ ਦੇ ਤਤਸਮ, ਅਰਧ ਤਤਸਮ ਅਤੇ ਤਦਭਵ ਰੂਪਾਂ ਨੂੰ ਦ੍ਰਿਸ਼ਟੀ ਗੋਚਰ ਰਖਣਾ ਹੁੰਦਾ ਹੈ। ਕਿਸੇ ਸੰਪ੍ਰਦਾਇ ਸਬੰਧੀ ਕੋਸ਼ ਦਾ ਸੰਕਲਨ ਹੋਰ ਵੀ ਕਠਨ ਹੋ ਜਾਂਦਾ ਹੈ ਕਿਉਂ ਜੋ ਸਰੋਤ ਸਮਗਰੀ ਸੰਕੁਚਿਤ ਹੋ ਜਾਂਦੀ ਹੈ।

ਵਿਦਵਾਨ ਕੋਸ਼ਕਾਰ ਨੇ ਹਥਲੇ ਕੋਸ਼ ਵਿਚ ਭਾਟੜਾ ਸੰਪਰਦਾਇ ਦੀ ਸਥਾਪਨਾ ਲੰਕਾ ਨਿਵਾਸੀ ਬਾਬਾ ਚੰਗਾ ਤੋਂ ਪ੍ਰਮਾਣਿਤ ਕੀਤੀ ਹੈ। ਬਾਬਾ ਚੰਗਾ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸੋਲ੍ਹਵੀਂ ਸਦੀ ਦੇ ਅਰੰਭ ਵਿਚ ਲੰਕਾ ਫੇਰੀ ਸਮੇਂ 1508 ਈਸਵੀ ਵਿਚ ਮਟੀਆ ਕਲਮ (ਬੈਟੀਕੂਲਾ) ਦੇ ਬਾਰਾਂ ਮੀਲ ਦਖਣ ਵਲ ਕੁਰੂਕਲ ਮੰਡਪ ਵਿਚ ਜੋਗੀ ਰੂਪ ਵਿਚ ਮਿਲੇ ਸਨ। ਆਪ ਨੇ ਜਪੁਜੀ ਸਾਹਿਬ ਨੂੰ ਪੰਜਾਬੀ ਅਖਰਾਂ ਤੋਂ ਸੰਗਲੀ ਅਖਰਾਂ ਵਿਚ ਕਰ ਕੇ ਪਥਰ ਦੇ ਥਮ ਤੇ ਉਕਰਾਇਆ ਸੀ। ਬਾਬਾ ਚੰਗਾ ਜੀ ਦੇ ਪੈਰੋਕਾਰਾਂ ਵਿਚੋਂ ਬਾਬਾ ਤਾਨੂ ਰਾਇ, ਡਾਡੜਾ ਦਾਸ, ਮਾਧੋ ਜੀ ਤੇ ਮਥਰਾ ਰਾਇ ਦਾ ਵੀ ਜ਼ਿਕਰ ਇਸ ਕੋਸ਼ ਵਿਚ ਕੀਤਾ ਗਿਆ ਹੈ। ਪਰੰਤੂ ਇਸ ਕੋਸ਼ ਵਿਚ ਬਹੁਤੀਆਂ ਐਂਟਰੀਆਂ ਡਸਕਾ ਜ਼ਿਲ੍ਹਾ ਸਿਆਲਕੋਟ ਦੇ ਆਸ ਪਾਸ ਦੇ ਪਿੰਡਾਂ ਦੀਆਂ ਅਤੇ ਇਹਨਾਂ ਪਿੰਡਾਂ ਦੇ ਉਘੇ ਭਾਟੜਾ ਸਜਣਾਂ ਬਾਰੇ ਹਨ। ਭਾਟੜਾ ਸੰਗਤ ਦੀਆਂ ਪੁਰਾਤਣ ਆਬਾਦੀਆਂ ਦੇ ਕੇਵਲ ਨਾਂ ਹੀ ਗਿਣੇ ਹਨ ਉਨ੍ਹਾਂ ਦਾ ਇਤਿਹਾਸ ਉਜਾਗਰ ਨਹੀਂ ਕੀਤਾ ਗਿਆ। ਇਸੇ ਤਰਾਂ ਜਿਨ੍ਹਾਂ ਭੱਟਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਉਨ੍ਹਾਂ ਦੇ ਜਨਮ ਦੀਆਂ ਤਿਥੀਆਂ ਅਤੇ ਹੋਰ ਵੇਰਵੇ ਖੋਜਣ ਦੀ ਲੋੜ ਹੈ। ਭਾਟੜਾ ਸੰਪ੍ਰਦਾਇ ਦੀਆਂ ਜੋ ਗੋਤਾਂ ਅਤੇ ਹੋਰ ਵੇਰਵੇ ਇਬਟਸਨ ਨੇ ਆਪਣੀ ਪੁਸਤਕ ਗਲਾਸਰੀ ਆਫ ਦੀ ਟਰਾਈਬਜ਼ ਐਂਡ ਕਾਸਟਸ ਆਫ ਦੀ ਪੰਜਾਬ ਵਿਚ ਦਿੱਤੇ ਹਨ ਉਹਨਾਂ ਦੀ ਵੀ ਸੁਗੀਰਥੀ ਵਰਤੋਂ ਹਥਲੇ ਕੋਸ਼ ਵਿਚ ਕੀਤੀ ਜਾ ਸਕਦੀ ਸੀ।

ਗਿਆਨੀ ਸਮੁੰਦਰ ਸਿੰਘ ਨੇ ਭਾਟੜਾ ਸੰਪ੍ਰਦਾਇ ਨਾਲ ਸਬੰਧਤ ਸ਼ਬਦਾਂ, ਨਾਵਾਂ, ਥਾਵਾਂ, ਦੀ ਵਿਆਖਿਆ ਵਾਸਤੇ ਇਹ ਕੋਸ਼ ਇਸ ਦ੍ਰਿਸ਼ਟੀ ਨਾਲ ਤਿਆਰ ਕੀਤਾ ਹੈ ਕਿ ਇਸ ਵਿਸ਼ੇ ਉਤੇ ਭੁਲੇਖਿਆਂ ਨੂੰ ਦੂਰ ਕੀਤਾ ਜਾਵੇ ਅਤੇ ਭਾਟੜਾ ਸੰਪ੍ਰਦਾਇ ਦੇ ਭਾਰਤੀ ਸਭਿਆਚਾਰ ਨੂੰ ਯੋਗਦਾਨ ਤੇ ਪ੍ਰਕਾਸ਼ ਪਾਇਆ ਜਾਵੇ। ਭਾਵੇਂ ਇਸ ਕੋਸ਼ ਨੂੰ ਹਰ ਪਖ ਤੋਂ ਸੰਪੂਰਨ ਨਹੀਂ ਕਿਹਾ ਜਾ ਸਕਦਾ ਫਿਰ ਵੀ ਇਸ ਕੋਸ਼ ਨਾਲ ਇਸ ਵਿਸ਼ੇ ਉਤੇ ਅਧਾਰ ਸਾਮਗਰੀ ਜ਼ਰੂਰ ਇਕ ਥਾਂ ਇਕਤਰ ਹੋ ਗਈ ਹੈ ਜੋ ਭਵਿਖ ਦੇ ਖੋਜੀਆ ਅਤੇ ਕੋਸ਼ਕਾਰਾਂ ਨੂੰ ਚੰਗੀ ਸੇਧ ਦੇ ਸਕਦੀ ਹੈ। ਇਸ ਪਖ ਤੋਂ ਇਹ ਯਤਨ ਸ਼ਲਾਘਾ ਯੋਗ ਹੈ।

(ਕਪੂਰ ਸਿੰਘ ਘੁੰਮਣ)
ਡਿਪਟੀ ਡਾਇਰੈਕਟਰ
ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

ਮਿਤੀ—3-9-80

Digitized by Panjab Digital Library | www.panjabdigilib.org

ਕੋਸ਼-ਪਰੰਪਰਾ ਬਾਰੇ

ਭਾਸ਼ਾ ਵਿਗਿਆਨੀਆਂ ਨੇ ਭਾਸ਼ਾ ਦੇ ਦੋ ਮੁਖ ਅੰਗ ਮੰਨੇ ਹਨ, ਕੋਸ਼ [ਨਿਰਘੰਟੂ] ਤੇ ਪ੍ਰਾਤਿਸ਼ਾਖਾ ਅਥਵਾ ਵਿਆਕਰਨ। ਭਾਸ਼ਾ ਦੇ ਉਕਤ ਦੋਹਾਂ ਅੰਗਾਂ ਦਾ ਦਰਜਾ ਵਿਸ਼ਵ ਅਤੇ ਬਰਾਬਰ ਹੈ, ਕਿਉਂਕਿ ਇਕ ਤੋਂ ਬਗੈਰ ਦੂਜੇ ਦਾ ਗਿਆਨ ਅਧੂਰਾ ਰਹਿ ਜਾਂਦਾ ਹੈ! ਜਿਵੇਂ ਸੰਸਾਰ ਪੱਧਰ ਤੇ ਵਿਆਕਰਣ [ਗਰੈਮਰ] ਦੇ ਪਹਿਲੇ ਮੋਢੀ ਪਾਣਨੀ ਰਿਸ਼ੀ ਮੰਨੇ ਜਾਂਦੇ ਹਨ ਤਿਵੇਂ ਨਿਰਘੰਟੂ ਦੀ ਰਚਨਾ ਕਸ਼ਯਪ ਰਿਖੀ ਜੀ ਦਾ ਉਪਕਾਰ ਹੈ।

ਵੇਦਕਾਲ ਵਿਚ ਰਚੇ ਗਏ ਕੋਸ਼ਾਂ ਨੂੰ ਸੰਸਕਰਿਤ ਵਿਚ ਨਿਰਘੰਟੂ ਕਿਹਾ ਜਾਂਦਾ ਹੈ, ਪੰਜਾਬੀ ਵਿਚ ਸ਼ਬਦ ਭੰਡਾਰ ਤੇ ਫ਼ਾਰਸੀ ਵਿਚ ਕੋਸ਼। ਪਰੰਪਰਾ ਤੋਂ ਇਹ ਰੀਤ ਇਕ ਸਾਰ ਚਲੀ ਆ ਰਹੀ ਹੈ। ਵੈਦਕ ਸ਼ਬਦਾਂ ਦੇ ਸ਼ਬਦ ਕੋਸ਼ਾਂ ਨੂੰ ਅੱਜ ਵੀ ਨਿਰਘੰਟੂ ਨਾਮ ਤੋਂ ਹੀ ਜਾਣਿਆ ਜਾਂਦਾ ਹੈ। ਵੈਸੇ ਸ਼ਬਦ ਕੋਸ਼ਾਂ ਦੇ ਕਈ ਨਾਮ ਦੇਖਣ ਵਿਚ ਆਏ ਹਨ— ਯਥਾ : ਨਿਰੁਕਤ, ਮੰਜਰੀ, ਨਾਮਮਾਲਾ, ਨਿਰਘੰਟੂ, ਕੋਸ਼, ਗਲਾਸਰੀ, ਖਾਲਕ ਬਾਰੀ, ਲੁਗਾਤਾਂ, ਸ਼ਬਦਾਰਥ, ਪ੍ਰਯਾਇ ਆਦਿ।

ਕੋਸ਼ ਸ਼ਬਦ ਦੇ ਅਰਥ ਹਨ— (੧) ਉਹ ਥਾਂ ਜਿਥੇ ਰਖੀ ਵਸਤੂ ਸੁਰਖਿਅਤ ਰਹੇ, (੨) ਤੇਗ ਦਾ ਮਿਆਨ (ਕੋਸ਼), (੩) ਖਜਾਨਾ, (੪) ਇਕ ਪ੍ਰਕਾਰ ਦਾ ਪਰਦਾ (ਗਿਲਾਫ), (੫) ਸੰਦੂਖ।*

ਵੇਦਾਂ ਦੀ ਭਾਸ਼ਾ ਸੰਸਕਰਿਤ ਸੰਸਾਰ ਪੱਧਰ ਤੇ ਪੁਰਾਣੀ ਤੇ ਇਕ ਪ੍ਰਮੁਖ ਭਾਸ਼ਾ ਮੰਨੀ ਜਾਂਦੀ ਹੈ। ਕਲਪਤ ਤੌਰ ਤੇ ਭਾਵੇਂ ਵੇਦਾਂ ਨੂੰ ਈਸ਼ੂਰ ਕਿਰਤ ਵੀ ਕਿਹਾ ਜਾਂਦਾ ਹੈ। ਪਰ ਪੜਚੋਲ ਕਰਨ ਤੇ ਸਾਫ਼ ਸਿੱਧ ਹੋ ਜਾਂਦਾ ਹੈ ਕਿ ਵੇਦ ਈਸ਼ੂਰ ਕਿਰਤ ਨਹੀਂ ਸਗੋਂ ਮਾਨਵ ਕਿਰਤ ਹਨ। ਕਿਉਂਕਿ ਕਈ ਰਿਸ਼ੀਆਂ ਦੇ ਨਾਮ ਵੇਦਾ ਵਿਚ ਮੌਜੂਦ ਹਨ ਜੋ ਪਰਖ ਕਰਣ ਲਈ ਪੜ੍ਹੇ ਜਾ ਸਕਦੇ ਹਨ। ਸਾਨੂੰ ਭਾਰਤੀਆਂ ਨੂੰ ਵੇਦਾਂ ਤੇ ਇਸ ਲਈ ਵੀ ਪੂਰਨ ਮਾਣ ਹੈ ਕਿ ਸਾਡੇ ਪੁਰਾਤਨ ਰਿਸ਼ੀਆਂ-ਮੁਨੀਆਂ ਨੇ ਹੀ ਵੇਦਾਂ ਦੀ ਰਚਨਾ ਕੀਤੀ ਅਤੇ ਇਨ੍ਹਾਂ ਦਾ ਸਨਮਾਨ ਸੰਸਾਰ ਪੱਧਰ ਤੇ ਅੱਜ ਵੀ ਪ੍ਰਤੱਖ ਉਜਾਗਰ ਹੈ। ਵੇਦਾਂ ਵਿਚੋਂ ਪੁਰਾਤਨ ਪ੍ਰਸੰਗਾਂ ਦੇ ਸੁਮਾਸ [ਸੋਮੇ] ਪ੍ਰਾਪਤ ਹੋਣ ਕਰ ਕੇ ਹੀ ਵੇਦਾਂ ਨੂੰ ਸੰਸਾਰ ਦੀ ਹਰ ਪ੍ਰਮੁੱਖ ਭਾਸ਼ਾ ਵਿਚ ਭਾਸ਼ਾ-ਵਿਗਿਆਨੀਆਂ ਨੇ ਅਨੁਵਾਦ ਕੀਤਾ ਹੈ। ਸੰਸਕਰਿਤ ਸਾਹਿਤ ਵਿਚ ਵਿਸ਼ਵ ਮਾਨਤਾ ਵੇਦਾਂ ਦੀ ਹੀ ਪੁਰਾਣੇ ਸਮੇਂ ਤੋਂ ਚਲੀ ਆ ਰਹੀ ਹੈ ਅਤੇ ਵੇਦਾਂ ਦੇ ਵਿਆਖਿਆਕਾਰ ਨੂੰ ਹੀ ਭੱਟ ਤਥਾ ਭਾਟ ਦਾ ਸਨਮਾਨਤ ਦਰਜਾ ਪ੍ਰਾਪਤ ਸੀ। ਵੇਦ ਮੰਤਰਾਂ (ਸ਼ਬਦਾਂ) ਨੂੰ ਕੰਠਾਗਰ (ਜ਼ਬਾਨੀ ਯਾਦ) ਰੱਖਣ ਦਾ ਹੀ ਵਿਧਾਨ ਸਦੀਆਂ ਤਕ ਪ੍ਰਚਲਤ ਰਿਹਾ। ਇਸ ਰੀਤੀ ਅਨੁਸਾਰ ਕੰਠ ਕੀਤੇ ਸਲੋਕ ਭੁੱਲ ਵੀ ਜਾਇਆ ਕਰਦੇ ਸਨ ਅਤੇ ਭੁਲਿਆਂ ਵਿਚ ਭੁਲੇਖਾ ਵੀ ਰੱਲ ਜਾਂਦਾ ਸੀ। ਇਸ ਲਈ ਸਿਆਣੇ ਰਿਸ਼ੀਆਂ ਨੇ ਤਾੜ ਤੇ ਭੋਜ ਪੱਤਰਾਂ ਪਰ ਲਿਖਣ

---

* ਦੇਖੋ-ਸੰਖਿਆਂ ਕੋਸ਼— ਸ. ਗੁਰਬਖਸ਼ ਸਿੰਘ ਜੀ ਕੇਸਰੀ ਪੰਨਾ ੬੫

Digitized by Panjab Digital Library | www.panjabdigilib.org

ਦੀ ਰੀਤ ਕਾਇਮ ਕੀਤੀ। ਸਮੇਂ ਦੇ ਫੇਰ ਨਾਲ ਜਦੋਂ ਇਹ ਲਿਖਤਾਂ ਵੀ ਸਮਝਣੀਆਂ ਔਖੀਆਂ ਹੋ ਗਈਆਂ ਤਾਂ ਕਸ਼ਯਪ ਮੁਨੀ ਜੀ ਨੇ ਔਖੇ ਮੰਤਰ (ਸਲੋਕਾਂ) ਦਾ ਵੇਦਾਂ ਵਿਚੋਂ ਸੰਗ੍ਰਹਿ ਕਰ ਕੇ ਪਹਿਲਾ ਨਿਰਘੰਟੂ (ਕੋਸ਼) ਲਿਖਿਆ। ਸਮਾਂ ਪਾ ਕੇ ਜਦੋਂ ਨਿਰਘੰਟੂ ਦੇ ਅਰਥ ਸਮਝਣੇ ਔਖੇ ਹੋ ਗਏ ਤਾਂ ਯਾਸ਼ਕ ਰਿਸੀ ਨੇ ਕਸ਼ਯਪ ਰਿਸ਼ੀ ਦੇ ਲਿਖੇ ਨਿਰਘੰਟੂ ਦਾ ਭਾਸ਼ਯ (ਟੀਕਾ) ਤਿਆਰ ਕਰ ਕੇ ਨਿਰੁਕਤ ਨਾਮ ਰੱਖਿਆ(A)* ਜਿਸ ਵਿਚ ਵਿਸਥਾਰਕ ਵਿਆਖਿਆ ਕੀਤੀ ਮਿਲਦੀ ਹੈ। ਰਿੱਗ ਸਾਹਿੰਤਾਂ ਦੇ ਸਮੇਂ (ਪੂਰਬ ਕਾਲ ਵਿਚ) ਸਭ ਤੋਂ ਪਹਿਲਾਂ ਨਿਰਘੰਟੂ ਤੇ ਨਿਰੁਕਤ ਨਾਮਾਂ ਤੋਂ ਦੋ ਸ਼ਬਦ ਭੰਡਾਰਾਂ ਦੀ ਹੋਂਦ ਪ੍ਰਾਪਤ ਹੁੰਦੀ ਹੈ। ਬ੍ਰਾਹਮਣ ਕਾਲ ਵਿਚ ਅਨੇਕਾਰਥ ਕੋਸ਼, ਪਦਮ ਚੰਦਰ ਕੋਸ਼, ਅਮਰ ਕੋਸ਼, ਅਭਿਧਾਨ ਚਿੰਤਾਮਨੀ, ਸੰਸਕ੍ਰਿਤ ਪਾਰਸੀਕ ਪਦ ਪ੍ਰਕਾਸ਼, ਵਾਚਸਪਤਯ ਕੋਸ਼, ਧਾਤੂ ਰੁਪਾਕਰ ਆਦਿ ਸੰਸਕ੍ਰਿਤ ਦੇ ਕੋਸ਼ ਹੋਂਦ ਅੰਦਰ ਆਏ। ਸੋਲਵੀਂ-ਸਤਾਰਵੀਂ ਸਦੀ ਈਸਾ ਨੇ ਬ੍ਰਿਜ ਭਾਸ਼ਾ ਵਿਚ ਮੋੜਾ ਲਿਆਂਦਾ ਤਾਂ ਮਹਾਂ ਕਵੀ ਨੰਦ ਦਾਸ ਨੇ ਅਨੇਕਾਰਥ ਕੋਸ਼ ਨਿਰਣੇ ਅਤੇ ਨਾਮ ਮਾਲਾ ਕੋਸ਼ ਕਾਵਿ ਤਰੰਗ ਅੰਦਰ ਗੁੰਥਨ ਕੀਤੇ।

ਤੁਗਲਕ ਕਾਲ ਵਿਚ ਅਮੀਰ ਖੁਸਰੋ ਨੇ ਖਾਲਕ ਬਾਰੀ (B) ਨਵੀਂ ਕਿਸਮ ਦਾ ਹਿੰਦੁਸਤਾਨੀ ਕੋਸ਼ ਉਸਾਰਿਆ ਜਿਸ ਦੀ ਸਰਲ ਤੇ ਸੁਆਦਲੀ ਫ਼ਾਰਸੀ ਨਜ਼ਮ ਨੇ ਫ਼ਾਰਸੀ ਵਿਦਿਆਰਥੀਆਂ ਨੂੰ ਆਪਣੇ ਵਿਚ ਸਮੋ ਕੇ ਨਸ਼ਿਆ ਦਿਤਾ। ਇਸ ਦੇ ਨਾਲ ਹੀ ਲੁਗਾਤੇ ਫਿਰੋਜ਼ੀ ਫਾਰਸੀ, ਲੁਗਾਤੇ ਕਰੀਮੀ ਫ਼ਾਰਸੀ ਅਤੇ ਕਈ ਉਰਦੂ ਲੁਗਾਤਾਂ ਹੋਂਦ ਵਿਚ ਆਈਆਂ। ਸਤਾਰਵੀਂ ਸਦੀ ਵਿਚ ਪੰਜਾਬ ਵਿਚ ਪੰਜਾਬੀ ਸ਼ਬਦ ਭੰਡਾਰ ਦਾ ਦੌਰ ਚਲਿਆ, ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਬਵੰਜਾ ਕਵੀਆਂ ਵਿਚੋਂ ਕਵੀ ਟਹਿਕਨ ਜੀ ਨੇ 'ਰਤਨ ਨਾਮ ਕੋਸ਼' ਦਾ ਸ੍ਰੀ ਗਨੇਸ਼ ਕੀਤਾ। ਸਿਖ ਰਾਜ ਸਮੇਂ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਨੇ ਸੰਸਕ੍ਰਿਤ ਦੇ ਅਮਰ ਕੋਸ਼ ਨੂੰ ਅਨੁਵਾਦ ਕੇ ਪੰਜਾਬੀ ਅੱਖਰਾਂ ਵਿਚ 'ਨਾਮ ਕੋਸ਼' ਦੇ ਨਾਮ ਤੋਂ ਉਜਾਗਰ ਕੀਤਾ। ਇਸ ਤੋਂ ਬਾਅਦ ਪੰਜਾਬੀ ਕੋਸ਼ਾਂ ਦਾ ਵਿਕਾਸ ਅਨੇਕ ਨਾਮਾਂ ਤੋਂ ਦੇਖਣ ਵਿਚ ਆਇਆ ਹੈ।

ਯਥਾ: 1. ਕਲਪ ਦਰਮਕੋਸ਼-	ਸਾਧੂ ਅਮੀਰ ਦਾਸ ਉਦਾਸੀ
2. ਪ੍ਰਯਾਯ ਆਦਿ ਗੁਰੂ ਗ੍ਰੰਥ ਸਾਹਿਬ :	ਭਾਈ ਚੰਦਾ ਸਿੰਘ ਜੀ
3. ,, ,,	ਸੰਤ ਸੁਤੇ ਪ੍ਰਕਾਸ਼ ਜੀ
4. ,, ,,	ਭਾ. ਰੱਣ ਸਿੰਘ ਜੀ
5. ,, ,,	ਭਾ. ਸ਼ਾਮ ਸਿੰਘ ਜੀ
6. ,, ,,	ਸੰਤ ਗੋਬਿੰਦ ਦਾਸ ਉਦਾਸੀ
7. ਗੁਰੂ ਗੁਣਾਰਥ ਕੋਸ਼ :	ਪੰਡਿਤ ਤਾਰਾ ਸਿੰਘ ਨਰੋਤਮ
8, ਸ੍ਰੀ ਗੁਰੂ ਗ੍ਰੰਥ ਪਦਾਰਥ ਪ੍ਰਕਾਸ਼ :	ਭਾਈ ਭਗਵਾਨ ਸਿੰਘ ਮਜੀਠੀਆ
9. ਕੋਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ :	ਭਾਈ ਬਿਸ਼ਨ ਸਿੰਘ ਉਦਾਸੀ
10. ਗੁਰੂਬਾਣੀ ਅਦ੍ਭੁਤੀ ਕੋਸ਼ :	ਭਾਈ ਰਾਮ ਸਿੰਘ ਬੰਡਲਾ (C)

---

* A ਪੜ੍ਹੋ – ਹਿੰਦੂ ਮਿਥਿਹਾਸ ਕੋਸ਼ : ਲੇਖਕ ਜੌਨ ਡਾਊਸਨ (ਪੰਨਾ 132 ਤੇ 133)।

B ਪੜ੍ਹੋ— ਸਮਅਰਥ ਕੋਸ਼ : ਸਿੰਘ ਸਾਹਿਬ ਗਿ. ਕਿਰਪਾਲ ਸਿੰਘ ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ,ਅੰਮ੍ਰਿਤਸਰ।

C ਦੇਖੋ— (ਨੰਬਰ 2 ਤੋਂ 10 ਤਕ) ਗਰਬਾਣੀ ਕੋਸ਼ ਪ੍ਰੋ. ਪਿਆਰਾ ਸਿੰਘ ਜੀ ਪਦਮ (ਪੰਨਾ 24)।

Digitized by Panjab Digital Library | www.panjabdigilib.org

ਉਪਰੋਕਤ ਕੋਸ਼ਾਂ ਤੋਂ ਇਲਾਵਾ ਹੇਠ ਲਿਖੇ ਪ੍ਰਸਿਧ ਕੋਸ਼ ਵੀ ਹੋਂਦ ਵਿਚ ਆ ਚੁਕੇ ਹਨ*—

1. ਨਿਰਘੰਟੂ (ਆਯੁਰਵੈਦ ਕੋਸ਼- ਔਸ਼ਦੀ ਭੰਡਾਰ)
2. ਏਕਾਰਥ ਨਿਮਾਵਲੀ ਕੋਸ਼— ਅਨੁਵਾਦ : ਪੰ. ਤਾਰਾ ਸਿੰਘ ਨਰੋਤਮ
3. ਗੁਰਸ਼ਬਦ ਰਤਨਾਕਰ (ਮਹਾਨ ਕੋਸ਼)— ਭਾ. ਕਾਨ੍ਹ ਸਿੰਘ ਨਾਭਾ
4. ਹਿੰਦੂ ਮਿਥਿਹਾਸ ਕੋਸ਼ ਲੇਖਕ ਜੌਨ ਡੋਸਨ
5. ਭਾਰਤੀ ਲਿੱਪੀ ਮਾਲਾ — ਗੌਰੀ ਸ਼ੰਕਰ ਹੀਰਾ ਚੰਦ ਓਝਾ
6. ਅੰਗਰੇਜ਼ੀ ਪੰਜਾਬੀ ਕੋਸ਼— ਪੰਜਾਬੀ ਯੂਨੀਵਰਸਿਟੀ ਪਟਿਆਲਾ
7. ਪਾਰਿਭਾਸ਼ਕ ਸ਼ਬਦ ਸੰਗ੍ਰਹਿ — ਪ੍ਰੋ ਪਿਆਰਾ ਸਿੰਘ ਤੇ ਸ. ਮਹਿੰਦਰ ਸਿੰਘ ਜੀ
8. ਮੁਹਾਵਰਾ ਅਖਾਨ ਕੋਸ਼— ਡਾ. ਤਾਰਨ ਸਿੰਘ ਤੇ ਸ. ਦਰਸ਼ਨ ਸਿੰਘ ਜੀ
9. ਪੰਜਾਬੀ ਪਰਿਆਇ ਤੇ ਵਿਪਰਿਆਇ ਕੋਸ਼ — ਪ੍ਰੋ. ਗੁਲਵੰਤ ਸਿੰਘ ਜੀ
10. ਸ੍ਰੀ ਗੁਰੂ ਗ੍ਰੰਥ ਕੋਸ਼ (ਤਿੰਨ ਭਾਗ)—ਖਾਲਸਾ ਟ੍ਰੈਕਟ ਸੁਸਾਇਟੀ-ਭਾ, ਵੀਰ ਸਿੰਘ ਜੀ
11. ਗੁਰੂਬਾਣੀ ਕੋਸ਼— ਪ੍ਰੋ. ਪਿਆਰਾ ਸਿੰਘ ਜੀ ਪਦਮ
12. ਸੰਖਿਆਂ ਕੋਸ਼ — ਸ. ਗੁਰਬਖਸ਼ ਸਿੰਘ ਜੀ ਕੇਸਰੀ
13. ਸਮਅਰਥ ਕੋਸ਼ — ਸਿੰਘ ਸਾਹਿਬ ਗਿ. ਕਿਰਪਾਲ ਸਿੰਘ ਜੀ ਹੈਡ ਗ੍ਰੰਥੀ ਦਰਬਾਰ ਸਾਹਿਬ, ਅੰਮ੍ਰਿਤਸਰ
14. ਪੰਜਾਬੀ ਸ਼ਬਦ ਜੋੜ ਕੋਸ਼ — ਪੰਜਾਬੀ ਯੂਨੀਵਰਸਿਟੀ, ਪਟਿਆਲਾ
15. ਸ਼ਬਦਾਰਥ (ਆਦਿ ਗ੍ਰੰਥ ੪ ਭਾਗ) ਪ੍ਰਿੰ. ਤੇਜ਼ਾ ਸਿੰਘ ਜੀ
16. ਗੁਰਮਤ ਮਾਰਤੰਡ (ਦੋ ਭਾਗ) — ਭਾ. ਕਾਨ੍ਹ ਸਿੰਘ ਜੀ ਨਾਭਾ
17. ਗੁਰਮਤ ਮਾਰਤੰਡ ਨਿਰਣੇ (ਦੋ ਭਾਗ) — ਗਿ. ਲਾਲ ਸਿੰਘ ਸੰਗਰੂਰ
18. ਨਾਵਾਂ ਥਾਵਾਂ ਦਾ ਕੋਸ਼ — ਮਾਸਟਰ ਮਹਿਤਾਬ ਸਿੰਘ ਜੀ
19. ਗੁਰਬਾਣੀ ਖੋਜ ਕੋਸ਼ — ਸੰਤ ਗੁਰਮੁਖ ਸਿੰਘ ਨਿਰਮਲੇ
20. ਸਰਬਲੋਹ ਗ੍ਰੰਥ (ਮੁਕੰਮਲ ਸ਼ਬਦਾਰਥ) — ਭਾ. ਜੋਧ ਸਿੰਘ ਜੀ
21. ਗੁਰਬਾਣੀ ਦਾ ਸ਼ੁਧ ਉਚਾਰਨ
22. ਕਲਿਆਨ ਦਾ ਤੀਰਥ ਅੰਕ

ਮੌਜੂਦਾ ਸਮੇਂ ਅੰਦਰ ਭਾਸ਼ਾ ਵਿਭਾਗ ਪੰਜਾਬ ਤੇ ਭਾਰਤੀ ਯੂਨੀਵਰਸਿਟੀਆਂ ਨੇ ਅਨੇਕਾਂ ਨਵੇਂ ਕੋਸ਼ ਹੋਂਦ ਅੰਦਰ ਲਿਆ ਕੇ ਉਤਮ ਉਪਰਾਲਾ ਕੀਤਾ ਹੈ। ਪ੍ਰਾਪਤ ਕੋਸ਼ਾ ਅੰਦਰ ਕਿਤੇ ਕਿਤੇ ਭਾਟੜਾ ਸੰਗਤਿ ਦੇ ਇਤਿਹਾਸਕ ਸੋਮਿਆਂ ਵਿਚ ਮਿੱਥਿਹਾਸਕ ਤੇ ਕਲਪਤ ਸੁਮਾਸ ਵੀ ਮਿਲਾਨ ਕੀਤੇ ਪਏ ਹਨ, ਜਿਨ੍ਹਾਂ ਨੂੰ ਅੱਜ ਤਕ ਕਿਸੇ ਵਿਦਵਾਨ ਨੇ ਯੋਗਤਾ ਨਾਲ ਨਖੇੜ ਕੇ ਨਿਰਣਾਂ ਕਰਨ ਦਾ ਉਪਰਾਲਾ ਨਹੀਂ ਕੀਤਾ। ਇਨ੍ਹਾਂ ਕਸ਼ਟਾਵਲੀਆਂ ਨੂੰ ਸਾਹਮਣੇ ਰੱਖ ਕੇ ਭਾਟੜਾ ਸੰਗਤਿ ਸਭਾ ਪਟਿਆਲਾ ਨੇ 'ਭਾਟੜਾ ਸੰਪ੍ਰਦਾਇ-ਕੋਸ਼' ਪ੍ਰਕਾਸ਼ ਕੇ ਵਿਦਵਾਨਾਂ ਨੂੰ ਭੇਟਾ ਕਰਨ ਦਾ ਹੌਂਸਲਾ ਧਾਰਿਆ ਹੈ। ਇਹ ਆਸ ਕੀਤੀ ਜਾਂਦੀ ਹੈ ਕਿ ਜਿਥੇ ਪੜਚੋਲੀਏ ਲੇਖਕ ਭਾਟੜਾ ਸੰਗਤਿ ਬਾਰੇ ਆਪਣੀਆਂ ਰਚਨਾਵਾਂ ਵਿਚ ਇਸ ਸੰਗ੍ਰਹਿ ਸਮਗਰੀ ਨੂੰ ਵਰਤ ਕੇ ਲਾਭ ਪ੍ਰਾਪਤ ਕਰਨਗੇ ਉਥੇ ਇਸ ਸੰਪ੍ਰਦਾਇ ਬਾਰੇ ਪਾਏ ਤੇ ਪਏ ਭੁਲੇਖਿਆਂ ਦਾ ਵੀ ਸਦਾ ਵਾਸਤੇ ਖਾਤਮਾਂ ਹੋ ਜਾਵੇਗਾ।

---

* ਨੋਟ : ਲੇਖਕ ਦੀ ਨਿਜੀ ਲਾਇਬਰੇਰੀ ਗੁਰਬਚਨ ਪੁਸਤਕਾਲਿਯਾ ਅੱਬਚਲ ਨਗਰ ਪਟਿਆਲਾ ਵਿਚ ਇਹ ਸਾਰੇ ਕੋਸ਼ ਪ੍ਰਾਪਤ ਹਨ।

Digitized by Panjab Digital Library | www.panjabdigilib.org

ਭਾਟੜਾ ਸੰਪ੍ਰਦਾਇ-ਕੋਸ਼ ਦੀ ਕਿਉਂ ਲੋੜ ਪਈ :

1 ਵੈਸਾਖ ਸੰਮਤ 1756 ਬਿ. (30 ਮਾਰਚ ਸੰਨ 1699 ਈ.) ਨੂੰ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਆਮ ਸੰਗਤਾਂ ਦੇ ਸੁਮੇਲ ਵਿਚ 'ਭਾਟ ਸੰਗਤਿ' ਨੇ ਵੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕਿਆ। ਅੰਮ੍ਰਿਤ ਛਕਣ ਉਪਰੰਤ ਗੋਤਾਂ-ਜਾਤਾਂ ਦਾ ਜੂਲਾ ਲਾਹ ਕੇ ਭਾਟੜਾ ਸਿੰਘ ਵੀ ਖਾਲਸਾ ਸਵਰੂਪ ਵਿਚ ਸਜ ਗਏ ਅਤੇ ਖਾਲਸਾ ਗੋਤ ਦੇ ਹੀ ਵਰਤੋਂ ਵਿਹਾਰ ਵਿਚ ਪ੍ਰਵੇਸ਼ ਹੋ ਗਏ। ਇਸ ਦੀ ਇਕ ਉਧਾਰਣ ਅਸੀਂ ਆਪਣੇ ਨਿਜੀ ਇਤਿਹਾਸ 'ਸ੍ਰੀ ਗੁਰੂ ਅੰਮ੍ਰਿਤ ਸਰ ਅੰਮ੍ਰਿਤ ਪ੍ਰਕਾਸ਼' ਵਿਚੋਂ ਪੇਸ਼ ਕਰਦੇ ਹਾਂ। ਯਥਾ :—

ਬੰਸ ਭਾਟੜਾ ਜਿਸ ਭਇਓ - ਸੋ ਕਾਰਨ ਕਹਿ ਦੀਨ।
ਅੱਬ ਅੰਮ੍ਰਿਤਧਾਰੀ ਸਿੰਘ ਸਭ ਸੋਢ ਬੰਸ ਲੱਖ ਲੀਨ। 56
ਜਾਤ ਪਾਤ ਗੁਰਸਿੱਖ ਨਹਿ—ਨਹਿ ਨਿੰਦਿਆ ਮੁਖ ਗਾਇ।
ਨਿੰਦਕ ਗੁਰ ਕੋ ਸਿੱਖ ਨਹਿ— ਯਾ ਮੈਂ ਸੰਸਾਂ ਨਾਹਿ। 57।
ਪੂਰਬ ਕੀ ਜੋ ਗਾਥ ਸਭ—ਭਾਖ ਸੁਨਾਈ ਸਾਫ।
ਜਬਕਾ ਅੰਮ੍ਰਿਤ ਛਕ ਲਿਆ—ਭਈ ਖਾਲਸਾ ਜਾਤ। 58।*

ਭਾਟੜਾ ਸੰਪ੍ਰਦਾਇ ਵਲੋਂ ਗੁਰੂ ਸਾਹਿਬਾਂ ਦੇ ਉਚੇ ਤੇ ਸੁਚੇ ਅਸੂਲਾਂ ਨੂੰ ਕਬੂਲਨ ਦਾ ਕਈ ਲਿਖਾਰੀਆਂ ਨੇ ਅਯੋਗ ਲਾਭ ਪ੍ਰਾਪਤ ਕੀਤਾ। ਉਨ੍ਹਾਂ ਜਾਤਾਂ ਗੋਤਾਂ ਦਾ ਗਿੱਲੜ ਆਪਣੇ ਗਲੇ ਨਾਲ ਜਿਉਂ ਦਾ ਤਿਉਂ ਚੰਬੇੜੀ ਰੱਖਿਆ ਅਤੇ ਜਿਥੇ ਉਨ੍ਹਾਂ ਨੇ ਆਪਣਿਆਂ ਨੂੰ ਜਾਤਾਂ ਗੋਤਾਂ ਦੀ ਮੱਫ ਵਿਚ ਸੀਤ ਕੇ ਆਪਣੇ ਗੋਤੀ (ਵੰਸੀ) ਲਿਖਿਆ, ਉਥੇ ਭਾਟੜਾ ਸੰਪ੍ਰਦਾਇ ਦੇ ਬਜ਼ੁਰਗਾਂ ਨੂੰ ਵੀ ਆਪਣੇ ਬਜ਼ੁਰਗ ਬਨਾ ਕੇ ਇਸ ਸੰਪ੍ਰਦਾਇ ਨਾਲ ਧੋਖਾ ਕੀਤਾ ਹੈ। ਦੂਜੇ ਪਾਸੇ ਭਾਟੜਾ ਸੰਪ੍ਰਦਾਯ ਸਤਾਰਾਂ ਸੌ ਛਪੰਜਾ ਤੋਂ ਅੱਜ ਤਕ ਜ਼ਾਤੀ ਬੰਧਨਾਂ ਤੋਂ ਸੁਤੰਤਰ ਹੈ। ਸਿੱਖੀ ਅਸੂਲਾਂ ਵਿਚ ਪ੍ਰਪਕ, ਪਕੇ ਅੰਮ੍ਰਿਤਧਾਰੀ ਅਤੇ ਗੁਰਮਤ ਦੇ ਪ੍ਰਚਾਰਕ ਭਾਟੜਾ ਸਿੰਘ ਕੇਵਲ ਭਾਰਤ ਵਿਚ ਹੀ ਨਹੀਂ ਵਿਦੇਸ਼ਾਂ ਵਿਚ ਵੀ ਦ੍ਰਿਸ਼ਟੀ ਗੋਚਰ ਹਨ। ਇਹ ਆਪਣੇ ਪੁਰਾਣੇ ਗੋਤ (ਬੰਸ) ਤਿਆਗ ਕੇ ਪਿਤਾ ਗੁਰੂ ਗੋਬਿੰਦ ਸਿੰਘ ਜੀ, ਮਾਤਾ ਸ੍ਰੀ ਸਾਹਿਬ ਦੇਵਾਂ ਜੀ ਵਾਸੀ ਸ੍ਰੀ ਅਨੰਦਪੁਰ ਸਾਹਿਬ ਤੇ ਗੋਤ (ਬੰਸ) ਸੋਢ ਬੰਸ (ਖਾਲਸਾ) ਹੀ ਅਜ ਤਕ ਪ੍ਰਚਾਰਦੇ ਆ ਰਹੇ ਹਨ। ਇਤਿਹਾਸਕ ਗਲਤ ਬਿਆਨੀਆਂ ਨੂੰ ਖੁਲਾਸਾ ਕਰਨ ਦਾ ਉਪਰਾਲਾ ਇਸੇ ਲਈ ਹੀ ਕਰਨਾ ਪਿਆ ਹੈ ਕਿ ਕਿਤ ਅਸਲੀਅਤ ਅਲੋਪ ਹੀ ਨਾ ਹੋ ਜਾਵੇ। ਅਸੀਂ ਭਾਟੜਾ ਸੰਪ੍ਰਦਾਇ ਕੋਸ਼ ਵਿਚ ਵਿਸਥਾ-ਰਕ ਪ੍ਰਮਾਣ ਉਹਨਾਂ ਸਤਿਕਾਰ ਯੋਗ ਲੇਖਕਾਂ ਦੇ ਹਵਾਲੇ ਦੇਕੇ ਲਿਖੇ ਹਨ ਜਿਨ੍ਹਾਂ ਦੀ ਵਿਦਵਾਨ ਸਮਾਜ ਵਿਚ ਪ੍ਰਸਿਧੀ ਹੈ ਤਾਂ ਕਿ ਪ੍ਰੌੜਤਾ ਵਿਚ ਆਏ ਪ੍ਰਸੰਗ ਪਾਰਖੂ ਪੁਰਸ਼ਾਂ ਦੀ ਨਜ਼ਰ ਵਿਚ ਪੂਰੇ ਉਤਰ ਸਕਣ।

ਭਾਟੜਾ ਸੰਗਤਿ ਵਿਚ ਗੋਤਾਂ (ਵੰਸਾ) ਕਬੂਲਨ ਦੀ ਵਧੇਰੇ ਘਾਟ ਇਸ ਲਈ ਵੀ ਪੈ ਗਈ ਕਿ ਭਾਰਤ ਦੇ ਵੱਖ ਵੱਖ ਪ੍ਰਦੇਸ਼ਾਂ ਵਿਚ ਵਸਦੇ ਅੰਮ੍ਰਿਤਧਾਰੀ ਭਾਟ ਸਿੱਖ ਦੂਰ ਦਰੇਡੇ ਦੀਆਂ ਵੰਸਾ (ਗੋਤਾਂ) ਬਿਲਕੁਲ ਹੀ ਭੁੱਲ ਗਏ। ਇਸੇ ਕਾਰਨ ਪੰਜਾਬ ਦੇ ਭਾਟ ਸਿਖਾਂ ਦੀਆਂ ਕੇਵਲ ਸਤਾਰਾਂ ਗੋਤਾਂ ਹੁਣ ਤਕ ਨਿਯਮਾਵਲੀ ਅੰਦਰ ਚਲੀਆਂ ਆਈਆਂ ਦਾ ਪਤਾ ਲਗਦਾ ਹੈ। ਇਸ ਕੋਸ਼ ਦੀ ਖੋਜ ਸਮੇਂ ਵੱਖ-ਵੱਖ ਸ੍ਰੋਤਾਂ ਤੋਂ ਭਾਟ ਸੰਗਤਿ ਦੀਆਂ ਛੱਬੀ ਗੋਤਾਂ ਉਜਾਗਰ ਹੋਈਆਂ ਹਨ। ਇਉਂ ਹੋਰ ਖੋਜ ਕਰਨ ਤੇ ਬਾਕੀ ਵੰਸਾਂ ਪ੍ਰਾਪਤ ਹੋਣ ਦੀ ਵੀ ਆਸ ਬੱਝਦੀ ਹੈ, ਜੋ ਪਰੰਪਰਾ ਸਮੇਂ ਬੱਤੀ ਦੀ ਗਿਣਤੀ ਵਿਚ ਸਨ ਅਤੇ ਵੱਖ-ਵੱਖ ਸ਼ਾਖਾ ਤੋਂ ਭਾਟੜਾ ਸੰਪ੍ਰਦਾਇ ਵਿਚ ਸੁਮੇਲ ਹੋਈਆਂ ਸਨ।**

---

* ਪੜ੍ਹੋ — ਸ੍ਰੀ ਗੁਰੂ ਅੰਮ੍ਰਿਤਸਰ— ਅੰਮ੍ਰਿਤ ਪ੍ਰਕਾਸ਼ ਲੇਖਕ ਗਿ. ਗਿਆਨ ਸਿੰਘ ਆਰਫ਼

** ਬਿਆਨ ਬਾਬਾ ਗੰਡਾ ਸਿੰਘ ਕਲੇਵਰ

Digitized by Panjab Digital Library | www.panjabdigilib.org

ਜਾਤੀ ਮੱਧ ਦੇ ਪ੍ਰਚਾਰਕਾਂ ਨੇ ਜਾਤੀ ਜੋਸ਼ ਵਿਚ ਪੰਥ ਪੈਗ਼ਾਮ ਨੂੰ ਨਜ਼ਰ ਅੰਦਾਜ਼ ਕਰ ਕੇ ਕੇਵਲ ਵਿਰੋਧ ਹੀ ਨਹੀਂ ਕੀਤਾ ਬਲਕਿ ਬੇਇਨਸਾਫੀ ਅਤੇ ਧਕੇਸ਼ਾਹੀ ਵੀ ਕੀਤੀ ਹੈ, ਜਿਸ ਦਾ ਜ਼ਿਕਰ ਨਮੂਨੇ ਮਾਤਰ ਇਥੇ ਕੀਤਾ ਜਾਂਦਾ ਹੈ —

(1)* ਭਾਟੜਾ ਸੰਪ੍ਰਦਾਇ ਦੇ ਮਹਾਨ ਤਪੱਸੀ, ਗੁਰਮਤ ਪ੍ਰਚਾਰਕ ਤੇ ਸੰਪ੍ਰਦਾਇ ਮੱਢੀ ਸ੍ਰੀ ਬਾਬਾ ਚੰਗਾਂ ਰਾਇ ਬਾਰੇ ਕਿਸੇ ਵੀ ਲੇਖਕ ਨੇ ਸ਼ੁਧ ਖੋਜ ਕਰ ਕੇ ਅਸਲ ਸਿਧਾਂਤਾਂ ਦਾ ਨਿਰਣਾਂ ਨਹੀਂ ਕੀਤਾ।

(2) ਭਾਟੜਾ ਸੰਗਤਿ ਦੇ ਪਰਮ ਪੁਰਖ ਸ੍ਰੀ ਬਾਬਾ ਤਰਨ ਤਾਰਨ (ਬਾਬਾ ਤਾਰੂ ਜੀ) ਅਤੇ ਬਾਬਾ ਗੁਲਾਬੀ ਸੰਤ ਜੀ ਦਾ ਕਿਸੇ ਇਤਿਹਾਸ ਵਿਚ ਜ਼ਿਕਰ ਨਹੀਂ ਆਉਂਦਾ ਜਦ ਕਿ ਇਹ ਮਹਾਂਪੁਰਸ਼ ਭਾਰਤੀ ਸਨ ਤੇ ਭਾਰਤ ਵਿਚ ਇਹਨਾਂ ਦੇ ਮਹਾਨ ਅਸਥਾਨ ਮੌਜੂਦ ਹਨ।

(3) ਬਾਬਾ ਡਾਡੜਾ ਦਾਸ ਜੀ ਅਤੇ ਸ਼ਹੀਦ ਮੇਹਰ ਸਿੰਘ ਜੀ ਨਾਲ ਵੀ ਉਪਰੋਕਤ ਮਹਾਂਪੁਰਖਾਂ ਵਾਂਗ ਹੀ ਵਿਤਕਰਾ ਕੀਤਾ ਗਿਆ ਹੈ।

(4) ਬਾਬਾ ਥਰਾਜ ਸਿੰਘ ਜੀ ਸ਼ਹੀਦ ਤੇ ਬਾਬਾ ਨੱਥਾ ਸਿੰਘ ਜੀ ਸ਼ਹੀਦ ਨਾਲ ਤਾਂ ਕਈ ਲੇਖਕਾਂ ਨੇ ਬੇਇਨਸਾਫੀ ਹੀ ਨਹੀਂ ਕੀਤੀ ਬਲਕਿ ਚਿੱਟੇ ਦਿਨ ਡਾਕਾ ਮਾਰਨ ਤੋਂ ਵੀ ਸੰਕੋਚ ਨਹੀਂ ਕੀਤਾ ਕਿ ਨਾ ਜਾਨੀਏ ਇਹਨਾਂ ਸ਼ਹੀਦਾਂ ਦਾ ਵੀ ਕੋਈ ਅੰਸ ਬੰਸ ਹੋਵੇਗਾ ਜੋ ਕਿਸੇ ਸਮੇਂ ਉਨ੍ਹਾਂ ਦੇ ਪਾਏ ਭੁਲੇਖਿਆਂ ਨੂੰ ਉਜਾਗਰ ਕਰੇਗਾ। ਬਾਬਾ ਥਰਾਜ ਸਿੰਘ ਜੀ ਤੇ ਬਾਬਾ ਨੱਥਾ ਸਿੰਘ ਜੀ ਪੰਥ ਪ੍ਰਸਿੱਧ ਮੰਨੀਆਂ ਪ੍ਰਮੰਨੀਆਂ ਹਸਤੀਆਂ ਹੋ ਗੁਜ਼ਰੀਆਂ ਹਨ ਪਰ ਇਨ੍ਹਾਂ ਮਹਾਨ ਯੋਧਿਆਂ ਨੂੰ ਕਈ ਸਵਾਰਥੀਆਂ ਨੇ ਭਾਟ ਸੰਗਤ ਨਾਲੋਂ ਤੋੜ ਕੇ ਆਪਣੇ ਪਿਤਾ-ਪਿਤਾਮਾ ਬਣਾ ਕੇ ਭਾਰੀ ਅਪਜੱਸ ਖੱਟਿਆ ਹੈ।

(5) ਅਜੇ ਕਲ ਦੀ ਗੱਲ ਹੈ ਕਿ ਭਾਟੜਾ ਸੰਪ੍ਰਦਾਇ ਦੇ ਬਾਬਾ ਪ੍ਰੇਮ ਸਿੰਘ ਜੀ ਵਹੀਰੀਆ ਚਕਰਵਰਤੀ ਚਲਦਾ ਵਹੀਰ ਛਿਆਨਵੇਂ ਕਰੋੜੀ ਬੁਢਾ ਦਲ ਪੰਜਵਾਂ ਤਖ਼ਤ ਦੇ ਪ੍ਰਸਿੱਧ ਜਥੇਦਾਰ ਰਹਿ ਚੁਕੇ ਹਨ।

ਪਰ ਬੁਢਾ ਦਲ ਦੀ ਮੌਜੂਦਾ ਬੰਸਾਵਲੀ ਵਿਚ ਜਥੇਦਾਰ ਪ੍ਰੇਮ ਸਿੰਘ ਵਹੀਰੀਆ ਦਾ ਜ਼ਿਕਰ ਵੀ ਨਹੀਂ ਕੀਤਾ ਗਿਆ; ਹਾਲਾਂਕਿ ਜਥੇਦਾਰ ਪ੍ਰੇਮ ਸਿੰਘ ਜੀ ਦੇ ਸਮਕਾਲੀ ਨਿਹੰਗ ਸਿੰਘ ਅਨੇਕਾਂ ਜਿਉਂਦੇ ਜਾਗਦੇ ਹਨ ਤੇ ਉਸ ਸਮੇਂ ਦੇ ਦਲ ਦਾ ਲਿਖਤੀ ਰਿਕਾਰਡ ਜਥੇਦਾਰ ਪ੍ਰੇਮ ਸਿੰਘ ਜੀ ਦੇ ਪੁਤਰ-ਪੋਤਰੇਆਂ ਪਾਸ ਸੰਭਾਲਿਆ ਪਿਆ ਹੈ। ਬੁਢਾ ਦਲ ਵਲੋਂ ਪ੍ਰਕਾਸ਼ਿਤ ਕੀਤਾ 'ਟ੍ਰੈਕਟ' 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੰਥ ਖਾਲਸਾ' (ਸਣੇ ਜਥੇਦਾਰ ਸਾਹਿਬਾਂ ਦੇ ਨਾਮ) ਪ੍ਰਾਪਤ ਹੈ। ਇਸ ਵਿਚ ਜਥੇਦਾਰ ਸਾਹਿਬਾਂ ਦੇ ਨਾਮ ਇਸ ਪ੍ਰਕਾਰ ਹਨ : ਯਥਾ—ਜਥੇਦਾਰ ਨਵਾਬ ਕਪੂਰ ਸਿੰਘ, ਸ: ਜਸਾ ਸਿੰਘ ਆਹਲੂਵਾਲੀਆ, ਬਾਬਾ ਨੈਣਾਂ ਸਿੰਘ ਜੀ, ਬਾਬਾ ਫੂਲਾ ਸਿੰਘ ਜੀ, ਬਾਬਾ ਹਨੂਮਾਨ ਸਿੰਘ ਜੀ ਬਾਬਾ ਪਰਲਾਦਾ ਸਿੰਘ ਜੀ, ਬਾਬਾ ਗਿਆਨ ਸਿੰਘ ਜੀ, ਬਾਬਾ ਤੇਜਾ ਸਿੰਘ ਜੀ, ਬਾਬਾ ਸਾਹਿਬ ਸਿੰਘ ਜੀ ਕਲਾਧਾਰੀ, ਬਾਬਾ ਚੇਤ ਸਿੰਘ ਜੀ ਅਤੇ ਹੁਣ ਸਾਖਿਆਤ ਬਾਬਾ ਸੰਤਾ ਸਿੰਘ ਜੀ। ਇਸ ਬੰਸਾਵਲੀ ਅਨੁਸਾਰ ਬੁਢਾ ਦਲ ਪੰਜਵਾਂ ਤਖਤ ਦੇ ਸਮੇਂ ਸਮੇਂ ਇਹ ਜਥੇਦਾਰ ਹੋਏ ਹਨ ਪਰ ਇਹ ਬੰਸਾਵਲੀ ਜਿਸ ਨੂੰ ਸ. ਰਣਜੋਧ ਸਿੰਘ ਜੀ ਨੇ ਬੁਢੇ ਦਲ ਦੀ ਆਗਿਆ ਅਨੁਸਾਰ ਪ੍ਰਕਾਸ਼ਤ ਕੀਤਾ ਹੈ ਅਜੇ ਅਧੂਰੀ ਪਰਤੀਤ ਹੁੰਦੀ ਹੈ।

'ਪੰਥ ਪ੍ਰਕਾਸ਼ ਗਿ: ਗਿਆਨ ਸਿੰਘ' ਦੇ ਸੰਪਾਦਿਕ ਗਿ. ਕਿਰਪਾਲ ਸਿੰਘ ਜੀ (ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ) ਪੰਨਾ 2810 ਪਰ ਪੈਰ ਟੂਕ ਵਿਚ ਨਿਹੰਗਾਂ ਸਿੰਘਾ ਦੀ ਬੰਸਾਵਲੀ ਵਲ ਇਉਂ ਸੰਕੇਤ ਕਰਦੇ ਹਨ ਯਥਾ— ਬਾਬਾ ਫੂਲਾ ਸਿੰਘ ਜੀ ਤੋਂ ਬਾਅਦ (ਨਿਹੰਗ ਸਿੰਘਾਂ ਦੇ ਬੁਢੇ ਦਲ ਦੇ ਜਥੇਦਾਰ) ਬਾਬਾ ਤੇਜਾ ਸਿੰਘ ਜੀ, ਉਹਨਾਂ ਤੋਂ

---

* ਵੇਖੋ — (ਨੰਬਰ 1 ਤੋਂ 5 ਤਕ) ਸਬੰਧਤ ਅੰਦਰਾਜ਼।

Digitized by Panjab Digital Library | www.panjabdigilib.org

ਬਾਦ ਬਾਬਾ ਸਾਹਿਬ ਸਿਘ ਜੀ, ਅਗੇ ਬਾਬਾ ਚੇਤ ਸਿੰਘ ਜੀ ਤੇ ਹੁਣ ਬਾਬਾ ਸੰਤੂ ਸਿੰਘ ਜੀ ਬੁਢੇ ਦਲ ਦੇ ਜਥੇਦਾਰ ਹਨ। ਪਰ ਇਹ ਵੀ ਬੁਢੇ ਦਲ ਦੀ ਪੂਰੀ ਬੰਸਾਵਲੀ ਨਹੀਂ ਬਣਦੀ ਤੇ ਨਾ ਹੀ ਹਾਲਾਂ ਤਕ ਕਿਤੋਂ ਪੂਰੀ ਬੰਸਾਵਲੀ ਪ੍ਰਾਪਤ ਹੈ।

ਇਸ ਵਿਸ਼ੇ ਨੂੰ ਛੱਡ ਕੇ ਪ੍ਰਾਪਤ ਕੋਸ਼ਾਂ ਵਿਚੋਂ ਕੁਝ ਮਿਥਿਹਾਸਕ ਸੁਮਾਸ ਮਿਲਾਨ ਬਾਰੇ ਵੀ ਵਿਚਾਰ ਪ੍ਰਗਟ ਕਰਨੇ ਜ਼ਰੂਰੀ ਸਮਝਦੇ ਹਾਂ। ਮਿਸਾਲ ਵਜੋਂ ਭਾਟੜਾ ਸੰਗਤਿ ਦੇ ਸਮਅਰਥ ਸ਼ਬਦ ਜਿਵੇਂ ਕਿ ਭੱਟ-ਸਮਾਜ, ਭਾਟ-ਸੰਗਤਿ ਜਾਂ ਭਾਟੜਾ ਸੰਪ੍ਰਦਾਇ ਆਦਿ ਹਨ ਅਤੇ ਇਹਨਾਂ ਤੋਂ ਵਖਰੇ ਦੇਸ ਪ੍ਰਦੇਸ ਦੀ ਵਿਲੱਖਣਤਾ ਕਾਰਣ ਵਣਜਾਰੇ, ਰਮਈਏ, ਅਚਾਰੀਏ (ਵਿਦਵਾਨ) ਆਦਿ ਸ਼ਬਦ ਵੀ ਵਰਤੇ ਜਾਂਦੇ ਹਨ। ਪਰ ਕਈ ਲਿਖਤਾਂ ਵਿਚ ਇਕੱਤਰ ਕੀਤੇ ਜੋ ਸਮ ਅਰਥ ਸ਼ਬਦ ਮਲਾਏ ਮਿਲਦੇ ਹਨ ਉਹਨਾਂ ਵਿਚ ਪੂਰਬ ਤੇ ਪੱਛਮ ਵਾਂਗ ਵੱਡਾ ਅੰਤਰ ਪ੍ਰਤੱਖ ਹੈ। ਇਥੇ 'ਸਮਅਰਥ ਕੋਸ਼' ਵਿਚੋਂ ਉਧਾਰਨ ਪੇਸ਼ ਹੈ। ਯਥਾ— ਭੱਟ: ਸੂਤਕ ਪਾਠਕ, ਘਾਂਟਿਕ, ਚਕ੍ਰਿਕ, ਚਾਰਨ, ਪਸ਼ਬੰਧ, ਪ੍ਰਾਤਰ ਗੇਯ, ਬੈਤਾਲ, ਬੋਧਕਰ, ਬੰਦਿਨ, ਬੰਦੀ ਜਨ, ਭਾਟ, ਮਗਧ, ਮਧਕ, ਮਾਗਧ, ਰਡ, ਲੱਗਨ ਤੇ ਵੈਤਾਲਿਕ। ਇਹ ਅਠਾਰਾਂ ਸਮਾਰਥ ਨਾਮ ਲਿਖੇ ਮਿਲਦੇ ਹਨ। ਜੇ ਇਹਨਾਂ ਸ਼ਬਦਾਂ ਦੇ ਵਖ ਵਖ ਨਿਰਣੇ ਕਰ ਕੇ ਅਰਥ ਵੇਖੀਏ ਤਾਂ ਸਾਰੇ ਸ਼ਬਦਾਂ ਦੇ ਅਰਥ ਸਮਤੁਲ ਨਹੀਂ ਰਹਿੰਦੇ ਬਲਕਿ ਵਖੋ ਵਖਰੇ ਕਈ ਅਰਥ ਬਣਦੇ ਹਨ। ਨਾ ਹੀ ਭੱਟ ਜਾਂ ਭਾਟ ਸ਼ਬਦਾਂ ਨਾਲ ਉਕਤ ਸ਼ਬਦਾਂ ਦਾ ਸੰਪ੍ਰਕ ਸੰਧੀ ਮਿਲਾਨ ਮਿਲਦਾ ਹੈ। ਇਥੇ ਕੁਝ ਸ਼ਬਦਾਂ ਦੇ ਅਰਥ ਕਰ ਕੇ ਨਿਰਣਾ ਕਰਦੇ ਹਾਂ ਤਾਂ ਕਿ ਸਮਝਣਾ ਸੌਖਾ ਹੋ ਸਕੇ।

ਮਗਧ ਸ਼ਬਦ—ਉਕਤ ਸਮਅਰਥਕ ਸ਼ਬਦਾਂ ਵਿਚੋਂ ਮਗਧ ਸ਼ਬਦ ਦਾ ਅਰਥ ਭੱਟ ਤਥਾ ਭਾਟ ਸ਼ਬਦ ਨਾਲ ਮਿਲਾਨ ਕੀਤਾ ਇਸ ਲਈ ਅਯੋਗ ਹੈ ਕਿਉਂਕਿ ਮਗਧ ਇਕ ਇਲਾਕੇ ਦਾ ਨਾਮ ਹੈ; ਕਿਸੇ ਮਾਨਸ ਸ਼ਾਖਾ ਦਾ ਨਹੀਂ। ਯਥਾ— *(i) "ਮਗਧ ਭਗਵਾਨ ਬੁਧ ਜੀ ਦੀ ਲੀਲਾ ਭੂਮੀ ਮਗਧ ਪ੍ਰਾਂਤ ਸੀ। ਮਾਗਧੀ ਭਾਸ਼ਾ ਪਾਲੀ ਹੀ ਕੁਝ ਵਿਦਵਾਨਾਂ ਦੇ ਮਤ ਅਨੁਸਾਰ ਮਾਗਧੀ ਕਹੀ ਜਾਣ ਲਗ ਪਈ।"

*(ii) "ਚੰਦਰ ਗੁਪਤ ਹੀ ਮਗਧ ਦੇਸ਼ ਦਾ ਰਾਜਾ ਬਣਿਆ। ਮਗਧ ਦੱਖਣੀ ਬਿਹਾਰ ਦਾ ਇਕ ਪ੍ਰਦੇਸ਼ ਹੈ, ਜਿਥੇ ਪਾਲੀ ਭਾਸ਼ਾ ਬੋਲੀ ਜਾਂਦੀ ਹੈ।"

(iii) ਮਗਧ ਸ਼ਬਦ ਦੀ ਨਿੱਗਰ ਤੇ ਨਰੋਈ ਜਾਣਕਾਰੀ ਚਾਨਕ ਨੀਤੀ ਦਰਪਨ ਵਿਚ ਇਉਂ ਲਿਖੀ ਮਿਲਦੀ ਹੈ। ਯਥਾ— "ਪੰਜ ਹਜ਼ਾਰ ਵਰਸ਼ ਹੋਏ ਕਿ ਭਾਰਤ ਵਰਸ਼ ਵਿਖੇ ਮਗਧ ਨਾਮ ਤੋਂ ਇਕ ਬੜਾ ਭਾਰੀ ਰਾਜਾ ਹੋਇਆ ਹੈ। ਇਸ ਦੇ ਰਾਜ ਦੀ ਰਾਜਧਾਨੀ ਪੁਸ਼ਪਪੁਰੀ ਤਥਾ ਪਾਟਲੀ ਪੁਤਰ (ਪਟਨ') ਹੀ ਸੀ (ਜ਼ਰਾ ਸਿੰਧ ਆਧਿਕ ਪੁਰੂ ਵੰਸੀ ਪ੍ਰਸਿੱਧ ਰਾਜੇ ਇਥੇ ਹੀ ਹੋਏ ਹਨ)। ਪੁਰੂ ਵੰਸੀਆ ਨੂੰ ਕੱਢ ਕੇ ਨੰਦ ਵੰਸ ਨੇ ਮਗਧ ਵਿਖੇ ਆਪਣਾ ਰਾਜ ਆਸਥਾਪਨ ਕਰ ਕੇ ਇਕ ਸੌ ਅਠੱਤੀ ਬਰਸ ਮਗਧ ਦੇਸ਼ ਤੇ ਰਾਜ ਕੀਤਾ।"

ਮਗਧ ਸ਼ਬਦ ਦੇ ਨਿਰਣੇ ਤੋਂ ਸਿੱਧ ਹੁੰਦਾ ਹੈ ਕਿ ਮਗਧ ਦੱਖਣੀ ਬਿਹਾਰ ਦਾ ਇਕ ਪ੍ਰਦੇਸ਼ ਹੈ। ਇਸ ਮਗਧ

(i) * ਪੁਸ਼ਟੀ ਲਈ ਪੜ੍ਹੋ— ਮੈਂ ਧਰਤੀ ਪੰਜਾਬ ਦੀ-ਲੇਖਕ ਨਰੇਂਦਰ ਧੀਰ ਪੰਨਾ 53-54।

(ii) * ਪੁਸ਼ਟੀ ਲਈ ਪੜ੍ਹੋ— ਹਿੰਦੂ ਮਿਥਿਹਾਸ ਕੋਸ਼ ਪੰਨਾ 353 ਅਤੇ 429।

(iii) * ਪੜ੍ਹੋ— ਚਾਨਕ ਨੀਤੀ ਦਰਪਨ—ਗਿ. ਗੁਲਾਬ ਸਿੰਘ, ਪ੍ਰੋਫੈਸਰ ਓਰੀਅੰਟਲ ਕਾਲਜ ਲਾਹੌਰ (ਪੰਨਾ 4)।

ਨੋਟ—ਮਗਧ ਦੇਸ ਦੇ ਤੋਲ (ਮਾਨ) ਦਾ ਨਿਰਣਾਂ ਅਤੇ ਹੋਰ ਜਾਣਕਾਰੀ ਲਈ ਪੜ੍ਹੋ : 'ਮੇਘ ਬਿਨੋਦ ਟੀਕਾ'— ਮਹੰਤ ਗਨੇਸ਼ਾ ਸਿੰਘ (ਪੰਨਾ 'ਢ')।

Digitized by Panjab Digital Library | www.panjabdigilib.org

ਪ੍ਰਾਂਤ ਵਿਚ ਵਸਨ ਵਾਲੇ ਸਾਰੇ ਮਾਗਧ ਕਹੇ ਜਾਂਦੇ ਸਨ ਤੇ ਮਾਗਧੀ ਮਗਧ ਪ੍ਰਦੇਸ਼ ਦੀ ਬੋਲੀ ਸੀ ਜੋ ਸਾਰੇ ਮਗਧ ਪ੍ਰਾਂਤ ਵਿਚ ਬੋਲੀ ਜਾਂਦੀ ਸੀ। ਇਸ ਲਈ ਮਗਧ ਤੇ ਮਾਗਧ ਸ਼ਬਦਾਂ ਦਾ ਸਬੰਧ ਭੱਟ ਜਾ ਭਾਟ ਸ਼ਬਦ ਨਾਲ ਉਕਾ ਨਹੀਂ। ਮਗਧ ਸ਼ਬਦ ਦਾ ਹੀ ਵਿਗੜਿਆ ਰੂਪ 'ਮਧਕ' ਹੈ ਜਿਸ ਦੀ ਕੋਈ ਵੱਖ ਵਿਸ਼ੇਸ਼ਤਾ ਨਹੀਂ। ਇਸ ਤਰਾਂ ਉਪਰੋਕਤ ਸਮਅਰਥਕ ਸ਼ਬਦਾਂ ਵਿਚੋਂ ਤਿੰਨ ਮਿਥਿਹਾਸਕ ਸ਼ਬਦਾਂ ਦਾ ਭੱਟ ਸ਼ਬਦ ਨਾਲ ਕੀਤਾ ਮਿਲਾਨ ਆਪਣੇ ਆਪ ਰਦ ਹੋ ਜਾਂਦਾ ਹੈ।

(2) ਸੂਤ ਸ਼ਬਦ : ਹੁਣ ਸੂਤ ਸ਼ਬਦ ਬਾਰੇ ਪੜਚੋਲ ਕੀਤੀ ਜਾਂਦੀ ਹੈ। ਪੰਜਾਬੀ ਵਿਚ ਸੂਤ ਦੇ ਅਰਥ ਧਾਗਾ ਬਣਦਾ ਹੈ ਔਸ਼ਦੀ ਕੋਸ਼ ਅਨੁਸਾਰ ਸੂਤ ਦੇ ਅਰਥ ਪਾਰਾ ਬਣਦਾ ਹੈ। ਡਾ. ਜੋਨ ਡੈਸਨ ਅਨੁਸਾਰ ਸੂਤ ਦੇ ਅਰਥ ਹਨ— ਰਥਵਾਨ (ਇਕ ਉਪਨਾਮੁ ਜੋ ਕਰਣ ਲਈ ਪ੍ਰਯੁਕਤ ਕੀਤਾ ਜਾਂਦਾ ਹੈ। (A) ਇਸ ਲਈ ਉਕਤ ਤਿੰਨ ਪ੍ਰਮਾਨਾ ਰਾਹੀਂ ਸਿੱਧ ਹੁੰਦਾ ਹੈ ਕਿ ਸੂਤ ਸ਼ਬਦ ਦਾ ਸਬੰਧ ਭੱਟ ਜ਼ਾਂ ਭਾਟ ਸ਼ਬਦ ਨਾਲ ਨਹੀਂ ਹੈ।

(3) ਰਡ ਸ਼ਬਦ (B) ਮਹਾਨ ਕੋਸ਼ ਅਨੁਸਾਰ— (i) ਰਡ ਸੰਗਯਾ — ਧੂਨੀ (ਭੇਰੀ ਸਡੋਰਡ) (ii) ਰਡ ਇਕ ਛੰਦ ਜਿਸ ਦਾ ਲੱਛਨ ਹੈ— ਚਾਰ ਚਰਣ, ਪਹਿਲੇ ਚਰਣ ਦੀਆਂ 41 ਮਾਤਰਾ-15-11-15 ਪਰ ਤਿੰਨ ਵਿਸ਼ਰਾਮ। ਦੂਜੇ ਚਰਣ ਦੀਆਂ 26 ਮਾਤਰਾਂ 11-15 ਪਰ ਵਿਸ਼ਰਾਮ। ਅੰਤ ਦੋ ਚਰਣ— ਦੋਹਾਂ, ਇਹ ਵਿਖਮ ਤਰ ਛੰਦ ਹੈ। ਅਗੇ ਚਲ ਕੇ ਲਿਖਿਆ ਹੈ ਕਿ ਇਹੀ ਰੂਪ ਰਡ ਦਾ ਭਟਾਂ ਦੇ ਸਵੈਯਾਂ ਵਿਚ ਆਇਆ ਹੈ। ਯਥਾ— ਜਿਸਹਿ ਧਾਰਯਉ ਧਰਤਿ ਅਰ ਵਿਉਮ ਅਰ ਪਵਣ ਤੇ ਨੀਰ ਸਰ, ਅਵਰ ਅਨਲ ਅਨਾਦਿ ਕੀਆਉ ।। (ਸਵੈਯੇ ਮ. ੪ ਕੇ) ਇਸ ਤੋਂ ਸਿਧ ਹੁੰਦਾ ਹੈ ਕਿ ਰਡ ਸ਼ਬਦ ਭੱਟ ਜਾਂ ਭਾਟ ਸ਼ਬਦ ਦਾ ਸਮਅਰਥਕ ਸਰੂਪ ਨਹੀਂ; ਬਲਕੇ ਭੱਟਾਂ ਦੀ ਰਚਤ ਧੂਨੀ ਤੋਂ ਰਚਿਆ ਇਕ ਛੰਦ ਹੈ, ਜੋ ਇਕ ਪ੍ਰਕਾਰ ਦੀ ਭਾਟ ਸੰਗਤਿ ਦੀ ਧਾਰਨਾ ਹੀ ਮੰਨੀ ਜਾਂਦੀ ਹੈ।

(4) ਬੈਤਾਲ ਸ਼ਬਦ : ਯਥਾ — (i) ਵਿਕਰਮਾਂ ਜੀਤ ਦੀ ਸਭਾ ਦਾ ਇਕ ਕਵੀ, ਜੋ ਤਾਲ ਨਹੀਂ ਜਾਣਦਾ, ਲਯਤਾਲ ਦੇ ਗਿਆਨ ਤੋਂ ਰਹਿਤ। (ii) ਸੰਗਯਾ ਵੇਤਾਲ, ਉਹ ਮੁਰਦਾ ਜਿਸ ਵਿਚ ਭੂਤ ਨੇ ਪ੍ਰਵੇਸ਼ ਕੀਤਾ ਹੈ : 'ਹਰਿ ਬੇ ਨਾਮ ਹੀਨ ਬੇਤਾਲ' (ਸਾਰੰਗ ਮ. ੫), ਪੁਨਾ ਪੁਰਸ਼ਰਾਥ ਅਤੇ ਉਪਕਾਰ ਰਹਿਤ, ਮੁਰਦਾ ਸ਼ਰੀਰਾ ਵਿਚ ਅਗਿਆਨ ਭੂਤ ਨੇ ਪ੍ਰਵੇਸ਼ ਕੀਤਾ ਹੈ।(C)

ਬੈਤਾਲ — ਸੰਗਯਾ (i) ਇਕ ਭੂਤ ਜਾਤੀ। (ii) ਸ਼ਿਵਜੀ ਦਾ ਇਕ ਗੁਣ ('ਨਾਚਤ ਜੋਗਨਿ ਕਰੂੰ ਬਿਤਾਰਾ'), (iii) ਉਹ ਮੁਰਦਾ ਜਿਸ ਵਿਚ ਬੈਤਾਲ ਨੇ ਪ੍ਰਵੇਸ਼ ਕੀਤਾ ਹੋਵੇ ?* (v) ਵੈਤਾਲ ਜਾਂ ਬੈਤਾਲ ਇਕ ਭੂਤ ਜਾਤੀ ਹੈ, ਇਸ ਲਈ ਵੈਤਾਲ ਦਾ ਭੱਟ ਸਮਾਜ ਨਾਲ ਮਿਲਾਣ ਕਰਨਾ ਯੋਗ ਨਹੀਂ। ਬੈਤਾਲ ਭੱਟ ਇਕ ਵਿਅਕਤੀ ਦਾ ਉਪਨਾਮ ਹੈ ਜਿਸ ਦਾ ਅਸਲ ਨਾਮ ਤਾਲਿਕ ਭੱਟ ਸੀ ਤੇ ਜੋ ਬਿਕਰਮਾਜੀਤ ਦੇ ਦਰਬਾਰ ਦਾ ਇਕ ਵਿਦਵਾਨ ਤੇ ਭੂਤਾਂ ਦਾ ਮਾਂਦਰੀ ਸੀ।

(5) ਲਗਨ ਸ਼ਬਦ : (ਸੰਗਯਾ) (i) ਮੇਸ਼ ਆਦਿ ਰਾਸ਼ੀਆਂ ਦਾ ਉਦਯ (ਲਗਨ ਸਗਨ ਤੇ ਰਹਿਤ ਨਿਰਾਲਮ),

---

* ਮਹਾਨ ਕੋਸ਼ ਪੰਨਾ 650।

A. ਪੜ੍ਹੋ — ਆਯੁਰਵੇਦ ਕੋਸ਼, ਔਸਦੀ ਕੋਸ਼ ਤੇ ਹਿੰਦੂ ਰਿਥਿਹਾਸ ਕੋਸ਼ ਪੰਨਾ 138।

B. ਪੜ੍ਹੋ — ਮਹਾਨ ਕੋਸ਼ ਪੰਨਾ 763 ਦੂਸਰੀ ਐਡੀਸ਼ਨ ਭਾਸ਼ਾ ਵਿਭਾਗ।

C. ਪੜ੍ਹੋ — ਮਹਾਨ ਕੋਸ਼ ਪੰਨਾ 668 ਦੂਸਰੀ ਐਡੀਸ਼ਨ ਭਾਸ਼ਾ ਵਿਭਾਗ।

Digitized by Panjab Digital Library | www.panjabdigilib.org

(ii) ਜਾਮਨ-ਜਮਾਨਤ ਦੇਣ ਵਾਲਾ (iii) ਵਿਆਖਿਆ ਲਗਾ ਹੋਇਆ (iv) ਸ਼ਰਮਿੰਦਾ, ਲੱਜਿਤ (v) (ਸੰਗਯਾ) ਦਿਲ ਦਾ ਲਗਾਉ, ਸ਼ੌਕ ਜਿਵੇਂ : ਉਸ ਨੂੰ ਵਿਦਿਆ ਦੀ ਲਗਨ ਹੈ ।

ਕਿਉਂਕਿ ਭੱਟ ਸ਼ਬਦ ਦੇ ਸਾਰੇ ਸਮਰਥਕ ਸ਼ਬਦਾਂ ਦੀ ਪੜਚੋਲ ਕਰਨਾ ਸਾਡਾ ਮੂਲ ਮਨੋਰਥ ਨਹੀਂ ਇਸ ਲਈ ਇਥੇ ਕੇਵਲ ਨਮੂਨੇ ਵਜੋਂ ਹੀ ਕੁਝ ਸ਼ਬਦਾਂ ਤੇ ਵਿਚਾਰ ਕਰ ਕੇ ਪਾਈਆਂ ਭੁਲਾਂ ਵਲ ਵਿਦਵਾਨਾਂ ਦਾ ਧਿਆਨ ਦੁਆਇਆ ਹੈ । ਇਸ ਕੋਸ਼ ਵਿਚ ਜਿਹਨਾਂ ਵਿਦਵਾਨ ਲੇਖਕਾਂ ਦੇ ਗ੍ਰੰਥਾਂ ਵਿਚੋਂ ਵਿਚਾਰ ਹਵਾਲੇ ਵਜੋਂ ਅੰਕਿਤ ਕੀਤੇ ਗਏ ਹਨ ਅਸੀਂ ਉਹਨਾਂ ਦੇ ਵਿਸ਼ੇਸ਼ ਤੌਰ ਤੇ ਧੰਨਵਾਦੀ ਹਾਂ । ਭਾਟੜਾ ਸੰਪ੍ਰਦਾਇ ਕੋਸ਼ ਦੇ ਪ੍ਰਕਾਸ਼ਨ ਨਾਲ ਜਿਥੇ ਇਕ ਨਵੇਂ ਕੋਸ਼ ਦਾ ਵਾਧਾ ਹੋਵੇਗਾ ਉਥੇ ਕੋਸ਼ ਵਿਸ਼ੇ ਦੇ ਪੱਖ ਤੇ ਇਕ ਨਵਾਂ ਪ੍ਰਕਾਸ਼ ਪੈਣ ਦੀ ਵੀ ਆਸ ਹੈ ।

ਜੇਕਰ ਭਵਿਖ ਵਿਚ ਸਚੇ ਸੁੱਚੇ ਇਤਿਹਾਸਕਾਰਾਂ ਦੀ ਖੋਜ ਵਿਚ ਇਹ ਕੋਸ਼ ਜ਼ਰਾ ਵੀ ਸਹਾਈ ਹੋਇਆ ਤਾਂ ਆਪਣੇ ਸੰਪ੍ਰਦਾਇ ਦੇ ਇਤਿਹਾਸਕ ਤੱਥਾਂ ਨੂੰ ਸੰਭਾਲ ਰਖਣ ਦੇ ਇਸ ਨਿਰਮਾਨ ਜਤਨ ਨੂੰ ਸਫਲ ਹੋਇਆ ਸਮਝਾਂਗੇ ।

ਸਮੁੰਦਰ ਸਿੰਘ "ਹਿਸਟੋਰੀਅਨ"
ਪ੍ਰਧਾਨ ਭਾਟੜਾ ਸੰਗਤਿ ਸਭਾ,
ਪਟਿਆਲਾ ।

ਮਿਤੀ 4-9-1979
(19 ਭਾਦਰੋਂ ਸੰ. 2036 ਬਿ.)

Digitized by Panjab Digital Library | www.panjabdigilib.org



ਮਹਾਨ ਕੋਸ਼ ਵਿਚੋਂ ਭਾਟੜਾ ਸ਼ਬਦ ਸੋਧਕ ਕਮੇਟੀ— 17-3-68 ਨੂੰ ਨਾਭਾ ਵਿਖੇ ਲਏ ਗਏ ਇਸ ਯਾਦਗਾਰੀ ਚਿਤ੍ਰ ਵਿਚ— (ਖੱਬੇ ਤੋਂ ਸੱਜੇ) ਡਾ. ਹਰਨਾਮ ਸਿੰਘ 'ਤਾਲਬ' (ਚੀਫ਼ ਅਡੀਟਰ ਸੰਗਤ ਸਮਾਚਾਰ ਤੇ ਪ੍ਰਤੀਨਿਧ ਭਾਟੜਾ ਯੂਨੀਅਨ ਅੰਮ੍ਰਿਤਸਰ), ਸ: ਕਪੂਰ ਸਿੰਘ ਘੁੰਮਣ' ਐਮ. ਏ. (ਸਹਾਇਕ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ), ਗਿ. ਮੱਖਣ ਸਿੰਘ 'ਮ੍ਰਿਗਿੰਦ' (ਮੁਖ ਸੰਚਾਲਕ ਮਹਾਨ ਕੋਸ਼ ਅੰਦੋਲਨ ਅਤੇ ਪ੍ਰਤੀਨਿਧ ਭਾਟੜਾ ਸੰਗਤ ਯੂ. ਕੇ.), ਭਾਈ ਸਾਹਿਬ ਭਾਈ ਭਗਵੰਤ ਸਿੰਘ ਜੀ 'ਹਰੀ' ਨਾਭਾ (ਕਾਪੀ-ਰਾਈਟ ਮਹਾਨ ਕੋਸ਼), ਸ: ਲਾਲ ਸਿੰਘ ਐਮ. ਏ. ਡਾਇਰੈਕਟਰ ਭਾਸ਼ਾ ਵਿਭਾਗ ਪੀਜਾਬ (ਚੇਅਰਮੈਨ ਕਮੇਟੀ), ਸ: ਸ਼ਮਸ਼ੇਰ ਸਿੰਘ 'ਅਸ਼ੋਕ' (ਪ੍ਰਤੀਨਿਧ ਸ਼੍ਰੋ: ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ), ਤੇ ਗਿ: ਸਮੁੰਦਰ ਸਿੰਘ 'ਹਿਸਟੋਰੀਅਨ' (ਮੁਖ ਸਕੱਤਰ ਆਲ ਇੰਡੀਆ ਸੰਗਤ ਭਾਟੜਾ ਯੂਨੀਅਨ ਪਟਿਆਲਾ)।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਉਦਾ ਭਾਈ ਰਾਠੌਰ : ਭਾਈ ਉਦਾ ਜੀ ਸਪੁਤ੍ਰ ਭਾਈ ਖੇਮਾਂ ਜੀ ਭਾਟ ਸਿੱਖ ਕਰਨਾਲ ਦੇ ਵਸਨੀਕ ਸਨ। ਭਾਈ ਖੇਮਾਂ ਜੀ ਗੁਰੂ ਹਰਿਗੋਬਿੰਦ ਜੀ ਦੇ ਵਡੇ ਪ੍ਰੇਮੀ ਸਿੱਖ ਸਨ ਤੇ ਉਦਾ ਭਾਈ ਸਤਿਗੁਰੂ ਤੇਗ ਬਹਾਦਰ ਜੀ ਦੇ ਲਾਂਗਰੀ (ਰਸੋਈਏ) ਸੇਵਾਦਾਰ ਸਨ।* ਭਾਈ ਉਦਾ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਦਾ ਚਾਂਦਨੀ ਚੌਂਕ ਦਿੱਲੀ ਵਿਖੇ ਪੂਰਾ ਸਾਥ ਦਿੱਤਾ। ਗੁਰੂ ਤੇਗ ਬਹਾਦਰ ਜੀ ਦੇ ਹੁਕਮ ਨਾਲ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਆ ਕੇ ਗੁਰੂ ਗੋਬਿੰਦ ਰਾਏ ਜੀ ਨੂੰ ਬੀਤਨ ਵਾਲੀ ਘਟਨਾ ਦੀ ਅਗੇਤ ਜਾਣਕਾਰੀ ਕਰਾਈ। ਇਹ ਜਾਣਕਾਰੀ ਸਲੋਕ ਮ: ੯ ਵਾਲੀ ਪਤ੍ਰਕਾ ਵਿਚ ਦਰਜ ਸੀ, ਜੋ ਇਸ ਗੁਰੂ ਸਵਾਰੇ ਨੇ ਦਿੱਲੀ ਤੋਂ ਅਨੰਦਪੁਰ ਲਿਆਂਦੀ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦ-ਪੁਰ ਤਿਆਗਨ ਸਮੇਂ ਭਾਈ ਉਦਾ ਜੀ ਗੁਰੂ ਜੀ ਦੇ ਹਮ ਰਕਾਬ ਹੋ ਗਏ ਅਤੇ ਸਰਸਾ ਕਿਨਾਰੇ ਨਿਰਮੋਹ ਗੜ੍ਹ ਪਾਸ ਤੁਰਕ ਦਲਾਂ ਨਾਲ ਝੂਜਦੇ ਹੋਏ ਵੱਡੀ ਵੀਰਤਾ ਨਾਲ ਸ਼ਹੀਦ ਹੋਏ। ਇਨ੍ਹਾਂ ਗੁਰਮੁਖੀ ਅੱਖਰਾਂ ਤੇ ਗੁਰਬਾਣੀ ਦਾ ਪ੍ਰਚਾਰ ਕਰਨ ਵਿਚ ਅਮੁਕ ਸੇਵਾ ਕੀਤੀ।

ਉਪ ਗੋਤਾਂ : ਭਾਟੜਾ ਸੰਪ੍ਰਦਾਇ ਦੇ ਗੋਤ ਆਮ ਗੋਤਾਂ ਵਾਂਗ ਹੀ ਭਿੰਨ-ਭਿੰਨ ਨਾਵਾਂ-ਥਾਵਾਂ ਅਤੇ ਕੁਲ ਕਬੀਲਿਆਂ ਜਾਂ ਖਾਸ ਵਿਅਕਤੀਆਂ ਦੇ ਨਾਵਾਂ ਤੋਂ ਬਣੇ ਹਨ। ਭਾਟੜਾ ਸੰਗਤਿ ਵਿਚ ਗੋਤਾਂ ਦੇ ਨਾਲ ਕਈ ਉਪ ਗੋਤ ਵੀ ਮੌਜੂਦ ਹਨ। ਉਧਾਰਨ ਸਵਰੂਪ ਗੋਲੇ ਤੋਂ ਚੁਹਾਨ, ਗੂਜਰਾ ਤੋਂ ਸ਼ਹਿਰੀ, ਕਸਬਿਆਂ ਤੋਂ ਜੋਗੀ, ਰੌਦ ਤੋਂ ਰੁਦਰ, ਟਾਕ ਤੋਂ ਚੌਕ ਗਏ, ਪਤਿਵਾਲ ਤੋਂ ਕਾਪਤੇ, ਰਠੌੜ ਤੋਂ ਸੁਆਲੀ ਜਾ ਲੌਤਵਾਨ ਆਦਿ। ਨੈਕਟਿਆਨ, ਪੰਵਾਰਿ, ਉੱਤਰਵਾਲ, ਕੈਂਥੇ ਆਦਿ ਕੁਝ ਅਜਿਹੀਆਂ ਗੋਤਾਂ ਹਨ ਜੋ ਆਪਨੇ ਆਪ ਵਿਚ ਸੁਤੰਤ੍ਰ ਗੋਤਾਂ ਪ੍ਰਤੀਤ ਹੁੰਦੀਆਂ ਹਨ, ਪਰ ਇਨ੍ਹਾਂ ਬਾਰੇ ਵਧੇਰੇ ਖੋਜ ਦੀ ਲੋੜ ਹੈ।

ਆਇਆ ਸਿੰਘ ਬਾਬਾ : (ਸ੍ਰੀ ਮਾਨ ਬਾਬਾ ਆਇਆ ਸਿੰਘ-ਨਿਹੰਗ ਸਿੰਘ ਹਜ਼ੂਰੀਏ) ਭਾਟ ਸੰਗਤਿ ਵਿਚੋਂ ਡਸਕਾ ਕੋਟ ਦੇ ਵਸਨੀਕ ਸ਼ਹਿਰੀ ਵੰਸ ਵਿਚੋਂ ਸਨ।

ਨੋਟ : ਰਠੌੜ ਜਾਂ ਸਵਾਲੀ ਗੋਤਾ ਦੇ ਅਨੇਕ ਤਥਾਂ ਨੂੰ ਨਿਖੇੜ ਕੇ ਪਰਖਣ ਤੇ ਇਨ੍ਹਾਂ ਦਾ ਵਖ-ਵਖ ਦੋ ਗੋਤਾ ਹੋਣ ਦਾ ਅਭਾਸ ਹੁੰਦਾ ਹੈ। ਭਾਟੜਾ ਸੰਗਤ ਦੇ ਇਕ ਪਰਵ 'ਧਮਦੇਹ' ਸਮੇਂ ਆਦਿ ਤੋਂ ਚਲੀ ਆਈ ਰੀਤੀ ਅਨੁਸਾਰ ਆਪਣੇ ਆਪਣੇ ਪੁਰਵਜਾਂ ਦੀ ਯਾਦ ਵਿਚ ਪਕਵਾਣ ਤਿਆਰ ਕਰ ਕੇ ਧੀਆਂ ਧਿਆਨੀਆਂ ਨੂੰ ਪ੍ਰਸਾਦਿ ਦੇ ਤੌਰ ਤੇ ਵੰਡੇ ਜਾਂਦੇ ਹਨ। ਰਠੌੜ ਬੰਸ ਵਾਲੇ (ਸ਼ਹੀਦ ਬਾਬਾ ਬਰਾਜ ਸਿੰਘ ਦੀ ਖਾਨਦਾਨ) ਇਹ ਪਕਵਾਨ (ਛੋਟੇ ਛੋਟੇ ਦਸ ਪ੍ਰਸ਼ਾਦੇ ਜਾਂ ਟਿੱਕੀਆਂ) ਘਿਉ ਨਾਲ ਪਕਾਂਦੇ ਹਨ ਜਦ ਕਿ ਸਵਾਲੀ ਬੰਸ ਵਾਲੇ ਇਹ ਪਕਵਾਨ (ਪੰਜੀ ਟਿੱਕੀਆਂ) ਤੇਲ ਨਾਲ ਪਕਾਂਦੇ ਹਨ। ਇਹ ਅੰਤਰ ਦੋਹਾ ਬੰਸਾਂ ਨੂੰ ਵੱਖ ਕਰਦਾ ਹੈ ਜਿਸ ਬਾਰੇ ਵਧੇਰੇ ਖੋਜ ਦੀ ਲੋੜ ਹੈ।

* ਪੜ੍ਹੋ — ਤਵਾਰੀਖ ਗੁਰੂ ਖਾਲਸਾ : ਗਿ. ਲਾਲ ਸਿੰਘ, (ਪੰਨਾ 446)।

Digitized by Panjab Digital Library | www.panjabdigilib.org

ਇਹਨਾਂ ਦਰਬਾਰ ਸਾਹਿਬ ਸ੍ਰੀ ਤਰਨਤਾਰਨ ਦੀ ਸੇਵਾ ਚਾਲੀ ਸਾਲ ਨਿਭਾਈ। ਆਪ ਗੁਰਮਤ ਦੇ ਫਿਲਾਸਫਰ ਅਤੇ ਚੰਗੇ ਪ੍ਰਚਾਰਕ ਸਨ ਜਿਸ ਕਰ ਕੇ ਪੰਥ ਅੰਦਰ ਆਪ ਦੀ ਬੜੀ ਮਾਨਤਾ ਸੀ।*

ਅੰਗਦ ਸਤਿਗੁਰੂ ਦੇ ਭਾਟ ਸਿੱਖ : ਭਾਈ ਧਿੰਗੜਾ, ਭਾਈ ਸੁਖਾ ਤੇ ਭਾਈ ਪਾਲਾ ਜੀ।

ਅਮਰ ਸਤਿਗੁਰੂ ਦੇ ਭਾਟ ਸਿੱਖ : ਭਾਈ ਨੰਦੂ ਜੀ, ਭਾਈ ਡੰਡਾ ਜੀ ਤੇ ਭਾਈ ਖਿੱਖਾ ਜੀ।

ਅਰਜਨ ਸਤਿਗੁਰੂ ਦੇ ਭਾਟ ਸਿੱਖ : ਭਾਈ ਭੁੰਦੜ ਜੀ, ਭਾਈ ਲਲੂਆ ਜੀ ਤੇ ਭਾਈ ਮਾਧੋ ਜੀ।

ਅਤਰ ਸਿੰਘ ਨਿਹੰਗ : (ਸ੍ਰੀ ਮਾਨ ਬਾਬਾ ਅਤਰ ਸਿੰਘ ਨਿਹੰਗ ਸਿੰਘ ਸਾਹਿਬ) ਨਿਲਾਂਬਰ ਬਾਨੇ ਦੇ ਵਜਈ ਖਾਲਸਾ, ਭਾਟੜਾ ਸੰਗਤਿ ਦੇ ਮਹਾਨ ਸੰਗਰਾਮੀਏ ਡਸਕਾ ਨਿਵਾਸੀ ਚਾਨਣੇ ਵੰਸੀ ਸਨ। ਇਹਨਾਂ ਨੇ ਗੋਜਰਾ ਮੰਡੀ ਦੇ ਗੁਰਦਵਾਰਾ ਸਿੰਘ ਸਭਾ ਵਿਚ ਹੈਡ ਗ੍ਰੰਥੀ ਦੀ ਸੇਵਾ ਸੰਭਾਲ ਕਰਦਿਆ ਸੁਤੰਤ੍ਰਤਾ ਸੰਗਰਾਮੀਆਂ ਨਾਲ ਕਾਂਗਰਸ ਦੇ ਝੰਡੇ ਹੇਠ ਅੰਗਰੇਜ਼ਾਂ ਵਿਰਧ ਡਟ ਕੇ ਪ੍ਰਚਾਰ ਕੀਤਾ। ਸੁਤੰਤ੍ਰਤਾ ਸੰਗਰਾਮ ਸਮੇਂ ਆਪ ਨੇ ਕਈ ਵਾਰ ਜੇਹਲ ਯਾਤਰਾ ਵੀ ਕੀਤੀ।**

ਅਤਰ ਸਿੰਘ ਸੰਤ: (ਸ੍ਰੀ ਹਜ਼ੂਰ ਸੰਤ ਅਤਰ ਸਿੰਘ ਜੀ ਨਿਰਮਲ ਪੰਥ ਭੂਸ਼ਨ) ਦਰਬਾਰ ਗੁਰਦਵਾਰਾ ਸ੍ਰੀ ਪਟੀ ਸਾਹਿਬ ਨਨਕਾਣਾ ਸਾਹਿਬ ਦੇ ਗੱਦੀ ਨਸ਼ੀਨ ਸ੍ਰੀ ਮਹੰਤ ਸਨ। ਆਪ ਜੀ ਅਨੇਕ ਧਰਮਾਂ ਦੇ ਉਚ ਕੋਟੀ ਦੇ ਵਿਆਖਿਆਕਾਰ ਸਨ 'ਤੇ ਹਰ ਧਰਮ ਦੇ ਵਿਦਿਆਰਥੀਆਂ ਨੂੰ ਵਿਦਿਆ ਪੜ੍ਹਾ ਕੇ ਬੜੇ ਪ੍ਰਸੰਨ ਹੁੰਦੇ ਸਨ। ਆਪ ਸ਼ਫਾਉੱਲ ਹਿੰਦ ਔਸ਼ਧਾਲੀਆ ਦੇ ਚੋਟੀ ਦੇ ਵੈਦਰਾਜ ਸਨ ਜੋ ਅਨੇਕਾਂ ਰੋਗੀਆਂ ਨੂੰ ਧਰਮਾਰਥ ਅਰੋਗ ਕਰਦੇ ਸਨ। ਔਸਧੀਆਂ ਦੇ ਮਾਹਿਰ ਤੇ ਵੈਦ ਧੰਨਵੰਤਰੀ ਸਮਾਨ ਵੈਦਕ ਦੀਆਂ ਬਰਕਤਾਂ ਵੰਡਣ ਵਾਲੇ ਪਰਉਪਕਾਰੀ ਪੁਰਖ ਸਨ। ਮਹਾਨ ਤਪਸਵੀ ਅਤੇ ਰਾਜਯੋਗੀ ਹੋਣ ਕਰ ਕੇ ਆਪ ਦੀ ਰਸਨਾ ਪਰ ਸਰਸਵਤੀ ਦਾ ਵਾਸ ਸੀ ਜਿਸ ਕਰ ਕੇ ਰਾਜੇ-ਮਹਾਰਾਜੇ ਵੀ ਆਪ ਦਾ ਆਦਰ ਕਰਦੇ ਸਨ। ਸਤਿਕਾਰ ਵਜੋਂ ਸੰਤ ਜੀ ਨੂੰ ਬ੍ਰਤਾਨੀਆਂ ਸਰਕਾਰ ਨੇ ਜ਼ਿਲ੍ਹਾ ਸ਼ੇਖੂਪੁਰਾ ਵਿਚ ਜ਼ਿਲ੍ਹੇ ਦੇ 'ਅਫਸਰਾਨੇ ਸੈਂਸਰ' (ਆਨਰੇਰੀ ਮੈਜਿਸ਼ਟਰੇਟ) ਨੀਅਤ ਕੀਤਾ ਸੀ। ਆਪ ਦੇ ਉਦਮ ਨਾਲ ਗੁਰਦਵਾਰਾ

ਸੰਤ ਅਤਰ ਸਿੰਘ

* ਪੜੋ - ਭਾਟ ਪ੍ਰਕਾਸ਼ ਪੰਨਾ 82

** ਪੜੋ ਭਾਟ ਪ੍ਰਕਾਸ਼ ਪੰਨਾ 65

Digitized by Panjab Digital Library | www.panjabdigilib.org

1967 ਵਿਚ ਆਲ ਇੰਡੀਆ ਸੰਗਤ ਭਾਟੜਾ ਯੂਨੀਅਨ ਵਲੋਂ ਸੱਦੀ ਗਈ ਮਹਾਨ ਕਨਵੈਨਸ਼ਨ

ਡਾ: ਹਰਨਾਮ ਸਿੰਘ ਤਾਲਬ ਮਹਾਨ ਕਨਵੈਨਸ਼ਨ ਵਿਚ ਭਾਸ਼ਨ ਦੇਂਦੇ ਹੋਏ।

ਬਾਬੂ ਰਾਜਿੰਦਰ ਸਿੰਘ ਆਪਣੇ ਬੁਤ ਵਿਚਾਰ ਭੇਟ ਕਰਦੇ ਹੋਏ— ਪਾਸ ਖੜੇ ਹਨ ਸੰਗਤ ਭਾਟੜਾ ਯੂਨੀਅਨ ਦੇ ਉਸ ਸਮੇਂ ਦੇ ਪ੍ਰਧਾਨ ਗਿ: ਸਮੁੰਦਰ ਸਿੰਘ'ਹਿਸਟੋਰੀਅਨ', ਗਿ: ਮੱਖਣ ਸਿੰਘ ਮਿਗਿੰਦ (ਬੈਠੇ) ਅਤੇ ਗਿ. ਕਰਤਾਰ ਸਿੰਘ ਕੰਵਲ (ਖੜੋਤੇ ਹੋਏ)।

Digitized by Panjab Digital Library | www.panjabdigilib.org

ਮਹਾਨ ਕਨਵੈਨਸ਼ਨ ਦੀ ਰੂਪ ਰੇਖਾ ਚਿਤ੍ਰਨ ਵਾਸਤੇ ਯੂਨੀਅਨ ਦੇ ਮੈਂਬਰ ਸੇਵਾ ਸਮਗ੍ਰੀ ਲਈ ਹੋਈ ਇਕਤ੍ਰਤਾ ਸਮੇਂ—ਗਿ: ਸਮੁੰਦਰ ਸਿੰਘ, ਮਾਸਟਰ ਮਹਿੰਦਰ ਸਿੰਘ ਮਾਨ, ਗਿ. ਕਰਤਾਰ ਸਿੰਘ ਕੰਵਲ, ਗਿ: ਜੋਗਿੰਦਰ ਸਿੰਘ ਧਨੌਲਾ, ਸ: ਮੁਨਸ਼ਾ ਸਿੰਘ ਮਸਕੀਨ, ਗਿ: ਸੁਦਾਗਰ ਸਿੰਘ 'ਸਾਦਕ' ਅਤੇ ਡਾ: ਕਰਨੈਲ ਸਿੰਘ 'ਤੇਜ' ਆਦਿ।



ਮਹਾਨ ਕਨਵੈਨਸ਼ਨ ਦੇ ਅਣਥਕ ਵਰਕਰਾਂ ਦਾ ਗਰੁਪ ਚਿਤ੍ਰ ।

Digitized by Panjab Digital Library | www.panjabdigilib.org

ਟੈਂਡਰ ਨੋਟਿਸ—ਇਕ ਵਾਰ ਛਪਣਾ ਹੁਣਾਂ।

ਅਮਰਜੀਤ ਤੇ ਪਰਮਜੀਤ ਪੁਤਰ: ਮਰਹਮ ਸ਼ੇਰ ਸਿੰਘ ਮੋਹਾਲੀ, ਵਾਸੀ ਪਿੰਡ ਕੁਰਾਲੀ ਤੇ ਕਿਸ਼ਨ ਸਿੰਘ ਪੁਤਰ ਬਚਨਾਲ ਸਿੰਘ ਤੇ ਬਾਬਾ ਬੀਰ ਸਿੰਘ ਪੁਤਰ ਗੁਰਦਿਤਾ ਸਿੰਘ ਵਾਸੀ ਪਿੰਡ ਕੁਰਾਲੀ ਤਹਿ ਖਰੜ ਜਿਲਾ ਮੋਹਾਲੀ 17-11-92

ਅਜ ਤਾਰੀਖ ਇਕ ਵਾਰੀ ਇਸ਼ਤਿਹਾਰ ਹੇਠ ਲਿਖੇ ਮੁਤਾਬਕ ਹੈ ਕਿ ਅਸੀਂ ਮੌਜਾ ਕੁਰਾਲੀ (ਮੋਹਾਲੀ) ਤਹਿ ਖਰੜ ਵਿਚ ਪੁਰਾਣੇ ਸ਼ਿਵ ਮੰਦਰ ਦੇ ਪਿਛਲੇ ਪਾਸੇ ਇਕ ਕਮਰਾ ਪਾਣੀ ਦੀ ਟੈਂਕੀ ਬਣਾਉਣ ਲਈ ਇਸ ਤਰਾਂ ਦੇ ਕਾਰਣ ਕਰਕੇ ਇਸ ਕਮਰੇ ਦੀ ਉਸਾਰੀ ਕਰਨ ਲਈ ਇਸ ਇਸ਼ਤਿਹਾਰ ਰਾਹੀਂ ਇਹ ਹੁਕਮ ਕਰਦੇ ਹਾਂ ਕਿ ਜੇ ਕਿਸੇ ਨੂੰ ਇਸ ਕਮਰੇ ਦੀ ਉਸਾਰੀ ਕਰਨ ਤੇ ਕੋਈ ਇਤਰਾਜ ਹੋਵੇ ਤਾਂ ਉਹ ਇਸ ਇਸ਼ਤਿਹਾਰ ਦੇ ਛਪਣ ਤੋਂ ਪਿਛੋਂ ਇਕ ਮਹੀਨੇ ਦੇ ਅੰਦਰ ਅੰਦਰ ਸਾਡੇ ਕੋਲ ਆਪਣਾ ਇਤਰਾਜ ਲਿਖਾਉਣ ਤਾਂ ਕਿ ਕਾਨੂੰਨ ਮੁਤਾਬਕ ਇਸ ਦਾ ਫੈਸਲਾ ਕੀਤਾ ਜਾ ਸਕੇ।

Digitized by Panjab Digital Library | www.panjabdigilib.org

ਆਲ ਇੰਡੀਆ ਸੰਗਤ ਭਾਟੜਾ ਯੂਨੀਅਨ ਸ੍ਰੀ ਫਤਿਹਗੜ੍ਹ ਸਾਹਿਬ (ਪਟਿਆਲਾ) ਵਲੋਂ ਭਾਟੜਾ ਸੰਪ੍ਰਦਾਇ ਦੇ ਸ੍ਰੋਮਣੀ ਨੇਤਾ ਅਤੇ ਮਹਾਨ ਕੋਸ਼ ਅੰਦੋਲਨ ਦੇ ਸੰਚਾਲਕ ਗਿ: ਮੱਖਣ ਸਿੰਘ 'ਮ੍ਰਿਗੰਦ' ਜੀ ਨੂੰ ਵਿਸ਼ੇਸ਼ ਸਨਮਾਨ ਵਜੋਂ ਗੁ: ਬਾਬਾ ਸ੍ਰੀ ਚੰਦ ਜੀ (ਲੁਧਿਆਣਾ) ਵਿਖੇ ਮਿਤੀ 14-4-68 ਨੂੰ ਸਿਰੋਪਾਉ—ਫੁਲ ਦੀ ਤੇਗਾ ਭੇਟ ਕੀਤਾ ਗਿਆ।

Digitized by Panjab Digital Library | www.panjabdigilib.org

ਸ੍ਰੀ ਪੱਟੀ ਸਾਹਿਬ ਵਿਖੇ ਗੁਰੂ ਕਾ ਅਤੁਟ ਲੰਗਰ ਚਵੀ ਘੰਟੇ ਚਲਦਾ ਰਹਿੰਦਾ ਸੀ। ਸ੍ਰੀ ਅਨੰਦਪੁਰ ਸਾਹਿਬ ਵਿਖੇ ਵੀ ਹੋਲੇ ਮਹਲੇ ਸਮੇਂ ਆਪ ਲੰਗਰ ਚਲੌਂਦੇ ਸਨ। ਸ੍ਰੀ ਸੰਤ ਮਹਾਰਾਜ ਡਸਕਾ (ਸਿਆਲਕੋਟ) ਦੇ ਵਸਨੀਕ ਭਾਟੜਾ ਸੰਪ੍ਰਦਾਇ ਦੇ ਭੱਟੀ ਵੰਸ਼ ਵਿਚੋਂ ਸਨ।

ਅੰਮ੍ਰਿਤਸਰ-ਅੰਮ੍ਰਿਤ ਪ੍ਰਕਾਸ਼ (ਗ੍ਰੰਥ) : ਇਹ ਗ੍ਰੰਥ ਹਿੰਦੀ-ਬ੍ਰਿਜੀ ਦੇ ਸੁਮੇਲ ਤੋਂ ਮਹਾਨ ਪੰਜਾਬੀ ਰਚਨਾ ਹੈ ਜੋ ਮਹਾਂ ਕਵੀ ਗਿ. ਗਿਆਨ ਸਿੰਘ ਆਰਫ਼ ਜੀ ਨੇ ਸੰਮਤ 1993 ਬਿ. ਵਿਚ ਪ੍ਰਕਾਸ਼ ਕੇ ਸਿਖ ਸੰਸਾਰ ਨੂੰ ਗੁਰਮਤ ਦੀ ਯੋਗ ਜਾਣਕਾਰੀ ਕਰਾਈ ਹੈ। ਇਸ ਗ੍ਰੰਥ ਵਿਚ ਸ੍ਰੀ ਅੰਮ੍ਰਿਤਸਰ ਦੀ ਮਹਿਮਾਂ, ਅੰਮ੍ਰਿਤ ਸੰਚਾਰ ਰਹਿਤਮਰਯਾਦਾ, ਖਾਲਸਾ ਜੀ ਦੇ ਗੁਣ ਤੇ ਭਾਟੜਾ ਬੰਸ ਕਥਾ ਲਿਖੀ ਹੈ। ਛਿਹੱਤਰ ਸਫੇ ਦੇ ਨਿਕੇ ਜਹੇ ਗ੍ਰੰਥ ਅੰਦਰ ਪ੍ਰਾਚੀਨ ਗ੍ਰੰਥਾਂ ਤੋਂ ਪ੍ਰਮੁਖ ਪ੍ਰਮਾਨ ਪੇਸ਼ ਕਰਨ ਵਿਚ ਗਿ. ਆਰਫ਼ ਜੀ ਦੀ ਵਿਦਿਆ ਦਾ ਚਮਤਕਾਰ ਸੂਰਜ ਸਮਾਨ ਦਮਕਦਾ ਹੈ। ਇਸ ਅਮੋਲਕ ਗ੍ਰੰਥ ਵਿਚ ਆਏ ਸੰਖੇਪ ਸੁਮਾਸ ਹਰ ਪਖੋਂ ਮਜਬੂਤ ਹਨ ਜਿਸ ਕਰ ਕੇ ਇਹ ਵਿਦਵਾਨਾਂ ਦੇ ਪੜ੍ਹਨ ਯੋਗ ਹੈ। ਦੇਖੋ : ਗਿਆਨ ਸਿੰਘ ਆਰਫ਼।

ਆਲ ਇੰਡੀਆ ਸੰਗਤਿ ਭਾਟੜਾ ਯੂਨੀਅਨ— ਇਸ ਦਾ ਜਨਮ 11 ਪੋਹ ਸੰਮਤ 2023 ਬ੍ਰ. ਨੂੰ ਸ੍ਰੀ ਫਤਹਿ ਗੜ੍ਹ ਸਾਹਿਬ ਵਿਖੇ ਭਰ ਮੇਲੇ ਸਮੇਂ ਅਨੇਕਾਂ ਸੰਗਤਾਂ ਦੀ ਮੌਜੂਦਗੀ ਵਿਚ ਹੋਇਆ। ਲੇਖਕ ਨੂੰ ਇਸ ਯੂਨੀਅਨ ਦੇ ਸਸਥਾਪਕ ਅਤੇ ਪਹਿਲੇ ਪ੍ਰਧਾਨ ਹੋਣ ਦਾ ਮਾਣ ਪ੍ਰਾਪਤ ਹੈ। ਮਾਸਟਰ ਮਹਿੰਦਰ ਸਿੰਘ ਮਾਨ ਇਸ ਯੂਨਿਅਨ ਦੇ ਮੁਖ ਸਕੱਤਰ, ਗਿ: ਗੁਰਦੇਵ ਸਿੰਘ 'ਬਾਜ' ਅੰਬਾਂ ਮਾਜਰਾ ਮੀਤ ਪ੍ਰਧਾਨ, ਸ: ਗੁਰਚਰਨ ਸਿੰਘ ਬਸੀ ਪਠਾਣਾ ਮੀਤ ਸਕੱਤਰ, ਸ, ਮੁਨਸ਼ਾ ਸਿੰਘ ਐਡੀਟਰ ਦਿੱਲੀ, ਸ. ਦਿਵਾਨ ਸਿੰਘ ਮੰਡੀ ਗੋਬਿੰਦਗੜ੍ਹ ਜਥੇਦਾਰ, ਗਿ. ਕਰਤਾਰ ਸਿੰਘ ਕੰਵਲ ਕਨਵੀਨਰ, ਗਿ. ਜੋਗਿੰਦਰ ਸਿੰਘ ਧਨੌਲਾ ਪ੍ਰਾਪੇਗੰਡਾ ਸਕੱਤਰ ਅਤੇ ਅਕਾਲੀ ਸੁਦਾਗਰ ਸਿੰਘ 'ਸਾਦਿਕ' ਬਹਾਦਰ ਗੜ੍ਹ ਸਟੋਰ ਕੀਪਰ ਤੇ ਖਜਾਨਚੀ ਸਨ।

ਯੂਨੀਅਨ ਨੇ ਅਨੇਕਾਂ ਸਾਥੀਆਂ ਦੇ ਉਦਮ ਉਪਰਾਲੇ ਨਾਲ ਚੋਣ ਸੰਗਰਾਮ ਤੋਂ ਬਾਦ ਸਮਾਜ ਸੁਧਾਰਕ ਮਤੇ ਪ੍ਰਵਾਨ ਕਰ ਕੇ ਪ੍ਰਕਾਸ਼ਤ ਕਰਵਾਏ। ਸੰਪ੍ਰਦਾਇ ਇਤਿਹਾਸ ਨੂੰ ਉਜਾਗਰ ਕਰਨ ਦਾ ਬੀੜਾ ਚੁਕਿਆ ਅਤੇ ਮਹਾਨ ਕੋਸ਼ ਅੰਦੋਲਨ ਵਾਸਤੇ ਇਤਿਹਾਸਕ 'ਕੁਟੇਸ਼ਨਾਂ' ਇਕੱਤਰ ਕਰਕੇ ਅੰਦੋਲਨ ਨੂੰ ਸਫਲ ਬਣਾਇਆ। ਇਸੇ ਇਤਿਹਾਸਕ ਸਮਗਰੀ ਦੇ ਅਧਾਰ ਤੇ ਵਿਸ਼ੇਸ਼ ਯਤਨਾਂ ਨਾਲ ਮਹਾਨ ਕੋਸ਼ ਅੰਦੋਲਨ ਦੀ ਸਫਲਤਾ ਲਈ ਯੂਨੀਅਨ ਨੇ ਸਰਗਰਮ ਪ੍ਰੈਸ ਪ੍ਰਚਾਰ ਕੀਤਾ। ਅਨੇਕਾਂ ਅਖਬਾਰਾਂ ਤੇ ਇਸ਼ਤਿਹਾਰਾਂ ਰਾਹੀਂ ਜੋਰਦਾਰ ਪ੍ਰਾਪੇਗੰਡਾ ਸ਼ੁਰੂ ਕਰ ਕਰ ਕੇ ਥਾਂ ਪਰ ਥਾਂ ਜਾ ਕੇ ਸੰਗਤ ਵਲੋਂ ਮਤੇ ਪਾਸ ਕਰਵਾਏ। 'ਹਰੀ' ਜੀ ਤੇ ਭਾਸ਼ਾ ਵਿਭਾਗ ਨੂੰ ਮੈਮੋਰੰਡਮ ਤੇ ਦਲੀਲ ਭਰਪੂਰ ਚਿਠੀਆਂ ਲਿਖੀਆਂ ਗਈਆਂ ਅਤੇ ਡੈਪੂਟੇਸਨਾਂ ਰਾਹੀਂ ਸਿਧੇ ਵਿਚਾਰ ਵਟਾਂਦਰੇ ਦੀ ਮੁਹਿਮ ਚਲਾਈ ਗਈ। ਲੇਖਕ ਨੇ ਯੂਨੀਅਨ ਦੇ ਪ੍ਰਧਾਨ ਹੋਣ ਨਾਤੇ ਇਤਿਹਾਸਕ ਪੁਸ਼ਟੀਆਂ ਲਈ ਪ੍ਰਸ਼ਨ-ਉਤਰ ਰੂਪ ਵਿਚ ਸੰਸਾਰ ਪ੍ਰਸਿਧ ਗ੍ਰੰਥਾਂ ਦੀ ਸੂਚੀ ਤਿਆਰ ਕਰ ਕੇ ਮੋਰਚੇ ਦੇ ਸੰਚਾਲਕ ਗਿ. ਮੱਖਣ ਸਿੰਘ ਮ੍ਰਿਗਿੰਦ ਤੇ ਹੋਰ ਸਬੰਧਤ ਸਜਣਾਂ ਨੂੰ ਭੇਜੀ। ਬਾਦ ਵਿਚ ਇਹ ਤੱਥ 'ਇਤਿਹਾਸਕ ਮੈਮੋਰੰਡਮ' ਦਾ ਸ਼ੰਗਾਰ ਬਣੇ।

ਮਹਾਨ ਕੋਸ਼ ਅੰਦੋਲਨ ਦੀ ਵਕਾਲਤ ਕਰਨ ਖਾਤਰ ਸਿੱਖ ਸਾਹਿਤ ਦੇ ਸ੍ਰੋਮਣੀ ਲਿਖਾਰੀਆਂ ਦੇ ਪ੍ਰਸਿਧ ਗਰੰਥਾਂ ਦਾ ਸੰਗ੍ਰਹਿ ਕੀਤਾ ਗਿਆ। ਯੂਨੀਅਨ ਦੇ ਉਦਮ ਨਾਲ ਉਕਤ ਅੰਦੋਲਨ ਦੀ ਸਫਲਤਾ ਲਈ

ਨੋਟ— 'ਅੰਮ੍ਰਿਤਸਰ ਅੰਮ੍ਰਿਤ ਪ੍ਰਕਾਸ਼' ਗ੍ਰੰਥ ਬਹੁਤ ਘਟ ਉਪਲਭਦ ਹੈ। ਇਹ ਥੁੜ ਪੂਰੀ ਕਰਨ ਲਈ ਇਸ ਨੂੰ ਸੰਪਾਦਨ ਕਰ ਕੇ ਪ੍ਰਕਾਸ਼ਨ ਦੀ ਲੋੜ ਹੈ।

Digitized by Panjab Digital Library | www.panjabdigilib.org

ਇਕ ਮਹਾਨ ਕਾਨਫਰੰਸ 26 ਦਸੰਬਰ 1967 ਨੂੰ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਸਫਲਤਾ ਭਰਪੂਰ ਢੰਗ ਨਾਲ ਕੀਤੀ ਗਈ। ਇਸੇ ਤਰਾਂ ਆਲ ਇੰਡੀਆ ਸੰਗਤ ਭਾਟੜਾ ਯੂਨੀਅਨ ਨੇ ਭਾਸ਼ਾ ਵਿਭਾਗ ਪਟਿਆਲਾ ਨਾਲ ਆਪਣੇ ਵਾਰਤਾਲਾਪ ਵਿਚ ਇਕ ਇਤਿਹਾਸਕ ਤੇ ਨਵਾਂ ਪਾਰਟ ਅਦਾ ਕੀਤਾ। ਜਦ ਭਾਸ਼ਾ ਵਿਭਾਗ ਕੋਸ਼ ਅੰਦੋਲਨ ਨੂੰ ਲੰਮੇਰਾ ਕਰ ਰਿਹਾ ਸੀ ਤਾਂ ਯੂਨੀਅਨ ਨੇ ਵਿਭਾਗ ਨੂੰ ਨੋਟਿਸ ਦੇ ਕੇ ਵਿਦਵਾਨਾਂ ਦੇ ਸਮੇਲਨ ਨੂੰ ਨੇੜੇ ਲਿਆਂਦਾ। ਇਸ ਸਿਖਰ ਸਮੇਲਨ ਵਿਚ 16-3-68 ਨੂੰ ਸਫ਼ਲਤਾ ਪ੍ਰਾਪਤ ਹੋਈ। ਭਾਟੜਾ ਸੰਗਤਿ ਦੇ ਅਨੇਕਾਂ ਸਾਥੀਆਂ ਤੇ ਧਰਮ ਵੀਰਾਂ ਦੀ ਸਮੂਹਕ ਸ਼ਕਤੀ ਨਾਲ ਮਹਾਨ ਕੋਸ਼ ਵਿਚ ਭਾਟੜਾ ਸ਼ਬਦ ਦੇ ਅਰਥਾਂ ਨੂੰ ਲਗਾ ਮਿਥਿਹਾਸਕ ਕਲੰਕ ਲਥਾ ਤੇ ਇਤਿਹਾਸਕ ਅੰਮ੍ਰਿਤ ਫਲ ਲਗਾ।

ੳ

ਇਤਿਹਾਸਕ ਤ੍ਰਿਬੈਣੀ (ਪੁਸਤਕ) — ਭਾਟੜਾ ਸੰਗਤਿ ਦੇ ਮੁਢਲੇ ਇਤਿਹਾਸ ਬਾਰੇ ਜਾਣਕਾਰੀ ਦੇਣ ਵਾਲੀ ਪਹਿਲੀ ਸੁਮੇਲ ਰਚਨਾ ਹੈ। ਇਸ ਵਿਚ ਤਿੰਨ ਪ੍ਰਮਾਨਿਤ ਲਿਖਤਾਂ (1) ਹਕੀਕਤ ਰਾਹੁ ਮੁਕਾਮ ਰਾਜੇ ਸ਼ਿਵਨਾਭ ਕੀ, (2) ਸਿੰਘਲਾਦੀਪ ਕੀ ਰਹੁਤਾਸ ਅਤੇ (3) ਅੰਮ੍ਰਿਤਸਰ ਅੰਮ੍ਰਿਤ ਪ੍ਰਕਾਸ਼ ਵਿਚੋਂ ਭਾਟੜਾ ਬੰਸ਼ ਕਥਾ ਦਾ ਸੰਪਾਦਨ ਕੀਤਾ ਗਿਆ ਹੈ।*

ਉਕਤ ਤਿਨ ਲਿਖਤਾਂ ਦਾ ਸੰਪਾਦਨ ਕਰ ਕੇ ਗਿ. ਮੱਖਣ ਸਿੰਘ ਮ੍ਰਿਗਿੰਦ ਨੇ ਭਾਟੜਾ ਸੰਗਤਿ ਦੇ ਮੁਢਲੇ ਇਤਿਹਾਸ ਨੂੰ ਸੰਸਾਰ ਦੇ ਵਿਦਵਾਨਾਂ ਅਗੇ ਭੇਟ ਕੀਤਾ ਹੈ। ਇਸ ਪੁਸਤਕ ਦੀ ਵੰਧੋਰੇ ਮਾਨਤਾ ਇਸ ਵਿਚ ਹੈ ਕਿ ਇਹ ਗੁਰੂ ਨਾਨਕ ਸਾਹਿਬ ਜੀ ਦੇ ਲੰਕਾ ਜਾ ਕੇ ਰਾਜਾ ਸ਼ਿਵਨਾਭ ਨੂੰ ਗੁਰਮਤ ਦੀ ਮੰਜੀ ਬਖਸ਼ਨ ਤੇ ਭਾਟੜਾ ਸੰਗਤਿ ਨੂੰ ਸਾਜਨ ਦੀ ਪ੍ਰੋੜਤਾ ਕਰਦੀ ਹੈ।

ਇੰਟਰ ਨੈਸ਼ਨਲ ਭਾਟੜਾ ਯੂਨੀਅਨ — 1942 ਈ: ਵਿਚ ਰਤਨ ਨਗਰ ਲਾਹੌਰ ਵਿਖੇ ਬਣੀ। ਇਸ ਦੇ ਪਹਿਲੇ ਪਰਬੰਧਕ ਗਿ. ਹਰਨਾਮ ਸਿੰਘ ਕੌਮੀ ਪ੍ਰਧਾਨ, ਗਿ. ਕਰਤਾਰ ਸਿੰਘ ਕੰਵਲ ਮੀਤ ਪ੍ਰਧਾਨ, ਗਿ. ਸੁੰਦਰ ਸਿੰਘ ਸਾਗਰ ਮੁਖ ਸਕੱਤਰ, ਗਿ. ਰਤਨ ਸਿੰਘ ਸ਼ਾਦ ਚੈਡ ਖਜ਼ਾਨਚੀ ਅਤੇ ਸ: ਝੰਡਾ ਸਿੰਘ ਪਟੇਲ ਚੀਫ ਵਿੱਪ ਸਨ। ਯੂਨੀਅਨ ਦੇ ਅਧਿਕਾਰ ਹੇਠ ਸੰਗਤਿ ਰਸਾਲਾ ਲਾਇਲਪੁਰ ਦੀ ਬਜਾਏ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਛਪਣਾ ਸ਼ੁਰੂ ਹੋਇਆ। ਰਸਾਲੇ ਦੇ ਪ੍ਰਿੰਟਰ ਦੇ ਅਧਿਕਾਰ ਸ: ਝੰਡਾ ਸਿੰਘ ਪਟੇਲ ਜੀ ਨੂੰ ਦਿਤੇ ਗਏ ਸਨ। ਯੂਨੀਅਨ ਦਾ ਮੁੱਖ ਕੰਮ ਪਰਚਾਰ ਰਾਹੀਂ ਸਮਾਜ ਸੁਧਾਰ ਲਿਆਉਣਾ ਸੀ।

ਏਕ ਭੱਟ — ਵਿਆਖਿਆ : ਅਦੁਤੀ ਸੂਰਮਾਂ, ਜਿਸ ਦੇ ਬਰਾਬਰ ਯੋਦਾ ਨਹੀਂ।

ਯਥਾ— ਪਤਿਤ ਉਧਾਰਨ ਏਕ ਭਟੇ (ਅਕਾਲ ਉਸਤਤ)।**

ਏਕ ਪਦ / ਏਕ ਪਾਦ — (ਸੰਗਿਆ) ਵੈਕੁੰਠ, ਕੈਲਾਸ਼

ਨੋਟ — ਆਲ ਇੰਡੀਆ ਸੰਗਤਿ ਭਾਟੜਾ ਯੂਨੀਅਨ ਦੇ ਰਿਕਾਰਡ ਵਿਚੋਂ ਮਹਾਨ ਕੋਸ਼ ਅੰਦੋਲਨ ਨਾਲ ਸਬੰਧਤ ਇਹ ਇੰਦਰਾਜ ਸੰਖੇਪ ਰੂਪ ਵਿਚ ਇਥੇ ਦਿਤਾ ਗਿਆ ਹੈ, ਯੂਨੀਅਨ ਦੇ ਕਾਰਜ ਕਾਲ ਦਾ ਸਾਰਾ ਰਿਕਾਰਡ ਲੇਖਕ ਪਾਸ ਸੁਰਖਿਅਤ ਪਿਆ ਹੈ।

* ਪੜੋ—ਸੰਗਤਿ ਵੀਕਲੀ 'ਪਟੇਲ' ਅੰਕ ਪੰਨਾ 28

** ਪੜੋ—ਮਹਾਨ ਕੋਸ਼ ਪੰਨਾ 98।

Digitized by Panjab Digital Library | www.panjabdigilib.org



ਆਲ ਇੰਡੀਆ ਸੰਗਤ ਭਾਟੜਾ ਯੂਨੀਅਨ ਦੇ ਮੈਂਬਰਾਂ ਨਾਲ ਭਾਟੜਾ ਸੰਗਤ ਦੇ ਸ਼੍ਰੋਮਣੀ ਨੇਤਾ ਗਿ: ਮੱਖਣ ਸਿੰਘ 'ਮ੍ਰਿਗਿੰਦ':
ਬੈਠੇ (ਖੱਬੇ ਤੋਂ ਸੱਜੇ) ਗਿ: ਜੋਗਿੰਦਰ ਸਿੰਘ ਜੌਹਰ (ਸਕੱਤ੍ਰ) ਵੈਦ ਮੋਹਨ ਸਿੰਘ ਮਾਹਿਰ (ਚੀਫ ਵਿਖ); ਗਿ: ਮੱਖਣ ਸਿੰਘ ਮ੍ਰਿਗਿੰਦ, ਗਿ: ਸਮੁੰਦਰ ਸਿੰਘ ਹਿਸਟੋਰੀਅਨ (ਮੁਖ ਸਕੱਤ੍ਰ), ਗਿ: ਕਰਪਾਲ ਸਿੰਘ ਸਿਖ ਮਿਸ਼ਨਰੀ (ਪ੍ਰਚਾਰ ਸਕੱਤ੍ਰ)। ਖੜੋਤੇ (ਖੱਬੇ ਤੋਂ ਸੱਜੇ) ਮਾ: ਮਹਿੰਦਰ ਸਿੰਘ ਮਾਨ (ਆਫਸ ਸਕਤ੍ਰ ਤੇ ਪ੍ਰੈਸ ਪ੍ਰਚਾਰਕ), ਗਿ: ਜੋਗਿੰਦਰ ਸਿੰਘ ਧਨੌਲਾ (ਜਥੇਦਾਰ), ਵੈਦ ਬਲਕਾਰ ਸਿੰਘ ਬੱਬਰ (ਰਿਪੋਰਟਰ), ਸ. ਹਰਭਜਨ ਸਿੰਘ (ਸੋਸ਼ਲ ਵਰਕਰ), ਵੈਦ ਕਰਤਾਰ ਸਿੰਘ ਪ੍ਰਭਾਕਰ (ਸਲਾਹਕਾਰ) ਤੇ ਗਿ: ਕਰਤਾਰ ਸਿੰਘ ਕੰਵਲ ਮੀਤ ਪ੍ਰਧਾਨ। (ਫੋਟੋ : 14-4-08)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org



ਗੁ: ਦੁਖਨਿਵਾਰਨ ਸਾਹਿਬ ਪਟਿਆਲਾ ਵਿਖੇ ਆਲ ਇੰਡੀਆ ਸੰਗਤ ਭਾਟੜਾ ਯੂਨੀਅਨ ਦੀ ਤੀਸਰੀ ਚੋਣ ਸਮੇਂ ਦਾ ਇਕ ਯਾਦਗਾਰੀ ਚਿਤ੍ਰ

3 ਅਗਸਤ 1969 ਤਦ ਅਨੁਸਾਰ 9 ਸਾਵਨ ਬੰ: 2026 ਬਿਕਰਮੀ ।

Digitized by Panjab Digital Library | www.panjabdigilib.org

ਕੇਲਰ ਦੇਸ਼ (ਜਿਸ ਨੂੰ ਹੁਣ ਮਾਲਾਬਾਰ ਆਖਦੇ ਹਨ), ਮਾਲਾਵਾਰ ਦਾ ਵਸਨੀਕ, ਇਕ ਪੈਰ ਤੇ ਤਪ ਕਰਨ ਵਾਲਾ, ਪ੍ਰਮਾਤਮਾ—ਜਿਸ ਦਾ ਇਕ ਚਰਨ ਸਾਰੀ ਵਿਸ਼ ਹੈ, ਗਿਆਰਾਂ ਰੁਧਰਾ ਵਿਚੋਂ ਇਕ ਸ਼ਿਵ।*

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੁਰਾਤਨ ਬੀੜ — ਜ਼ਿਲ੍ਹਾ ਗੁਰਦਾਸਪੁਰ ਕਸਬਾ ਤਿੱਬੜ ਦੀ ਪੁਰਾਤਨ ਧਰਮ ਸਾਲਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜੋ ਬੀੜ ਭਾਟ ਸੰਗਤਿ ਪਾਸ ਸੁਰੱਖਿਅਤ ਪਈ ਹੈ ਉਹ ਭਾਈ ਬੰਨੋ ਵਾਲੀ ਬੀੜ ਦਾ ਹੀ ਉਤਾਰਾ ਹੈ। ਪਹਿਲਾ ਪੱਤਰਾ ਪਾਟ ਜਾਣ ਕਾਰਨ ਲਿਖਤ ਦਾ ਸੰਮਤ ਨਹੀਂ ਮਿਲਦਾ। ਲਿਖਤ ਰਸਮੀ ਤੇ ਜਿਲਦ ਦੁਬਾਰਾ ਬਣੀ ਪਈ ਹੈ। ਅੰਤ ਵਿਚ ਰਤਨ ਮਾਲਾ, ਆਤਸ਼ ਬਾਏ, ਹਕੀਕਤ ਰਾਹੁ ਮੁਕਾਮ, ਰਾਗ ਮਾਲਾ, ਸਿਆਈ ਕੀ ਬਿੱਧ ਤੋਂ ਬਾਅਦ ਚਲਿਤ ਜੋਤੀ ਜੋਤ ਸਮਾਵਣੇ ਕਾ ਇਉਂ ਹੈ :

ਯਥਾ—ਸੰਮਤ ੧੫੯੬ ਅਸੂ ਵਦੀ ਦਸਵੀਂ
ਬਾਬਾ ਨਾਨਕ ਦੇਵ ਜੀ ਸਮਾਏ।

ਸੰਮਤ ੧੬੦੯ ਚੇਤ ਸੁਦੀ ਚੌਥ
ਸ੍ਰੀ ਸਤਿਗੁਰੂ ਅੰਗਦ ਜੀ ਸਮਾਣੇ।

ਸੰਮਤ ੧੬੩੧ ਭਾਦਉ ਸੁਦੀ ਪੰਦਰਸ
ਸ੍ਰੀ ਸਤਿਗੁਰੂ ਅਮਰਦਾਸ ਜੀ ਸਮਾਣੇ।

ਸੰਮਤ ੧੬੩੮ ਭਾਦਉ ਸੁਦੀ ੩
ਸ੍ਰੀ ਸਤਿਗੁਰੂ ਰਾਮਦਾਸ ਜੀ ਸਮਾਣੇ।

ਸੰਮਤ ੧੬੬੩ ਜੇਠ ਸੁਦੀ ਚੌਥ
ਸ੍ਰੀ ਸਤਿਗੁਰੂ ਅਰਜਨ ਜੀ ਸਮਾਣੇ।

ਸੰਮਤ ੧੬੭੧ ਚੇਤ ਸੁਦੀ ਪੰਚਮੀ
ਸ੍ਰੀ ਸਤਿਗੁਰੂ ਹਰਿਗੋਬਿੰਦ ਜੀ ਸਮਾਣੇ।

ਸੰਮਤ ੧੭੧੮ ਕਤਕ ਵਦੀ ਨਉਮੀ
ਸ੍ਰੀ ਸਤਿਗੁਰੂ ਹਰਿਰਾਇ ਜੀ ਸਮਾਣੇ।

ਸੰਮਤ ੧੭੨੧ ਚੇਤ ਸੁਦੀ ਚਉਦਸ
ਸ੍ਰੀ ਸਤਿਗੁਰੂ ਹਰਿਕਿਸ਼ਨ ਜੀ ਸਮਾਣੇ।

ਸੰਮਤ ੧੭੩੨ ਮੰਘਰ ਸੁਦੀ ਪੰਚਮੀ
ਤੇਗ ਬਹਾਦਰ ਜੀ ਸਮਾਣੇ।

ਸੰਮਤ ੧੭੬੫ ਕਤਕ ਵਦੀ ਪੰਚਮੀ
ਗੁਰੂ ਗੋਬਿੰਦ ਸਿੰਘ ਜੀ ਸਮਾਣੇ।

ਪਹਿਰ ਡੂਢ ਰਾਤ ਗਈ। ਵੀਰਵਾਰ ਸਾਹਿਬ ਦੇਵਲੋਕ ਹੋਏ। ਦੱਖਣ ਦੇਸ ਵਿਚ ਨੰਦੇੜ ਪਾਸ।

ਆਖਰੀ ਪੱਤਰੇ ਪਰ ਇਕ ਰਸੀਦ ਹੈ ਜੋ ਭਾਟੜਾ ਸੰਗਤਿ ਦੀ ਪੁਰਾਤਨ ਮਰਯਾਦਾ ਨੂੰ ਉਜਾਗਰ ਰੱਖਦੀ ਹੈ।

ਯਥਾ (ਨਕਲ ਰਸੀਦ) : ੴ ਸਤਿਗੁਰ ਪ੍ਰਸਾਦਿ।

ਲਿਖਤੁਮ ਜਵਾਹਰ ਸਿੰਘ ਪ੍ਰਜੋਜਨ ਏਹ ਜੋ ਗਿਰੰਥ ਜੀ ਸਾਹਿਬ ਅਮਾਨ ਪਿਆਰਾ ਸਿੰਘ ਰੱਖਿਆ

* ਪੜੋ—ਮਹਾਨ ਕੋਸ਼ ਪੰਨਾ 98।

ਨੋਟ— ਸੰਮਤ ੧੮੫੮ ਭਾਦਰੋਂ ਨੂੰ ਸ੍ਰੀ ਅੰਮ੍ਰਿਤਸਰ ਇਸ ਬੀੜ ਦੀ ਜਿਲਦ ਕੁਝ ਭਾਟ ਸਿਖਾਂ ਨੇ ਬਨਾਈ ਤੇ ਮੁਰੰਮਤ ਕਰਵਾਈ। ਅਖੀਰ ਪਰ ਲਿਖੀ ਰਸੀਦ ਵਿਚ ਸੰਗਤੀ ਏਕੇ ਅਤੇ ਮਿਲਵਰਤਨ ਦੀ ਰੀਤੀ ਦਾ ਉਤਮ ਉਧਾਰਨ ਮਿਲਦਾ ਹੈ। ਵੱਖ ਵੱਖ ਪਿੰਡਾਂ ਤੋਂ ਸੰਗਤਿ ਦੇ ਨਾਮ ਲਿਖੇ ਸੁਰੱਖਿਅਤ ਹਨ। ਇਹ ਸ੍ਰੀ ਬੀੜ ਜੀ ਸਤਿਕਾਰ ਨਾਲ ਤਿੱਬੜ ਵਿਖੇ ਸੰਭਾਲੀ ਪਈ ਹੈ। ਲੇਖਕ ਨੇ ਮਿਤੀ 25 ਮਈ 1968, (੧੨ ਜੇਠ ਸੰ. ੨੦੨੪ ਬਿ. ਦਿਨ ਸ਼ਨੀਵਾਰ) ਖੋਜ ਸਮੇਂ ਇਸ ਬੀੜ ਦੇ ਦਰਸ਼ਨ ਕੀਤੇ।

Digitized by Panjab Digital Library | www.panjabdigilib.org

ਸੀ ਸੋ ਪੰਜੀ ਰੁਪੈ ੨੫) ਮੱਖ ਭਰ ਲਿਆ - ਸੰਮਤ ੧੮੫੮ ਮਿਤੀ ਭਾਦਰੋ ਦਿਨ ੧੭ ਵਾਰ ਬੁਧ ਮੱਖ ਭਰ ਲਿਆ - ਅੰਮ੍ਰਿਤਸਰ ਜੀ ਆਲੂ ਵਾਲੇ ਦੇ ਕਟੜੇ-ਧਰਮ ਸਾਲ ਵਿਚ ਕਾਗਤ ਲਿਖਿਆ - ਸੂਬਾ ਸਿੰਘ ਪਸੌਰੀਏ ਦੇ ਹਥੀਂ - ਬਖਸ਼ ਕੀਤਾ - ਉਗਾਈ ਧਾੜੀਵਾਲਾ ਦੀ-ਭਾਈ ਸੂਰਤ ਸਿੰਘ ਦਿਗਵਾ-ਰਾਇ ਸਿੰਘ ਪੋਤੀਵਾਲ-ਗੁਰਬਖਸ਼ ਸਿੰਘ ਲੋਹਾ ਭਾਡੇਵਾਲ- ਜੋਧ ਸਿੰਘ ਲਾਂਡਾ-ਮਨਸਾ ਉਗਾਹੀ- ਬਖਤੂ ਪੂਰਬਿਆ- ਦੇਵਾ ਸਿੰਘ ਲਾਂਡਾ ਡਸਕੇ ਦਾ- ਅੰਬਰੀਕ ਸਿੰਘ ਪੂਰਬਿਆ - ਲੁਡਣ ਬਾਸੀ ਤਿੱਬੜ - ਜੋਧ ਸਿੰਘ ਤਿੱਬੜ - ਜੈ ਸਿੰਘ ਨਤਾਂ ਦੀ ਪੈਚਾਇਤ ਭਾਟਾ ਸਿਖਾਂ ਨੇ ਭਰ ਦਿਤੇ - ਮਾਧੋ ਵਾਸੀ ਤਿੱਬੜ ਦੀ - ਨੋਰਅੋ ਸੈਜੂ ਹੌਦ ੪ ਰੁਪੈ-ਅਰ ਸਿੰਘ ੩ ਜੁਆਰ ਕਸਬੇਆਂ ੯ - ਨਗ਼ਾਹੀ ਰੌਦ ੪- ਜੁਹਦ ਸਿੰਘ ਜਾਸੂ ਦਿਗਵਾ ੩ - ਵਣੂ ਸਿੰਘ ਰਠੌੜ ੭ - ਗੁਮਨੀਆਂ ਰੌਦ ੭- ਅਛਰੂ ਭਾਕੜ- ਲਿਖਤੁਮ ਪਿਆਰਾ ਸਿੰਘ ਰੌਦ ਪੰਜੀ ਤਾਰੇ ਜੁਆਰੁ ਸਿੰਘ ਨੂੰ ਤੇਹ ਦਾ-ਚੌਲਾ ਗ੍ਰੰਥ ਸਾਹਿਬ ਨੂੰ ਚਾੜਿਆ- ਰੁਪੇ ਅਠਾਈ ਬਾਬਤ ਗਰਥ- ਜੇਸ- ਜੇਸ-ਨੇ ਸੇ-ਸੁਪੇਆ ਘਨ।

ਇਸ ਲਿਖਤੀ ਰਸੀਦ ਵਿਚ ਆਈਆਂ ਮਾਤਰਾਂ ਹੂ-ਬਾ-ਹੂ ਉਸੇ ਤਰਾਂ ਲਿਖੀਆਂ ਹਨ ਜਿਵੇਂ ਪੁਰਾਤਨ ਬੀੜ ਵਿਚ ਲਿਖੀਆਂ ਪਈਆਂ ਹਨ। ਘਨ ਤੋਂ ਅਗਲੀ ਅਬਾਰਤ ਪੱਤਰਾ ਫੱਟ ਜਾਣ ਕਾਰਨ ਨਵਾਂ ਹਾਸ਼ੀਆ ਲਾਣ ਸਮੇਂ ਮੁਰੰਮਤ ਕਰਨ ਵਾਲੇ ਤੋਂ ਮਿਟ ਚੁਕੀ ਹੈ। ਇਸੇ ਪੁਰਾਤਨ ਬੀੜ ਬਾਰੇ-ਸ੍ਰੀ ਬਿਸਨ ਦਾਸ ਭਾਟ ਗਲੀ ਦਿਵਾਨਾ ਡਾਕਘਰ ਤਿੱਬੜ ਜ਼ਿਲਾ ਗੁਰਦਾਸਪੁਰ ਦਾ ਬਿਆਨ ਇਉ ਹੈ। ਯਥਾ .....

"ਇਹ ਪ੍ਰਾਚੀਨ ਬੀੜ ਸਾਡੇ ਵਡਾਰੂਆਂ ਸਤਾਰਵੀਂ ਸਦੀ ਵਿਚ ਇਥੇ ਪ੍ਰਕਾਸ਼ਤ ਕੀਤੀ। ਜਦੋਂ ਅਹਿਮਦ ਸ਼ਾਹ ਦੁਰਾਨੀ ਵਡੇ ਘਲੂਘਾਰੇ ਸਮੇਂ ਸੰਮਤ 1818 ਨੂੰ ਦੇਸ਼ ਵਿਚ ਲੜਿਆ ਤਾਂ ਉਸ ਵਕਤ ਇਸ ਬੀੜ ਨੂੰ ਤੁਰਕਾਂ ਹਥੋਂ ਬਚਾਣ ਲਈ ਕਾਨੂਵਾਣ ਦੇ ਛੰਭ ਵਿਚ ਛਪ ਕੇ ਸਿਰ ਪਰ ਚੁਕੀ ਰੱਖਿਆ। ਇਕ ਸਿਖ ਦੇ ਥਕਣ ਤੇ ਦੂਜਾ ਸਿਖ ਬੀੜ ਸਿਰ ਤੇ ਚੁਕ ਲੈਂਦਾ ਸੀ। ਇਸੇ ਤਰਾਂ ਬਿਪਤਾ ਦੇ ਦਿਨ ਸਿਧਕੀ ਭਾਟ ਸਿਖਾਂ ਨੇ ਗੁਜਾਰੇ ਅਤੇ ਵਾਰੋ ਵਾਰੀ ਸ੍ਰੀ ਬੀੜ ਜੀ ਨੂੰ ਆਪੋ ਆਪਣੇ ਸਿਰਾਂ ਤੇ ਬਦਲ ਬਦਲ ਕੇ ਚੁਕੀ ਰਖਿਆ। ਬੀੜ ਨੂੰ ਹੇਠ ਤਕ ਨਾ ਧਰਿਆ ਕਿਉਂਕਿ ਛੰਭ ਵਿਚ ਸਾਰੇ ਪਾਸੇ ਪਾਣੀ ਹੀ ਪਾਣੀ ਸੀ। ਭਾਟ ਸਿਖਾਂ ਭੁਖ-ਪਿਆਸ ਤੇ ਛੰਭ ਦੇ ਦੁਖਾਂ ਦੀ ਪਰਵਾਹ ਨਾ ਕੀਤੀ। ਛੰਭ ਦੀਆਂ ਸਪਾਂ ਸਮਾਨ ਜੋਕਾਂ ਨੇ ਉਹਨਾਂ ਦਾ ਲਹੂ ਪੀ-ਪੀ ਕੇ ਉਹਨਾਂ ਨੂੰ ਕਮਜ਼ੋਰ ਕਰ ਦਿਤਾ। ਆਖਰ ਕਸ਼ਟਾਂ ਤੋਂ ਤੰਗ ਆ ਕੇ ਇਕ ਦੂਲੋ ਨਾਮੀ ਰੰਗੜ ਮੁਸਲਮਾਨ ਦੇ ਪਾਸ ਬੀੜ ਅਮਾਨਤ ਰਖ ਦਿਤੀ। ਜਦੋਂ ਇਲਾਕੇ ਦੇ ਮੁਤਸਬੀ ਮੁਸਲਮਾਨ ਬੀੜ ਨੂੰ ਅਲੋਪ ਕਰਨ ਲਗੇ ਤਾਂ ਭਾਟ ਸੰਗਤਿ ਨੇ ਦੂਲੋ ਰੰਗੜ ਪਾਸੋਂ ਬੀੜ ਵਾਪਸ ਮੰਗੀ। ਦੂਲੋ ਟਾਲ ਮਟੋਲੇ ਕਰਨ ਲਗਾ। ਸਮੇਂ ਨੂੰ ਮੁਖ ਰਖ ਕੇ ਭਾਟ ਸਿਖਾਂ ਨੇ ਦੂਲੋ ਰੰਗੜ ਨੂੰ ਪੰਜੀ ਰੁਪੈ ਲਾਲਚ ਦੇ ਕੇ ਬੜੀ ਮੁਸ਼ਕਲ ਨਾਲ ਬੀੜ ਸਾਹਿਬ ਵਾਪਸ ਲਈ। ਅੰਤ ਸਮੇਂ ਦੂਲੋ ਰੰਗੜ ਹਰਾਮ ਮੌਤੇ ਮਰਿਆ ਤੇ ਘਰ ਦਿਆਂ ਦੇ ਹੱਥ ਭੀ ਨਾ ਲਗਾ।

ਇਹ ਭਾਟ ਸੰਗਤਿ ਦੀ ਸ਼ਰਧਾ ਤੇ ਸਿਦਕ ਭਰੀ ਘਾਲਨਾ ਸੀ ਜਿਸ ਤੋਂ ਰਹਿੰਦੀ ਦੁਨੀਆਂ ਤਕ ਆਉਣ ਵਾਲੀਆਂ ਪੀਹੜੀਆਂ ਨੂੰ ਪ੍ਰੇਰਨਾ ਤੇ ਭਰਪੂਰ ਉਤਸ਼ਾਹ ਮਿਲਦਾ ਰਹੇਗਾ।"

ਸੰਗਤਿ ਸਭਾ ਮੁਲਤਾਨ — ਸੰਨ 1882 ਈ. ਵਿਚ ਸ: ਬੁਧ ਸਿੰਘ ਬੰਗਲੇਵਾਲਾ ਦੇ ਯਤਨਾਂ ਨਾਲ ਮਹੱਲਾ ਅਮਾਮ ਪੁਰਾ ਵਿਖੇ ਸਥਾਪਨ ਕੀਤੀ ਗਈ।

ਸਭਾ ਦੀ ਪਹਿਲੀ ਚੋਣ ਸਰਬ ਸੰਮਤੀ ਨਾਲ ਕਰ ਕੇ ਹੇਠ ਲਿਖੇ ਔਹਦੇਦਾਰ ਨੀਯਤ ਕੀਤੇ ਗਏ—

ਸ. ਬੁੱਧ ਸਿੰਘ ਬੰਗਲੇਵਾਲਾ ਪ੍ਰਧਾਨ, ਸ. ਦਾਲਾ ਸਿੰਘ ਦਿਗਪਾਲ ਸਕੱਤਰ, ਸ: ਪੰਚੈਤੀ ਸਿੰਘ ਖਜ਼ਾਨਚੀ ਅਤੇ ਸ. ਜਿੰਦੂਆ ਸਿੰਘ ਚਨਾਣੇ ਸਲਾਹਕਾਰ ਬਣੇ। ਇਸ ਸਭਾ ਦਾ ਵਿਸ਼ੇਸ਼ ਕੰਮ ਗੁਰੂ ਨਾਨਕ ਸਾਹਿਬ

Digitized by Panjab Digital Library | www.panjabdigilib.org

ਜੀ ਦੇ ਇਤਿਹਾਸਕ ਥਾਨ ਨਾਨਕ ਵਾੜਾ ਮੁਲਤਾਨ ਨੂੰ ਦੁਨੀਆਂ ਸਾਹਮਣੇ ਉਜਾਗਰ ਕਰਨਾ ਸੀ। ਸਭਾ ਨੇ ਗੁਰੂ ਨਾਨਕ ਸਾਹਿਬ ਦੀ ਮੁਲਤਾਨ ਫੇਰੀ ਦੀ ਯਾਦ ਵਿਚ ਇਸ ਅਸਥਾਨ ਤੇ ਗੁਰੂ ਮੰਦਰ ਉਸਾਰ ਕੇ ਗੁਰਮਤ ਦਾ ਪ੍ਰਚਾਰ ਅਰੰਭਿਆ। ਸਮਾਜ ਵਿਚ ਪੁਰਾਣੀਆਂ ਰੀਤਾਂ ਨੂੰ ਤਿਲਾਂਜਲੀ ਦੇਣ ਦਾ ਉਦੇਸ਼ ਅਮਲ ਵਿਚ ਲਿਆਂਦਾ ਗਿਆ। ਇਹ ਅਸਥਾਨ ਫਤਹਿ ਬੁਰਜ ਤੋਂ ਦਿੱਲੀ ਦਰਵਾਜੇ ਵਲ ਜਾਂਦਿਆਂ ਰਾਹ ਵਿਚ ਵਿਦਮਾਨ ਸੀ। ਇਸ ਦੀ ਜ਼ਮੀਨ ਦਾ ਇਕ ਹਿੱਸਾ ਸੁੰਦਰ ਦਾਸ ਉਦਾਸੀ ਦੇ ਕਬਜ਼ੇ ਵਿਚ ਵਾਂਦੜ ਸੀ। ਦੂਜਾ ਹਿੱਸਾ ਉਦਾਸੀ ਸੰਤਾਂ ਦੀ ਵਾਰਸ ਪ੍ਰਸਿਧ ਮਾਈ ਪ੍ਰਗਟ ਬੁੱਡੀ ਦੀ ਮਲਕੀ-ਅਤ ਸੀ। ਇਸੇ ਮਾਈ ਪਾਸੋਂ ਸ. ਬੁਧ ਸਿੰਘ ਨੇ ਆਪ ਮਾਇਆ ਖਰਚ ਕੇ ਬੈ-ਖਰੀਦ ਕਰ ਜ਼ਮੀਨ ਗੁਰੂ ਕੀਆਂ ਸੰਗਤਾਂ ਨੂੰ ਗੁਰਦਵਾਰਾ ਬਨਾਣ ਲਈ ਅਰਦਾਸਾ ਕਰਵਾ ਦਿਤੀ। ਸੰਗਤਾਂ ਨਾਲ ਆਪ ਮਿਲ ਕੇ ਗੁਰਦਵਾਰਾ ਨਾਨਕ ਵਾੜਾ ਬਣਾ ਕੇ ਜਸ ਪ੍ਰਾਪਤ ਕੀਤਾ। ਇਸ ਗੁਰ ਸਥਾਨ ਦੀ ਪਹਿਲੀ ਬਣੀ ਰਜਿਸਟਰੀ ਸ: ਬੁਧ ਸਿੰਘ ਦੇ ਨਾਮ ਸੀ ਜੋ ਉਹਨਾਂ ਦੇ ਵਾਰਸਾਂ ਪਾਸੋਂ 1947 ਵਿਚ ਨਨਕਾਣਾ ਸਾਹਿਬ ਵਿਖੇ ਭਾਜੜ ਸਮੇਂ ਜਾਂਦੀ ਰਹੀ। (ਦੇਖੋ: ਨਾਨਕਵਾੜਾ)

ਸੰਗਤਿ ਡੈਪੂਟੇਸ਼ਨ ਸੁਸਾਇਟੀ ਅੰਮ੍ਰਿਤਸਰ — ਇਹ ਸੁਸਾਇਟੀ ਨਵੰਬਰ 1941 ਈ. ਵਿਚ ਅਸਥਾਪਨ ਹੋਈ। ਇਸ ਦੇ ਪ੍ਰਬੰਧਕ ਸਰਬ ਸੰਮਤੀ ਨਾਲ ਇਸ ਪ੍ਰਕਾਰ ਚੁਣੇ ਗਏ —

ਗਿ. ਮੱਖਣ ਸਿੰਘ ਮ੍ਰਿਗਿੰਦ ਪ੍ਰਧਾਨ, ਸ. ਬੈਕੁੰਠ ਸਿੰਘ ਹਮਦਰਦ ਮੀਤ ਪ੍ਰਧਾਨ, ਗਿ. ਸੁੰਦਰ ਸਿੰਘ ਸਾਗਰ ਸਕੱਤਰ ਤੇ ਡਾ. ਹਰਨਾਮ ਸਿੰਘ ਤਾਲਿਬ ਖਜ਼ਾਨਚੀ। ਸਮਾਜ ਸੁਧਾਰ ਇਸ ਸੁਸਾਇਟੀ ਦਾ ਮੁਖ ਉਦੇਸ਼ ਸੀ।

ਸ੍ਰੀ ਗੁਰੂ ਨਾਨਕ ਨੌਜਵਾਨ ਭਾਟ ਸਭਾ — (ਮਾਨਾ ਵਾਲਾ ਬਾਰ ਜ਼ਿਲ੍ਹਾ ਸ਼ੇਖੂਪੁਰਾ) : 20 ਜੂਨ 1935 ਈ. ਵਿਚ ਗਿ. ਮੱਖਣ ਸਿੰਘ ਮ੍ਰਿਗਿੰਦ ਦੇ ਯਤਨਾਂ ਨਾਲ ਸੰਤ ਅਤਰ ਸਿੰਘ ਮਹੰਤ ਗੁ. ਪਟੀ ਸਾਹਿਬ ਦੀ ਸਰਪ੍ਰਸਤੀ ਵਿਚ ਬਣੀ। ਸਰਬ ਸੰਮਤੀ ਨਾਲ ਚੋਣ ਕਰ ਕੇ ਗਿ. ਮਖਣ ਸਿੰਘ ਮ੍ਰਿਗਿੰਦ ਪ੍ਰਧਾਨ, ਡਾ. ਹਰਨਾਮ ਸਿੰਘ ਤਾਲਬ ਸਕੱਤਰ, ਗਿ. ਕਰਤਾਰ ਸਿੰਘ ਕੰਵਲ ਖਜ਼ਾਨਚੀ ਅਤੇ ਸ: ਗੁਰਚਰਨ ਸਿੰਘ ਸੋਸ਼ਲ ਵਰਕਰ ਬਣੇ। ਇਸ ਸਭਾ ਦੇ ਉਦਮ ਨਾਲ 'ਸੰਗਤਿ' ਨਾਮ ਦਾ ਇਕ ਮਾਸਿਕ ਪੱਤਰ ਜਾਰੀ ਕੀਤਾ ਗਿਆ। ਇਸ ਰਸਾਲੇ ਦੇ ਜਾਰੀ ਕਰਨ ਨਾਲ ਭਾਟੜਾ ਸੰਗਤਿ ਵਿਚ ਜਾਗਰਤਾ ਪੈਦਾ ਹੋਈ ਅਤੇ ਸਮਾਜ ਸੁਧਾਰ ਲਹਿਰ ਨੇ ਜ਼ੋਰ ਫੜਿਆ।

ਸ੍ਰੀ ਚੰਦ ਗੁਰਦਵਾਰਾ— ਡਸਕਾ ਨਗਰ ਦੀ ਸ਼ਾਮਲਾਟ ਜ਼ਮੀਨ (ਜੋ ਭਾਟ ਸਿੱਖਾਂ ਦੇ ਹੀ ਕਬਜ਼ੇ ਵਿਚ ਸੀ) ਬੋੜਾਂ ਹੇਠ ਬਾਬਾ ਸ੍ਰੀ ਚੰਦ ਜੀ ਵਿਰਾਜ ਕੇ ਕਈ ਦਿਨ ਧਰਮ ਪ੍ਰਚਾਰ ਕਰਦੇ ਰਹੇ। ਉਹਨਾਂ ਦੀ ਸਦੀਵੀ ਯਾਦ ਵਜੋਂ ਉਥੇ ਗੁਰਦਵਾਰਾ ਬਾਬਾ ਸ੍ਰੀ ਚੰਦ ਜੀ ਉਸਾਰਿਆ ਗਿਆ। ਇਹ ਗੁਰਦਵਾਰਾ ਭਾਟ ਸੰਗਤਿ ਦੇ ਪ੍ਰਬੰਧ ਹੇਠ 1947 ਤਕ ਚਲਦਾ ਰਿਹਾ। ਦੇਸ ਬਟਵਾਰੇ ਬਾਅਦ ਫਿਰ ਨਵੇਂ ਸਿਰਿਉਂ ਬਾਬਾ ਸ੍ਰੀ ਚੰਦ ਦੀ ਯਾਦਗਾਰ ਲੁਧਿਆਣਾ ਵਿਖੇ ਕਾਇਮ ਕੀਤੀ ਗਈ।

ਬਾਬਾ ਜੀ ਦੀ ਪ੍ਰੇਰਨਾ ਸਦਕਾ ਅਨੇਕਾਂ ਭਾਟ ਸਿਖਾਂ ਨੇ (ਖਾਸ ਕਰ ਕੇ ਧਾੜੀਵਾਲ ਪ੍ਰਗਨਾ ਦੀ ਬਹੁਤੀ ਸੰਗਤਿ ਨੇ) ਉਦਾਸੀ ਭੇਖ ਧਾਰਨ ਕਰ ਲਿਆ, ਜਿਸ ਕਾਰਨ ਭਾਟ ਸੰਗਤਿ ਦੀਆਂ ਕਈ ਪ੍ਰਸਿਧ ਹਸਤੀਆਂ ਉਦਾਸੀ ਸੰਪ੍ਰਦਾਇ ਅੰਦਰ ਸਨਮਾਨੀਆਂ ਜਾਂਦੀਆਂ ਹਨ।

ਸੰਤ ਵਿਚਾਰ ਦਾਸ ਉਦਾਸੀ (ਸੰਗਲਾ ਵਾਲਾ ਅਖਾੜਾ ਅੰਮ੍ਰਿਤਸਰ), ਮਹੰਤ ਪ੍ਰੇਮ ਦਾਸ ਉਦਾਸੀ (ਬ੍ਰਹਮ ਬੂਟਾ ਸ੍ਰੀ ਅੰਮ੍ਰਿਤਸਰ) ਅਤੇ ਬਾਵਾ ਨਿਹਾਲ ਦਾਸ ਉਦਾਸੀ (ਦਿਗਪਾਲ ਵੰਸ) ਆਦਿ ਪ੍ਰਸਿਧ ਉਦਾਸੀ ਸੰਤ ਹੋਏ ਹਨ ਜਿਨ੍ਹਾਂ ਧਰਮ ਪ੍ਰਚਾਰ ਕਰ ਕੇ

* ਪੜੋ— ਸੰਗਤਿ ਵੀਕਲੀ 'ਪਟੇਲ ਅੰਕ' ਪੰਨਾ 42।

Digitized by Panjab Digital Library | www.panjabdigilib.org

ਮਾਨਵਤਾ ਦੀ ਸੇਵਾ ਕੀਤੀ ਹੈ।

ਸੈਂਟਰਲ ਆਲ ਇੰਡੀਆ ਭਾਟੜਾ ਸਭਾ—

ਸ੍ਰੀ ਨਨਕਾਣਾ ਸਾਹਿਬ ਜ਼ਿਲ੍ਹਾ ਸ਼ੇਖੂਪੁਰਾ 1938 ਈ. ਵਿਚ ਬਣੀ। ਇਸ ਸਭਾ ਦੇ ਪ੍ਰਬੰਧਕ ਗਿ. ਮੱਖਣ ਸਿੰਘ ਮ੍ਰਿਗਿੰਦ ਪ੍ਰਧਾਨ, ਡਾ. ਹਰਨਾਮ ਸਿੰਘ ਤਾਲਬ ਸਕੱਤਰ ਤੇ ਗਿ. ਕਰਤਾਰ ਸਿੰਘ ਕੰਵਲ ਖਜ਼ਾਨਚੀ ਸਨ। ਇਹ ਸਭਾ ਗੁਰੂ ਨਾਨਕ ਨੌਜਵਾਨ ਭਾਟ ਸਭਾ ਵਾਂਗ ਹੀ ਕੰਮ ਕਰਦੀ ਰਹੀ ਤੇ ਸਮਾਜ ਸੁਧਾਰ ਹੀ ਇਸ ਦਾ ਮੁਖ ਟੀਚਾ ਸੀ।

(ਵੇਖੋ : ਗੁਰੂ ਨਾਨਕ ਨੌਜਵਾਨ ਭਾਟ ਸਭਾ)

ਸੰਤ ਸਿੰਘ ਪ੍ਰਦੇਸੀ— (ਸ. ਸੰਤ ਸਿੰਘ ਜੀ ਪ੍ਰਦੇਸੀ ਸਪੁਤਰ ਮਹੰਤ ਚੇਤਨ ਦਾਸ ਦਿਗਪਾਲ ਧਾੜੀਵਾਲ ਜਿਲ੍ਹਾ ਸਿਆਲਕੋਟ ਦੇ ਵਸਨੀਕ ਸਨ)। ਆਪਣੇ ਵੀਰ ਝੰਡਾ ਸਿੰਘ ਪਟੇਲ ਨਾਲ ਸ. ਸੰਤ ਸਿੰਘ ਪ੍ਰਦੇਸੀ ਯੂ. ਕੇ. ਵਿਚ ਆਬਾਦ ਹੋਣ ਵਾਲੇ ਭਾਟੜਾ ਸੰਗਤਿ ਦੇ ਪਹਿਲੇ ਵਿਅਕਤੀ ਸਨ। ਉਥੇ ਇਹਨਾਂ ਪਾਸ ਇਕ ਰਾਮ ਮੁਹੰਮਦ ਸਿੰਘ ਨਾਮ ਦਾ ਭਾਰਤੀ ਮਿੱਤਰ ਕਈ ਵਾਰ ਠਹਿਰਦਾ ਹੁੰਦਾ ਸੀ ਜਿਸ ਦਾ ਖਰਚ ਆਦਿ ਦੋਵੇਂ ਭਾਈ ਝਲਦੇ ਸਨ। ਇਹ ਵਿਅਕਤੀ ਸ: ਊਧਮ ਸਿੰਘ ਸੀ। ਜਦੋਂ ਊਧਮ ਸਿੰਘ ਨੇ ਜੱਲ੍ਹਿਆਂ ਵਾਲਾ ਬਾਗ ਵਿਚ ਕਤਲੇ ਆਮ ਦਾ ਹੁਕਮ ਦਣ ਵਾਲੇ ਸਰ ਮਾਈਕਲ ਓਡਵਾਇਰ ਨੂੰ ਨਿਹੱਥੇ ਲੋਕਾਂ ਤੇ ਚਲਾਈਆਂ ਗੋਲੀਆਂ ਦਾ ਉਤਰ ਦੇ ਕੇ ਮੌਤ ਦੇ ਘਾਟ ਉਤਾਰ ਦਿਤਾ ਤਾਂ ਸ. ਊਧਮ ਸਿੰਘ ਜੀ ਦੇ ਪਰਮ ਮਿੱਤਰ ਸ. ਸੰਤ ਸਿੰਘ ਪ੍ਰਦੇਸੀ ਨੇ ਹੋਰ ਭਾਰਤੀਆਂ ਨਾਲ ਰਲ ਕੇ ਸ. ਊਧਮ ਸਿੰਘ ਦੀ ਮੱਦਦ ਵਾਸਤੇ ਇਕ ਕਮੇਟੀ ਲੰਡਨ ਵਿਚ ਬਣਾਈ। ਇਸ ਕਮੇਟੀ ਵਿਚ ਵਧੇਰੇ ਗਿਣਤੀ ਭਾਟ ਸਿੰਘਾਂ ਦੀ ਸੀ।*

ਇਸ ਤਰਾਂ ਸ. ਸੰਤ ਸਿੰਘ ਪ੍ਰਦੇਸੀ ਨੇ ਪ੍ਰਦੇਸ ਅੰਦਰ ਆਪਣੇ ਮਿੱਤਰ ਸ. ਊਧਮ ਸਿੰਘ ਦੀ ਹਰ ਪਖੋਂ ਸੇਵਾ ਸੰਭਾਲ ਤੇ ਦਿਲੀ ਮਦਦ ਕੀਤੀ, ਜੋ ਸੰਸਾਰ ਦੇ ਇਤਿਹਾਸ ਵਿਚ ਸੁਨੈਹਰੀ ਕਿਰਣ ਵਾਂਗ ਸਦਾ ਚਮਕਦੀ ਰਹੇਗੀ। ਆਖਿਆ ਜਾਂਦਾ ਹੈ ਕਿ ਸ. ਊਧਮ ਸਿੰਘ ਨੇ ਆਖਰੀ ਸਮੇਂ ਆਪਣੀ ਦਸਤਾਰ ਸ: ਸੰਤ ਸਿੰਘ ਪ੍ਰਦੇਸੀ ਨੂੰ ਸੰਭਾਲਨ ਲਈ ਦੇ ਦਿਤੀ ਸੀ ਜੋ ਉਹਨਾਂ ਆਪਣੇ ਆਖਰੀ ਸੁਆਸਾਂ ਤਕ ਸੰਭਾਲ ਕੇ ਰਖੀ।

ਦੇਸ਼ ਭਗਤੀ ਦੇ ਇਜੇ ਜਜ਼ਬੇ ਕਾਰਨ ਸ: ਸੰਤ ਸਿੰਘ ਜੀ ਸਦਾ ਅਮਰ ਰਹਿਣਗੇ।

ਯਥਾ— ਸੰਗਤਿ ਮਣੀ-ਸੰਤ ਸਿੰਘ ਪਿਆਰਾ,
ਕਹਿਨ ਜਿਹਨੁ ਪ੍ਰਦੇਸੀ।
ਦਾਨੀ ਭਗਤ ਯੋਧਾ ਉਪਕਾਰੀ-
ਕਰਣ ਤਾਰੀਫ਼ ਵਦੇਸ਼ੀ।
ਊਧਮ ਸਿੰਘ ਦੀ ਪੱਗ ਸੰਭਾਲੀ-
ਇਹ ਪੱਗ ਭਾਰਤ ਸੰਦੀ।
ਭਾਟ ਸੰਗਤਿ ਦਿਗਪਾਲ ਗੋਤਰੀ-
ਜਿਨ ਬ੍ਰਤਾਨੀ ਨੀਤੀ ਭੰਡੀ।

ਸੰਤ ਸਿੰਘ ਜਥੇਦਾਰ — ਭਾਈ ਸੰਤ ਸਿੰਘ ਜੀ ਜਥੇਦਾਰ ਦਿਗਪਾਲ ਵੰਸੀ ਭਾਟ ਸਿੰਘ ਸਨ। ਇਹਨਾਂ ਨੇ ਵਡੀ ਵੀਰਤਾ ਨਾਲ ਬਾਬਾ ਬੰਦਾ ਸਿੰਘ ਦੀ ਕਮਾਨ ਹੇਠ ਸਮਾਣਾਂ ਮਾਰਿਆ। ਸਮਾਣੇ ਦੀ ਫਤਹਿ ਤੋਂ ਬਾਅਦ ਸਣੇ ਸਿੰਘਾਂ ਆਪ ਸਿਧੇ ਪਿੰਡ ਕਚ ਤਾਸੀਲ ਨਾਰੋਵਾਲ (ਸਿਆਲਕੋਟ) ਆਏ। ਜਥੇਦਾਰ ਸੰਤ ਸਿੰਘ ਜੀ ਨੇ ਪਿੰਡ ਕਚ ਵਿਖੇ ਪੰਜ ਘੋੜੇ ਬਰਨਾ ਬਿਰਛ ਦੇ ਪੰਜ ਕਿੱਲੇ ਅਗਾੜੀਆਂ-ਪਛਾੜੀਆਂ ਗਡ ਕੇ ਬੱਨੇ। ਇਹ ਕਿੱਲੇ ਬਾਅਦ ਵਿਚ ਹਰੇ ਹੋ ਗਏ ਅਤੇ ਅਗਾੜੀਆਂ-ਪਛਾੜੀਆਂ ਦੇ ਰੂਪ ਵਿਚ ਅਜ ਭੀ ਦਰਖਤ ਮਾਜੂਦ ਹਨ। ਇਥੋਂ ਬਾਬਾ ਸੰਤ ਸਿੰਘ ਜੀ

* ਦੇਖੋ — ਪੱਗ ਭਾਰਤ ਦੀ।

Digitized by Panjab Digital Library | www.panjabdigilib.org

ਪਿੰਡ ਗੋਤਾ ਫਤਹਿਗੜ੍ਹ ਦੇ ਪਾਸ ਛੱਪੜ ਕੰਡੇ ਆ ਬੈਠੇ। ਕਿਹਾ ਜਾਂਦਾ ਹੈ ਇਥੇ ਇਹਨਾਂ ਪੂਰਬਲੇ ਜਨਮ ਤੱਪ ਕੀਤਾ ਸੀ। ਜਦ ਬਾਬਾ ਜੀ ਨੇ (ਤੱਪ ਅਸਥਾਨ) ਪੁਰਾਣੇ ਟਿੱਬੇ (ਥੇਹ) ਵਿਚੋਂ ਪੁਰਾਨੀਆਂ ਇਟਾਂ ਪੁਟ ਕਰ ਕਢਣੀਆਂ ਸ਼ੁਰੂ ਕੀਤੀਆਂ ਤਾਂ ਲੋਕਾਂ ਕਠੇ ਹੋ ਕਰ ਆਨ ਰੋਕਿਆ। ਬਾਬਾ ਜੀ ਨੇ ਉਹਨਾਂ ਲੋਕਾਂ ਨੂੰ ਦਸਿਆ ਕਿ ਇਥੇ ਸਾਡੀ ਪਹਿਲੇ ਸਮੇਂ ਦੀ ਯਾਦਗਾਰ ਹੈ ਜਿਸ ਦੀ ਤੁਹਾਨੂੰ ਅਸੀਂ ਇਕ ਨਿਸ਼ਾਨੀ ਦਿਖ ਦੇ ਹਾਂ। ਕੁਝ ਹੋਰ ਥਾਂ ਪੁਟਿਆ ਤਾਂ ਇਕ ਵਡੀ ਸਿਲਾ ਪਰ ਲਿਖਿਆ ਮਿਲਿਆ :

ਸ਼ਾਹ ਸਕਯੰਦਰ ਦੇ ਵਾਰੇ,
ਕਾਹੀ ਦੇ ਬਾਲਨ ਪਕੀਆਂ।
ਘੜੀਆਂ ਲਾਲੂ ਘੁਮਾਰੇ
ਸੰਤ ਦੁਆਰੇ ਰੱਖੀਆਂ।

ਉਕਤ ਸਾਰੀਆਂ ਨਿਕੀਆਂ ਇੱਟਾਂ ਨਾਲ ਬਣੀ ਸਮਾਧ ਪਿੰਡ ਗੋਤਾ ਤਸੀਲ ਨਾਰੋ ਵਾਲ ਜ਼ਿਲ੍ਹਾ ਸਿਆਲਕੋਟ ਵਿਚ ਮੌਜੂਦ ਸੀ ਅਤੇ ਉਕਤ-ਇਬਾਰਤ ਵਾਲੀ ਇੱਟ ਪਹਾੜ ਦੀ ਢਾਹੀ ਵੱਲ ਕੰਧ ਵਿਚ ਲਗੀ ਸੁਰੱਖਿਅਤ ਸੀ। ਜਥੇਦਾਰ ਸੰਤ ਸਿੰਘ ਜੀ ਪਿੰਡ ਗੋਤਾ ਵਿਚ ਪ੍ਰਲੋਕ ਪਿਆਨੇ ਕਰ ਗਏ। ਇਨ੍ਹਾਂ ਦਾ ਬਾਕੀ ਜੀਵਨ ਸਮਾਚਾਰ ਖੋਜ ਅਧੀਨ ਹੈ। ਇਨ੍ਹਾਂ ਦੀ ਵੰਸਾਵਲੀ ਇਸ ਪ੍ਰਕਾਰ ਹੈ :

ਬਾਬਾ ਅਮੋਲਕ ਸਿੰਘ ਜੀ
|
ਜਥੇਦਾਰ ਸੰਤ ਸਿੰਘ ਦਿਗਪਾਲ
|

ਬਾਬਾ ਕਾਹਨ ਸਿੰਘ	ਬਾਬਾ ਮਿਧਕੀ ਸਿੰਘ
ਭਾਈ ਮੰਗਲ ਸਿੰਘ	ਭਾਈ ਕਾਕਾ ਸਿੰਘ
ਭਾਈ ਮਾਹੀ ਸਿੰਘ	ਭਾਈ ਧਰਮ ਸਿੰਘ
ਭਾਈ ਦਿਆਲ ਸਿੰਘ	ਸ: ਕਾਬਲ ਸਿੰਘ
ਭਾਈ ਫਤੂਹਿ ਸਿੰਘ	
ਭਾਈ ਕੇਸਰ ਸਿੰਘ	
ਸੰਤ ਹਵੇਲ ਸਿੰਘ ਗੜਗਜ (ਨਾਮਧਾਰੀਆ)	
ਗਿ: ਹਰਨਾਮ ਸਿੰਘ	(ਵੇਖੋ : ਕਾਬਲ ਸਿੰਘ)

ਸਰਬ ਹਿੰਦ ਭਾਟੜਾ ਪੰਚਾਇਤ (ਡਸਕਾ): 1946 ਨੂੰ ਬਣੀ, ਇਸ ਦੇ ਮੁਖ ਪ੍ਰਬੰਧਕ ਗਿ. ਪ੍ਰੀਤਮ ਸਿੰਘ ਜੀ ਬੈਂਸ ਸਨ। ਸ: ਮੂਲ ਸਿੰਘ ਜੀ ਨਿਰਮਾਣ ਇਸ ਦੇ ਸਟੇਜ ਸਕੱਤਰ ਸਨ। ਸਮਾਜ ਸੁਧਾਰ ਤੇ ਭਾਈਚਾਰਕ ਏਕਾ ਇਸ ਪੰਚਾਇਤ ਦਾ ਮੁਖ ਟੀਚਾ ਸੀ।

ਸਰੋਵ ਜਾਤੀ ਸਹਾਇਕ ਸਭਾ — ਤਿੱਬੜ ਜ਼ਿਲ੍ਹਾ ਗੁਰਦਾਸਪੁਰ ਵਿਖੇ 1945 ਵਿਚ ਬਣੀ ਜਿਸ ਦੇ ਪਹਿਲੇ ਪ੍ਰਬੰਧਕ ਬਾਬੂ ਨੇਕ ਚੰਦ ਪ੍ਰਧਾਨ, ਬਾਬੂ ਅਨੰਤ ਰਾਮ ਰਠੌਰ ਮੀਤ ਪ੍ਰਧਾਨ ਅਤੇ ਬਾਬੂ ਰਾਮ ਚੰਦ ਰਠੌਰ ਸਪੁਤਰ ਬਾਬੂ ਹਰਦਿਆਲ ਜੀ ਰਠੌਰ ਸਕਤ੍ਰ ਸਨ। ਸਰਗਰਮ ਮੈਂਬਰ ਬਾਬੂ ਮੇਲਾ ਰਾਮ ਜੀ, ਸੋਸ਼ਲ ਵਰਕਰ ਡਾ. ਟਹਿਲ ਚੰਦ ਜੀ, ਸ਼੍ਰੀ ਮਹਿਲ ਚੰਦ ਜੀ, ਸ਼੍ਰ ਮੁਲਖ ਰਾਜ ਦਿਗਪਾਲ, ਸ਼੍ਰੀ ਚੂਨੀ ਲਾਲ ਪੁਤਰ ਸ਼੍ਰੀ ਪੂਰੇ ਸ਼ਾਹ, ਸ਼੍ਰੀ ਮਣੀ ਰਾਮ ਜੀ; ਸ਼੍ਰੀ ਲੋਕ ਰਾਜ ਸ਼ਾਸਤਰੀ, ਸ਼੍ਰੀ ਪੂਰਨ ਚੰਦ ਲੋਹੇ, ਸ਼੍ਰੀ ਬੈਜ ਨਾਥ ਲੋਹੀਆ, ਸ਼੍ਰੀ ਹੰਸ ਰਾਜ ਰਠੌਰ, ਸ੍ਰੀ ਮਸਤ ਰਾਮ ਜੀ, ਸ਼੍ਰੀ ਜਗਤ ਰਾਮ ਜੀ, ਬਾਬੂ ਵਿਸ਼ਵ ਨਾਥ ਜੀ ਆਦਿ ਸਜਣ ਸਨ ਜਿਨ੍ਹਾਂ ਦੇ ਉਦਮ ਉਪਰਾਲੇ ਸਦਕਾ ਹਿੰਦੀ ਤੇ ਸੰਸਕ੍ਰਿਤ ਦਾ ਗਹਿਰਾ ਪ੍ਰਚਾਰ ਕਰ ਕੇ ਹਾਈ ਸਕੂਲ

Digitized by Panjab Digital Library | www.panjabdigilib.org

ਬਣਵਾਇਆ ਗਿਆ ਜੋ ਸਰਕਾਰ ਰਾਹੀਂ ਅਜ ਵੀ ਚਲ ਰਿਹਾ ਹੈ। ਦਾਜ ਦਹੇਜ ਘਟ ਕਰਾ ਕੇ ਸਮਾਜ ਸੁਧਾਰ ਕਰਨਾ ਅਤੇ ਸਰਵ ਜਾਤੀਆਂ ਵਿਚ ਪਈਆਂ ਖਾਮੀਆਂ ਦੂਰ ਕਰ ਕੇ ਉਚ ਆਦਰਸ਼ਾਂ ਦੀ ਪ੍ਰੇਰਨਾ ਕਰਨਾ ਇਸ ਸਭਾ ਦਾ ਖਾਸ ਉਦੇਸ਼ ਸੀ।

ਸਰਦੂਲ ਸਿੰਘ ਸ਼ਹੀਦ — ਬਾਬਾ ਸ਼ਰਦੂਲ ਸਿੰਘ ਜੀ ਪਿੰਡ ਬੰਦਾ ਇਲਾਕਾ ਰਾਵਲਪਿੰਡੀ ਦੇ ਸ਼ਹਿਰੀ ਵੰਸ਼ ਵਿਚੋਂ ਸਨ। ਇਨ੍ਹਾਂ ਦੇ ਸਾਥੀ ਸ. ਦਰਸ਼ਨ ਸਿੰਘ ਸ. ਸੰਤਾ ਸਿੰਘ ਭਾਟ ਸਿੰਘ ਪਿੰਡ ਬੰਦਾਂ ਵਿਖੇ 1947 ਦੇ ਦੇਸ਼ ਬਟਵਾਰੇ ਸਮੇਂ ਅਨਗਿਣਤ ਮੁਸਲਮਾਨਾਂ ਦੇ ਘੇਰੇ ਵਿਚ ਘਿਰ ਗਏ। ਇਹਨਾਂ ਬਹਾਦਰਾਂ ਨੇ ਪਹਿਲਾਂ ਆਪਣੇ ਪ੍ਰਵਾਰ ਤੇਗ ਦੀ ਭੇਟ ਕੀਤੇ ਅਤੇ ਹਮਲਾਵਰਾਂ ਦੇ ਅਨ-ਗਿਣਤ ਗੀਦੀਆਂ ਨਾਲ ਪੰਜ ਘੰਟੇ ਯੁਧ ਕਰ ਕੇ ਅਨੇਕਾਂ ਨੂੰ ਮੌਤ ਦੇ ਘਾਟ ਉਤਾਰਿਆ। ਸਿੰਘਾਂ ਦੇ ਸਰੀਰ ਬਲਮਾਂ ਤੇ ਗੋਲੀਆਂ ਨੇ ਛਾਨਨੀ ਛਾਨਨੀ ਕਰ ਦਿਤੇ ਤੇ ਕਿਰਪਾਨਾਂ ਦੇ ਮੁਠੇ ਹਥਾਂ ਵਿਚ ਜਕੜੇ ਗਏ। ਅੰਤ ਭਾਰਤ ਮਾਂ ਦੀ ਗੋਦ ਵਿਚ ਜਾ ਬਰਾਜੇ— ਘਟ ਹੋਣ ਪਰ ਵੀ ਸਿਧਕ ਨਹੀਂ ਹਾਰਿਆ ਤੇ ਸਨਮੁਖ ਸ਼ਹੀਦੀਆਂ ਪਾਈਆਂ।*

ਸਰਬ ਹਿੰਦ ਭਾਟੜਾ ਯੂਨੀਅਨ — ਸ੍ਰੀ ਅੰਮ੍ਰਿਤਸਰ ਵਿਖੇ 1943 ਈ. ਬਣੀ— ਜਿਸ ਦੇ ਸਰ-ਪ੍ਰਸਤ ਸ: ਝੰਡਾ ਸਿੰਘ ਪਟੇਲ, ਗਿ: ਮੱਖਣ ਸਿੰਘ ਮ੍ਰਿਗਿੰਦ ਪ੍ਰਧਾਨ, ਗਿ. ਸੁੰਦਰ ਸਿੰਘ ਸਾਗਰ ਸਕੱਤਰ ਤੇ ਗਿ. ਰਤਨ ਸਿੰਘ ਸ਼ਾਦ ਖਜ਼ਾਨਚੀ ਸਨ। ਇਸ ਯੂਨੀਅਨ ਨੂੰ ਹੋਂਦ ਵਿਚ ਲਿਆਣ ਲਈ ਭਾਟੜਾ ਸੰਗਤਿ ਭਾਈਚਾਰੇ ਦੀ ਤੀਬਰ ਇਛਿਆ ਅਨੁਸਾਰ ਇੰਟਰ ਨੈਸ਼ਨਲ ਭਾਟੜਾ ਯੂਨੀਅਨ ਦਾ ਨਾਮ ਬਦਲਕੇ 'ਸਰਬ ਹਿੰਦ ਭਾਟੜਾ ਯੂਨੀਅਨ' ਕਰ ਦਿਤਾ ਗਿਆ। ਯੂਨੀਅਨ ਦੇ ਉਪਰਾਲੇ ਨਾਲ ਭਾਟ ਸਮਾਜ ਵਿਚ ਜਾਗਰਤੀ ਦਾ ਇਕ ਨਵਾਂ ਦੌਰ ਅਰੰਭਿਆ ਗਿਆ। ਪ੍ਰਚਲਤ ਕੁਰੀਤੀਆਂ ਦੇ ਵਿਰੋਧ ਵਿਚ ਯੂਨੀਅਨ ਦੇ ਮੈਂਬਰਾਂ ਨੂੰ ਬੇਅੰਤ ਔਕੜਾਂ ਦਾ ਸਾਹਮਣਾ ਵੀ ਕਰਨਾ ਪਿਆ। 1944 ਦੀ ਸਰਬ ਹਿੰਦ ਭਾਟੜਾ ਕਾਨਫਰੰਸ ਯੂਨੀਅਨ ਦੇ ਸਰਗਰਮ ਵਰਕਰਾਂ ਦੀ ਅਨਥਕ ਕੋਸ਼ਿਸ਼ ਦਾ ਨਤੀਜਾ ਸੀ। ਸਰਬ ਹਿੰਦ ਭਾਟੜਾ ਯੂਨੀਅਨ ਅਸਰ ਭਰਪੂਰ ਪਹਿਲੀ ਸਮਾਜ ਸੁਧਾਰਕ ਸੰਸਥਾ ਸੀ ਜਿਸ ਨੇ ਦੇਸ਼ ਵਿਚ ਸੰਗਤ ਭਾਈਚਾਰੇ ਅੰਦਰ ਤਬਦੀਲੀ ਦੀ ਲਹਿਰ ਦਾ ਸੰਚਾਰ ਕੀਤਾ।

ਸੇਵਾ ਸੰਮਤੀ ਸਭਾ ਗਲੋਟੀਆਂ— ਬਾਬਾ ਗੰਡਾ ਸਿੰਘ ਕਲੇਵਰ ਦੀ ਸਰਪ੍ਰਸਤੀ ਵਿਚ ਸੰਨ 1920 ਈ. ਵਿਚ ਬਣੀ ਜਿਸ ਦੇ ਪਹਿਲੇ ਪ੍ਰਧਾਨ ਭਾਈ ਬਲਾਕਾ ਸਿੰਘ ਜੀ ਸਨ। ਸੇਵਾ ਸੰਮਤੀ ਦੇ ਮੈਂਬਰ ਸਜਣਾਂ ਨੇ ਨਾਮਧਾਰੀ ਸਿਖਾਂ ਵਾਂਗ ਸਾਦਾ ਰਹਿਣੀ-ਬਹਿਣੀ, ਸਾਦਾ ਪਹਿਰਾਵੇ ਦਾ ਪ੍ਰਚਾਰ ਕੀਤਾ ਤੇ ਅੰਗਰੇਜ਼ਾਂ ਦੀਆਂ ਤਿਆਰ ਕੀਤੀਆਂ ਵਸਤਾਂ ਦੇ ਵਿਰੁਧ ਨਾ ਵਰਤੋਂ ਦੀ ਆਵਾਜ ਉਠਾਈ। ਇਉਂ ਸਮਾਜ ਸੁਧਾਰਕ ਅਰੰਭਕ ਸਭਾਵਾਂ ਵਿਚੋਂ ਇਸ ਸਭਾ ਦਾ ਯੋਗਦਾਨ ਵਿਲੱ-ਖਣ ਹੈ।

ਸੇਵਕ ਨੌਜਵਾਨ ਭਾਟੜਾ ਕਮੇਟੀ ਭਾਡੇ ਵਾਲਾ— 1940 ਨੂੰ ਇਨ੍ਹਾਂ ਬਜ਼ੁਰਗਾਂ ਦੀ ਸਰਪ੍ਰਸਤੀ ਵਿਚ ਬਣੀ : ਸ. ਲਾਲ ਸਿੰਘ ਲੋਹਾ, ਸ: ਰਵੇਲ ਸਿੰਘ ਦਿਗਪਾਲ, ਸ: ਖੇਮ ਸਿੰਘ ਲੱਖਣਪਾਲ, ਸ: ਹਰੀ ਸਿੰਘ ਦਿਗਪਾਲ (ਨਲੂਆ) ਅਤੇ ਸ: ਵੈਸਾਖਾ ਸਿੰਘ ਲੱਖਣਪਾਲ ਆਦਿ। ਪਹਿਲੀ ਚੋਣ ਵਿਚ ਭਾਈ ਜੰਗੀਰ ਸਿੰਘ ਪ੍ਰਧਾਨ, ਸ: ਅਜੀਤ ਸਿੰਘ ਬੀ. ਏ. ਮੁਖ ਸਕੱਤਰ ਤੇ ਸ. ਪਿਆਰਾ ਸਿੰਘ ਲੱਖਣਪਾਲ ਖਜ਼ਾਨਚੀ ਬਣੇ। ਇਸ ਕਮੇਟੀ ਨੇ ਮੁਖ ਕੰਮ ਵਜੋਂ ਅਨੇਕਾਂ ਸੰਗਤਾਂ ਨੂੰ ਅੰਮ੍ਰਿਤ ਛਕਾਇਆ, ਪਿੰਡਾਂ ਦੀਆਂ ਗਲਤ ਪਲੀਹਾਂ ਰੋਕੀਆਂ, ਸਰਬ ਹਿੰਦ ਯੂਨੀਅਨ

* ਪੜੋ – ਭਾਟ ਪ੍ਰਕਾਸ਼ ਪੰਨਾ 83।

Digitized by Panjab Digital Library | www.panjabdigilib.org

ਤੇ ਜਨਰਲ ਕਮੇਟੀ ਦੀ ਸਾਂਝ ਵਾਸਤੇ ਵਧੇਰੇ ਕੰਮ ਕੀਤਾ। ਜਸਤਰਾ ਕਾਨਫਰੰਸ ਸਮੇਂ ਸ: ਝੰਡਾ ਸਿੰਘ ਪਟੇਲ ਦੀ ਪ੍ਰਧਾਨਗੀ ਹੇਠ ਆਈਆਂ ਸੰਗਤਾਂ ਦੀ ਸੇਵਾ ਸੰਭਾਲ ਸੁਚਜੇ ਢੰਗਾਂ ਨਾਲ ਕਮੇਟੀ ਮੈਂਬਰਾਂ ਵਲੋਂ ਕੀਤੀ ਗਈ।*

ਸਵਰਨ ਸਿੰਘ ਗਿਆਨੀ—ਗਿਆਨੀ ਗੱਗਨ ਸਿੰਘ ਦੇ ਸਪੁਤਰ ਭਾਟ ਸੰਪ੍ਰਦਾਯ ਦੇ ਸ਼ਹਿਰੀ ਵੰਸ ਵਿਚੋਂ ਡਸਕਾ ਜਿਲ੍ਹਾ ਸਿਆਲਕੋਟ ਦੇ ਵਸਨੀਕ ਸਨ। ਇਹ ਆਪਣੇ ਪਿਤਾ ਸਮਾਨ ਹੀ ਵਿਦਵਾਨ ਸਨ। ਇਹਨਾਂ ਦੇ ਇਤਿਹਾਸ ਬਾਰੇ ਲਿਖੇ ਗ੍ਰੰਥਾਂ ਵਿਚੋਂ 'ਜੇਹਲਾਂ ਦੀ ਛਾਵੇਂ' (ਦੇਸ਼ ਭਗਤ ਬਾਬਾ ਹਰਨਾਮ ਸਿੰਘ ਭਕਨਾ ਦੀ ਜੀਵਨੀ) ਇਕ ਅਮੋਲਕ ਰਚਨਾ ਹੈ। 23 ਮਾਰਚ 1931 ਈ. ਨੂੰ ਲਹੌਰ ਸੈਂਟਰਲ ਜੇਲ ਵਿਚ ਜਦ ਸ: ਭਗਤ ਸਿੰਘ ਸ਼ਹੀਦ ਦੇਸ਼ ਅਜਾਦੀ ਵਾਸਤੇ ਫਾਹੇ ਲਗੇ ਉਦੋਂ ਨਾਲ ਹੀ ਸ੍ਰ. ਹਰਨਾਮ ਸਿੰਘ, ਸ੍ਰ. ਅਮਰ ਸਿੰਘ ਅਤੇ ਸ੍ਰ. ਲਾਭ ਸਿੰਘ (ਤਿੰਨੇ ਭਾਟ ਸਿੱਖ) ਵੀ ਦੇਸ਼ ਦੀ ਅਜ਼ਾਦੀ ਖਾਤਰ ਫਾਂਸੀ ਪਰ ਲਟਕਾਏ ਗਏ। ਜਿਥੇ ਕਿਸੇ ਵੀ ਲਿਖਾਰੀ ਨੇ ਇਹਨਾਂ ਸੂਰਬੀਰਾਂ ਦਾ ਨਾਮ ਉਜਾਗਰ ਨਹੀਂ ਕੀਤਾ ਉਥੇ ਇਹ ਘਾਟ ਗਿ. ਸਵਰਨ ਸਿੰਘ ਅਨਾਥ ਨੇ ਪੂਰੀ ਕੀਤੀ ਹੈ।

ਅਨਾਥ ਜੀ ਦੇ ਰਚਤ ਗ੍ਰੰਥ ਇਸ ਪ੍ਰਕਾਰ ਪ੍ਰਾਪਤ ਹਨ :

1. ਮਹਾ ਗੋਨਤੀ ਕੋਸ਼ (ਆਦਿ ਗ੍ਰੰਥ ਸਾਹਿਬ ਜੀ)
2. ਸਹੀਦੇ ਆਜ਼ਮ (ਪੰਚਮ ਪਾਤਸਾਹ ਜੀ)
3. ਪੰਜਵਾਂ ਸੁਤ (ਖਾਲਸਾ ਸਪੁਤਰ)
4. ਅਰਸ਼ੀ ਕਾਤਾਂ
5. ਬਲੀਦਾਨ (ਨਾਵੇ ਪਾਤਸਾਹ ਜੀ)
6. ਨਾਇਕ ਛਤਰੀ (ਭਾਟ ਸੰਗਤਿ ਬਾਰੇ ਸੱਚੀ ਖੋਜ)
7. ਖਾਲਸਾ ਜੀ ਦਾ ਖੂਨੀ ਇਤਿਹਾਸ
8. ਮੋਹਨੀ ਅਵਤਾਰ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)
9. ਜੇਹਲਾਂ ਦੀ ਛਾਵੇਂ
10. ਜੀਵਨ ਭਗਤ ਨਾਮ ਦੇਵ ਜੀ
11. ਸਵਰਨ ਜੋਤਾਂ
12. ਸਵਰਨ ਸਿਤਾਰੇ
13. ਅਨਾਥ ਕਾਤਾਂ
14. ਭਾਰਤ ਮਾਤਾ
15. ਸੁਪਨ ਸੰਸਾਰ
16. ਦਸਮ ਗੁਰ ਗੀਤ
17. ਘੁਮਨ ਘੇਰੀ
18. ਬੁਢਾ ਸ਼ੇਰ
19. ਸਾਵਨ ਮਾਂਹ
20. ਸ਼ਹੀਦ ਬਿਲਾਸ
21. ਭਾਈ ਦਲੀਪ ਸਿੰਘ ਧਾੜੀਵਾਲ

ਗਿ. ਸਵਰਨ ਸਿੰਘ ਜੀ ਅਨਾਥ 2008 ਬਿ. ਤੋਂ 2011 ਬਿ. ਤਕ ਅਕਾਲੀ ਦਲ ਦੇ ਜਨਰਲ ਸੱਕਤ੍ਰ ਅਤੇ ਗਿ. ਕਰਤਾਰ ਸਿੰਘ ਸਮੇ ਤਾਸੀਲ ਅਮਲੋਹ ਦੇ ਇੱਕ ਸੌ ਅੱਠਤਰ ਪਿੰਡਾਂ ਦੇ ਪ੍ਰਾਪੇਗੰਡਾ ਸਕਤ੍ਰ ਨਿਯੁਕਤ ਰਹੇ।**

ਸੁਭੱਟ —ਸੰਗਯਾ 1-ਉਤਮ ਯੋਦਾ 2-ਸੁੰਦਰ ਸੂਰਮਾ 3-ਸੰਤ ਸਿਪਾਹੀ

ਸੂਬਾ ਸਿੰਘ ਨਾਮ ਧਾਰੀਆਂ - ਬਾਬਾ ਸੂਬਾ ਸਿੰਘ ਜੀ ਭਾਟੜਾ ਸੰਪ੍ਰਦਾਇ ਦੇ ਪਤਿਵਾਲ ਗੋਤ ਵਿਚੋਂ ਪਿੰਡ ਧਾੜੀਵਾਲ ਜ਼ਿਲਾ ਸਿਆਲਕੋਟ ਦੇ ਵਸਨੀਕ ਸਨ ਇਹਨਾ ਨਾਮਧਾਰੀ ਲਹਿਰ ਅੰਦਰ ਅੰਗਰੇਜ਼ਾਂ ਵਿਰੁਧ ਕਾਫੀ ਸਰਗਰਮ ਪ੍ਰਚਾਰ ਕੀਤਾ। ਆਪ ਨਾਮਧਾਰੀ ਸੰਗਤਿ ਦੇ ਬਾਈ ਸੂਬਿਆਂ ਵਿਚੋਂ ਸਿਰਮੋਰ ਮੰਨੇ ਜਾਂਦੇ

*ਨੋਟ— ਐਂਟਰੀ : ਸ: ਪਿਆਰਾ ਸਿੰਘ ਲਖਣਪਾਲ 131, ਅਬਚਲ ਨਗਰ ਪਟਿਆਲਾ ਤੋਂ ਪ੍ਰਾਪਤ ਹੋਈ।

. ਨੋਟ—ਉਪਰੌਕਤ ਗ੍ਰੰਥਾਂ ਵਿਚੋਂ ਕੇਵਲ ਪੰਜਵਾਂ ਸੁਤ ਪ੍ਰਕਾਸ਼ਿਤ ਅਤੇ **ਸ਼ਹੀਦ ਬਿਲਾਸ ਕਲਮੀ ਲਿਖਤ ਲੇਖਕ ਪਾਸ ਸੁਰਖਿਅਤ ਹੈ ਬਾਕੀ ਗ੍ਰੰਥ ਉਨਾਂ ਦੇ ਸਪੁਤ੍ਰ ਪਾਸ ਅਨਛਪੇ ਖਰੜੇ ਦੇ ਰੂਪ ਵਿਚ ਪਏ ਹਨ।

Digitized by Panjab Digital Library | www.panjabdigilib.org

ਸਨ। ਬਾਬਾ ਜੀ ਨੇ ਮਲੇਰਕੋਟਲੇ ਦੇ ਸ਼ਹੀਦੀ ਸਾਕੇ ਵਿੱਚ ਬ੍ਰਤਾਨਵੀਂ ਸਾਮਰਾਜ ਦੀਆਂ ਮਾਰੂ ਤੋਪਾਂ ਸਾਹਮਣੇ ਵੀ ਅੰਗਰੇਜ ਤਥਾ ਉਹਨਾਂ ਦੇ ਝੋਲੀ ਚੁਕਾਂ ਨੂੰ ਵੰਗਾਰ- ਲੱਲ-ਕਾਰ ਕੇ 17 ਜਨਵਰੀ 1872 ਨੂੰ ਸ਼ਹੀਦੀ ਪ੍ਰਾਪਤ ਕੀਤੀ।

ਸਮਾਧ ਭਾਟੜਾ ਮਹੱਲਾ ਪਟਿਆਲਾ:— ਇਹ ਸਮਾਧ ਮਹਲਾ ਭਾਟੜਾ ਸ਼ੇਰਾ ਵਾਲਾਗੇਟ ਵਿਖੇ ਵਾਕਿਆ ਹੈ। ਪਹਿਲਾਂ ਇਹ ਧਰਤੀ ਪਿੰਡ ਲਹਿਲ ਦੀਆਂ ਮੜੀਆਂ ਸਨ। ਇਥੇ ਪੁਰਾਣੇ ਸਮੇਂ ਇਕ ਖੂਹ ਚਲਦਾ ਸੀ ਜਿਥੇ ਮਾਤਮੀ ਅਰਥੀ ਨਾਲ ਆਏ ਲੋਕ ਇਸ਼ਨਾਨ ਕਰਦੇ ਸਨ। ਖੂਹੇ ਦੇ ਲਾਗੇ ਜੋ ਸਮਾਧ ਅਜ ਵੀ ਮੌਜੂਦ ਹੈ ਮਠੀ ਜਾ ਖੇੜਾ ਕਰਕੇ ਮੰਨੀ ਆ ਰਹੀ ਹੈ। ਪਿੰਡ ਲਹਿਲ ਦੋ ਸੌ ਸਾਲ ਤੋਂ ਅਬਾਦ ਦਸਿਆ ਜਾਂਦਾ ਹੈ ਅਤੇ ਇਤਨੀ ਹੀ ਪੁਰਾਣੀ ਇਹ ਸਮਾਧ ਦਸੀ ਜਾਂਦੀ ਹੈ। ਪ੍ਰਚਲਤ ਰਵਾਇਤੀ ਕਥਨ ਅਨੁਸਾਰ ਇਹ ਸਮਾਧ ਇੱਕ ਮਾਤਾ ਦੀ ਹੈ (ਜੋ ਭਾਟ ਸੰਗਤਿ ਵਿਚੋਂ ਸੀ) ਅਤੇ ਆਪਣੇ ਪ੍ਰਲੋਕ ਪਿਆਰੇ ਨੇ ਪਤੀ ਨਾਲ ਸਤੀ ਹੋ ਗਈ। ਇਸ ਲਈ ਇਸ ਸਮਾਧ ਦੀ ਮਾਨਤਾ 'ਸਤੀ ਦੀ ਸਮਾਧ' ਵਜੋਂ ਕੀਤੀ ਜਾਂਦੀ ਹੈ।

ਨੋਟ :—ਇਹ ਐਂਟਰੀ-ਸ੍ਰੀ ਰਾਮ ਲਾਲ ਜੀ ਗੋਤ ਉਤਰ ਵਾਲ, ਉਮਰ ਸੱਤਰ ਸਾਲ ਪਟਿਆਲਾ ਅਤੇ ਸ੍ਰੀ ਛਜੂ ਰਾਮ—ਗੋਤ ਕੈਂਥੇ ਉਮਰ ਨੰਬੇ ਸਾਲ ਮਹੱਲਾ ਭਾਟੜਾ ਪਟਿਆਲਾ ਤੋਂ ਪ੍ਰਾਪਤ ਹੋਈ

ਸੁਆਲੀ ਗੋਤ —ਦੇਖੋ ਉਪਗੋਤਾਂ।

ਸਿੰਘਲਾ ਦੀਪ ਕੀ ਰਹੁਤਾਸ ਗ੍ਰੰਥ—ਇਹ ਸਤਾਰਵੀਂ ਸਦੀ ਵਿਚ ਸੰਤ ਮੰਗਲ ਦਾਸ ਜੀ ਦਵਾਰਾ ਲਿਖਿਆ ਗ੍ਰੰਥ ਸੰਤ ਵਿਚਾਰ ਦਾਸ ਰਾਹੀਂ ਸਾਡੇ ਤਕ ਪੁਜਾ ਹੈ। ਇਸਨੂੰ ਪਹਿਲੀ ਵਾਰ ਸੰਗਤਾਂ ਦੀ ਆਮ ਮੰਗ ਕਾਰਨ ਮਹਾਨ ਕੋਸ਼ ਅੰਦੋਲਨ ਸਮੇਂ ਭਾਸ਼ਾ ਵਿਭਾਗ ਨੂੰ ਭੇਜੇ ਸੂਚਨਾ ਪੱਤਰ ਵਿਚ ਛਪਵਾ ਕੇ ਵੰਡਿਆ ਗਿਆ ਸੀ। ਇਸ ਗ੍ਰੰਥ ਦੀ ਮਹਾਨਤਾ ਇਸ ਲਈ ਵਧੇਰੇ ਹੈ ਕਿ ਇਹ ਹਕੀਕਤ ਰਾਹੁ ਮੁਕਾਮ ਰਾਜੇ ਸ਼ਿਵਨਾਭ ਕੀ (ਬੀੜ ਭਾਈ ਬੰਨੋ) ਤੋਂ ਤੁਰੰਤ ਬਾਦ ਹੀ ਲਿਖਿਆ ਗਿਆ ਹੈ। ਇਸੇ ਸੋਮੇ ਤੋਂ ਮਹਿਮਾਂ ਪ੍ਰਕਾਸ਼ ਦੇ ਲੇਖਕ ਸਰੂਪ ਦਾਸ ਭੱਲਾ ਅਤੇ ਗਿ: ਗਿਆਨ ਸਿੰਘ ਆਰਫ ਨੇ ਅੰਮ੍ਰਿਤਸਰ ਅੰਮ੍ਰਿਤ ਪ੍ਰਕਾਸ਼ ਲਈ ਸ੍ਰੋਤ ਪ੍ਰਾਪਤ ਕੀਤੇ ਲਗਦੇ ਹਨ। ਇਸ ਗ੍ਰੰਥ ਵਿਚੋਂ ਭਾਟੜਾ ਸੰਪ੍ਰਦਾਇ ਦੇ ਮੁੱਢਲੇ ਇਤਿਹਾਸ ਬਾਰੇ ਨਿੱਗਰ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਸ਼ਿਵਨਾਭ ਰਾਜਾ— ਲਕਾ ਨਰੇਸ਼ ਸ਼ਿਵਨਾਭ ਦਾ ਰਾਜ ਪੂਰਬ ਇਤਿਹਾਸ ਹਕੀਕਤ ਰਾਹੁ ਮੁਕਾਮ ਅਤੇ ਸਿੰਗਲਾ ਦੀਪ ਕੀ ਰਹੁਤਾਸ ਵਿਚ ਮਟੀਆ ਕਮਲ ਵਿਚ ਹੋਣਾ ਲਿਖਿਆ ਪ੍ਰਸਿਧ ਹੈ। ਪ੍ਰੰਤੂ ਸ੍ਰੀ ਲੰਕਾ ਦੀ ਰਵਾਇਤ ਅਨੁਸਾਰ ਇਸ ਥਾਂ ਦਾ ਨਾਮ ਮਾਡੀਕਾਡਾਵਾਰ ਸੀ ਜਿਸ ਦਾ ਮਾਜੂਦਾ ਨਾਮ ਅੰਬੇਪੂਸਾ ਹੈ। ਸਿਖ ਇਤਿਹਾਸ ਅਨੁਸਾਰ ਇਥੇ ਹੀ ਗੁਰੂ ਨਾਨਕ ਸਾਹਿਬ ਜੀ ਨੇ ਲੰਕਾ ਫੇਰੀ ਸਮੇਂ ਸੰ. ੧੫੭੮ ਵਿ. ਨੂੰ ਰਾਜਾ ਸ਼ਿਵਨਾਭ ਅਤੇ ਉਹ ਦੀ ਪਰਜਾ ਨੂੰ ਸਿਖ ਧਰਮ ਵਿਚ ਪ੍ਰਵੇਸ਼ ਕਰਕੇ ਪਹਿਲੀ ਧਰਮ ਸਾਲ ਬਨਵਾਈ ਅਤੇ ਮਹਾ-ਰਾਣੀ ਚੰਦਰ ਕਲਾ ਨੂੰ ਪੁਤਰ-ਵਤੀ ਹੋਣ ਦਾ ਵਰ ਬਖਸ਼ਿਆ ਸੀ, ਜਿਸ ਕਰਕੇ ਮਹਾਰਾਜਾ ਸ਼ਿਵਨਾਭ ਦੀ ਸੰਤਾਨ ਪ੍ਰਨਾਲੀ ਅਗੇ ਤੁਰੀ। ਇਸੇ ਥਾਂ ਗੁਰੂ ਜੀ ਨੇ ਰਾਜਾ ਸ਼ਿਵਨਾਭ ਦਾ ਸੁੱਕਾ ਬਾਗ ਹਰਾ ਕਰ ਕੇ ਮੋਹਨੀਆ ਨੂੰ ਸੁਮਾਰਗੇ ਪਾਇਆ।

ਸੰਗਤਿ ਮਹਾਕਾਵਿ (ਪੁਸਤਕ)—ਗਿ. ਪ੍ਰੀਤਮ ਸਿੰਘ ਮਖਮੂਰ ਦੀ 1977 ਵਿਚ ਛਪੀ ਪੁਸਤਕ ਹੈ। ਇਸਦੀ ਉਸਾਰੀ ਲੇਖਕ ਨੇ ਸਿਧੀ ਮਿਥਿਹਾਸ ਤੋਂ ਅਰੰਭੀ ਹੈ। ਸਿੱਮਰਤੀਆਂ ਦੀ ਮਾਂ ਪੁਰਾਣ ਤੇ 'ਏ ਗਲੌਸਰੀ ਆਫ ਦੀ ਟ੍ਰਾਇਬਸ ਐਂਡ ਕਾਸਟਸ ਆਫ ਦੀ ਪੰਜਾਬ ਐਂਡ ਐਨ. ਡਬਲਿਊ. ਐਫ. ਪੀ.' (ਲੇਖਕ ਐਚ. ਏ. ਰੋਜ਼ ਤੇ ਮੈਕਲੇਗਨ) ਆਦਿ ਲਿਖਤਾਂ ਵਿਚੋਂ ਮਿਥਿਹਾਸਕ ਤਥਾਂ ਦਾ ਖੰਡਨ ਸਮੂਚੀ ਭਾਟੜਾ ਸੰਗਤ ਨੇ ਮਹਾਨ ਕੋਸ਼ ਅੰਦੋਲਨ ਸਮੇਂ ਕੀਤਾ ਸੀ ਪਰ ਵਿਦਵਾਨਾਂ ਤੇ ਸੰਗਤ ਭਾਈਚਾਰੇ ਦੇ 16. 3. 68 ਨੂੰ ਕੀਤੇ ਫੈਸਲੇ ਦੇ ਉਲਟ

Digitized by Panjab Digital Library | www.panjabdigilib.org

ਲੇਖਕ ਪੁਰਾਣੀਆਂ ਪੈੜਾਂ ਪਰ ਜਾ ਪਏ ਹਨ । ਭਾਟੜਾ ਸੰਗਤ ਦਿਆਂ ਵੰਸਾ ਬਾਰੇ ਤਾਂ ਕੋਰਾ ਮਿਥਿਹਾਸ ਕਲਪਿਆ ਗਿਆ ਹੈ। ਮਨ ਕਲਪਿਤ ਕਿਆਸਾ ਦੀ ਭਰਮਾਰ ਨੇ ਬੁਨਿਆਦੀ ਤੌਰ ਤੇ ਸੰਗਤਿ ਮਹਾਂਕਾਵਿ ਨੂੰ ਮਾਨ ਯੋਗ ਨਹੀਂ ਰਹਿਣ ਦਿਤਾ। ਲੇਖਕ ਨੇ ਕਈ ਪ੍ਰਕਰਨਾ ਦੇ ਤਥਾਂ ਨੂੰ ਤਰੋੜਿਆ ਤੇ ਕਈਆਂ ਨੂੰ ਆਪਣੇ ਨਾਂ ਨਾਲ ਜੋੜਿਆ ਹੈ ਜਿਸਦੀ ਪੜਚੋਲ ਕਰਨ ਤੇ ਪਾਈਆਂ ਖਾਮੀਆਂ ਭਾਦਰੋਂ ਦੇ ਫੁਟ ਵਾਂਗ ਫੁਟ ਪੈਂਦੀਆਂ ਹਨ ਅਤੇ ਸੰਗਤਿ ਮਹਾਂ ਕਾਵਿ ਦੇ ਇਤਿਹਾਸ ਦੀ ਪੁਸਤਕ ਹੋਣ ਦਾ ਦਾਵਾ ਅਨਉਚਿਤ ਪ੍ਰਤੀਤ ਹੁੰਦਾ ਹੈ।

ਸ੍ਰੀ ਗੁਰੋਂ ਕੀ ਭਾਟ ਸੰਗਤਿ ਗ੍ਰੰਥ-ਇਸ ਗ੍ਰੰਥ ਵਿਚ ਗੁਰੂ ਨਾਨਕ ਜੀ ਤੋਂ ਲੈ ਕੇ ਬਾਬਾ ਬੰਦਾ ਬਹਾਦਰ ਤਕ ਭਾਟ ਸੰਗਤਿ ਬਾਰੇ ਸੰਖੇਪ ਸਰੋਤ ਸਮਗਰੀ ਪ੍ਰਾਪਤ ਹੈ।*

ਸੁਤੰਤਰਤਾ ਸੰਗਰਾਮ ਦੇ ਸ਼ਹੀਦ—ਲਹੌਰ ਸੰਟਰਲ ਜੇਹਲ ਵਿਚ ਜਦੋਂ ਸ਼ਹੀਦੇ ਆਜ਼ਮ ਸ. ਭਗਤ ਸਿੰਘ ਤੇ ਉਨ੍ਹਾ ਦੇ ਸਾਥੀ ਦੇਸ਼ ਅਜਾਦੀ ਖਾਤਰ ਫਾਂਸੀ ਲਾਏ ਗਏ ਤਦੋਂ ਨਾਲ ਤਿੰਨ ਭਾਟ ਸਿਖ ਵੀ ਸਨ। ਸ. ਹਰਨਾਮ ਸਿੰਘ ਭੱਟੀ, ਸ. ਲਾਭ ਸਿੰਘ ਅਤੇ ਸ. ਅਮਰ ਸਿੰਘ ਭੱਟੀ ਸਿਆਲ ਕੋਟੀਆਂ ਨੂੰ ਨਾਲ ਹੀ ਫਾਹੇ ਲਾਇਆ ਗਿਆ। ਦੇਸ਼ ਅਜਾਦੀ ਦੀ ਪ੍ਰਾਪਤੀ ਖਾਤਰ ਉਕਤ ਭਾਟ ਸਿੰਘਾਂ ਨੇ ਆਪਣੀਆਂ ਜਾਨਾਂ ਅਰਪਨ ਕਰਕੇ ਭਾਟੜਾ ਸੰਪ੍ਰਦਾਇ ਵਲੋਂ ਯੋਗ ਹਿਸਾ ਪਇਆ। ਇਹ ਕੁਰਬਾਨੀ ਔਣ ਵਾਲੀਆਂ ਪੀਹੜੀਆਂ ਨੂੰ ਦੇਸ਼ ਭਗਤੀ ਲਈ ਪ੍ਰੇਰਨਾ ਕਰਦੀ ਰਹੇਗੀ।

ਹ

ਹਕੀਕਤ ਰਾਹੁ ਮੁਕਾਮ ਰਾਜੇ ਸ਼ਿਵਨਾਭ ਕੀ—ਇਹ ਵਾਰਤਾ ਲਿਖਤੀ ਬੀੜ ਭਾਈ ਬੰਨੋ ਵਿਚ ਸੁਰਖਿਅਤ ਹੈ। ਸੋਹਲਵੀਂ ਸਦੀ ਵਿਚ ਗੁਰੂ ਅਰਜਨ ਸਾਹਿਬ ਨੇ ਭਾਈ ਪੈੜਾ ਜੀ ਨੂੰ ਲੰਕਾ ਭੇਜਨ ਸਮੇਂ ਸਫਰ ਤੇ ਟਿਕਾਨੇ ਲਿਖ ਦਿਤੇ ਸਨ। ਉਹੋ ਲਿਖਤ ਦਾ ਹਾਲ ਭਾਈ ਪੈੜਾ ਜੀ ਨੇ ਲੰਕਾਂ ਤੋਂ ਵਾਪਸ ਆ ਕੇ ਆਪਣੇ ਸਫਰਤੇ ਟਿਕਾਣੇ ਬਾਰੇ ਪ੍ਰਾਪਤ ਜਾਣਕਾਰੀ ਸਮੇਤ ਰਾਹੁ (ਰਸਤੇ) ਮੁਕਾਮ (ਟਕਾਨੇ ਜਾ ਅਸਥਾਨਾ) ਦਾ ਵਿਸਥਾਰਕ ਹਾਂਲ ਗੁਰੂ ਸਾਹਿਬ ਦੇ ਸਨਮੁਖ ਰਖ ਦਿਤਾ। ਸਤਿਗੁਰਾਂ ਨੇ ਇਹ ਲਿਖਤ ਭਾਈ ਬੰਨੋ ਜੀ ਨੂੰ ਦੇ ਦਿਤੀ ਤਾਂ ਉਨਾਂ ਗੁਰੂ ਆਗਿਆ ਅਨੁਸਾਰ ਇਸ ਵਾਰਤਕ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਕੇ ਸੁਰਖਿਅਤ ਕਰ ਦਿਤਾ। ਇਸ ਵਿਚ ਮਹਾਰਾਜਾ ਸ਼ਿਵਨਾਭ, ਭਾਟੜਾ ਸੰਗਤਿ ਦੇ ਵਿਸ਼ੇਸ ਲੰਗਰ ਅਤੇ ਬਾਬਾ ਚੰਗਾ ਭਾਟੜਾ ਜੀ ਦੀ ਉਤਮ ਰੀਤੀ ਨਾਲ ਗੁਰਮਤ ਪ੍ਰਚਾਰ ਕਰਨ ਬਾਬਤ ਪ੍ਰਕਰਨ ਉਜਾਗਰ ਹਨ।

ਸੰਖੇਪ ਹੋਣ ਦੇ ਬਾਵਜੂਦ ਵੀ ਇਹ ਪਹਿਲੀ ਵਾਰਤਕ ਬਾਣੀ ਭਾਟੜਾ ਸੰਗਤਿ ਦੇ ਮੁਢਲੇ ਇਤਿਹਾਸ ਬਾਰੇ ਇਕ ਮੌਲਕ ਰਚਨਾ ਹੈ। ਇਸ ਰਚਨਾ ਦੀ ਪ੍ਰੋੜਤ ਲਈ ਭਾਈ ਵੀਰ ਸਿੰਘ ਦਾ ਨੋਟ ਨਾਨਕ ਚਮਤਕਾਰ ਵਿਚੋਂ, ਭਾਈ ਭਗਵਾਨ ਸਿੰਘ ਦੀ ਭਗਤ ਬਾਣੀ ਸਟੀਕ, ਸਰੂਪ ਦਾਸ ਜੀ ਦਾ ਮਹਿਮਾ ਪ੍ਰਕਾਸ਼, ਸਿੰਗਲਾ ਦੀਪ

* ਨੋਟ: ਇਸ ਗ੍ਰੰਥ ਦਾ ਪ੍ਰਤੱਖ ਰੂਪ ਫੋਟੋ ਸਟੈਟ ਵਿਧੀ ਨਾਲ ਸੰਪਾਦਨ ਕਰ ਕੇ ਪ੍ਰਕਾਸ਼ਨ ਦਾ ਉਪਰਾਲਾ ਕੀਤਾ ਜਾਏਗਾ ਤਾਂ ਕਿ ਸਾਹਿਤ ਪ੍ਰੇਮੀ ਇਸ ਗ੍ਰੰਥ ਦੇ ਅਸਲੀ ਅੱਖਰਾਂ ਤੋਂ ਵਾਕਫ ਹੋ ਸਕਣ।

Digitized by Panjab Digital Library | www.panjabdigilib.org

ਕੀ ਰਹੁਤਾਸ ਸੰਤ ਮੰਗਲ ਦਾਸ, ਅੰਮ੍ਰਿਤਸਰ ਅੰਮ੍ਰਿਤ ਪ੍ਰਕਾਸ਼ ਗਿ. ਗਿਆਨ ਸਿੰਘ ਆਰਫ਼, ਤਵਾਰੀਖ ਪੰਥ ਖਾਲਸਾ ਸੰਤ ਸੂਰਜ ਸਿੰਘ ਗਿਆਨੀ, ਗੁਰ ਸਾਗਰ ਰਤਨ ਪ੍ਰਕਾਸ਼ ਸ੍ਰ ਗੁਰਬਖਸ਼ ਸਿੰਘ ਸ਼ਹੀਦ, ਆਦਿ ਰਚਨਾਵਾਂ ਪੜ੍ਹਨ ਯੋਗ ਹਨ।

ਹਿੰਦੁਸਤਾਨ ਛਡੋ ਮੋਰਚਾ — (7 ਅਗਸਤ 1942 ਨੂੰ ਕਾਂਗਰਸ ਨੇ ਬੰਬਈ ਵਿਚ (Quit India) ਹਿੰਦ ਛਡੋ ਮੋਰਚਾ ਅਰੰਭਿਆ। ਦੇਸ਼ ਭਰ ਵਿਚ ਗਰਿਫਤਾਰੀਆਂ ਦਿਤੀਆਂ ਗਈਆਂ। ਸਾਰੇ ਭਾਰਤ ਵਿਚ ਬਰਤਾਨੀਆਂ ਸਰਕਾਰ ਦੀ ਜੋਰਦਾਰ ਵਿਰੋਧਤਾ ਹੋਣ ਲਗੀ। ਇਸ ਅੰਦੋਲਨ ਸਮੇਂ ਭਾਈ ਹਰਨਾਮ ਸਿੰਘ ਪਿੰਡ ਬਹੋੜੂ ਚੱਕ ਨੰ. 18, ਭਾਈ ਮੋਹਨ ਸਿੰਘ, ਬਚਨ ਸਿੰਘ ਰਾਮਦਾਸੀਆ ਅਤੇ ਲੇਖਕ ਪਿੰਡ ਬੱਗਾ ਚੱਕ ਤਹਿਸੀਲ ਨਨਕਾਣਾ ਸਾਹਿਬ ਤੋਂ ਗ੍ਰਿਫਤਾਰ ਹੋਏ। ਇਕ ਰਮਦਾਸੀਆ ਸਿੰਘ ਤੇ ਤਿੰਨ ਭਾਟ ਸਿੰਘਾਂ ਨੇ ੬ ਮਹੀਨੇ ਦੀ ਸਫਲ ਜੇਹਲ ਯਾਤਰਾ ਕੀਤੀ। ਚੌਹਾਂ ਨੇ ਕੈਦ ਦਾ ਸਮਾਂ ਅਨੇਕ ਸੁਤੰਤਰਤਾ ਸੰਗਰਾਮੀਆਂ ਦੇ ਹੌਸਲੇ ਉਭਾਰਨ ਵਿਚ ਖੁਸ਼ੀ ਖੁਸ਼ੀ ਬਤੀਤ ਕੀਤਾ।

ਹਰੀ ਸਿੰਘ (ਨਲੂਆ)— ਭਾਟ ਸੰਗਤ ਦੇ ਇਹ ਬਜੁਰਗ ਸਿੱਖ ਰਾਜ ਦੇ ਉਤਸ਼ਾਹੀ ਜਰਨੈਲ ਸ: ਹਰੀ ਸਿੰਘ ਜੀ ਨਲੂਆ ਵਾਂਗ ਦਿਰਾਦੇ ਦੇ ਪ੍ਰਪਕ, ਉਪਕਾਰੀ ਤੇ ਫਰਤੀਲੇ ਵੱਜਦੀ ਸਨ। ਇਸੇ ਕਾਰਨ ਮਾਪਿਆਂ ਵਲੋਂ ਰਖੇ ਹਰੀ ਸਿੰਘ ਨਾਮ ਨਾਲ, ਸੰਗਤਾ ਵਲੋਂ ਸਤਕਾਰ ਵਜੋਂ 'ਨਲੂਆ' ਉਪ ਨਾਮ ਦਿਤਾ ਗਿਆ। ਆਪ ਭਾਟ ਸੰਗਤਿ ਵਿਚ ਸਤਿਕਾਰ ਯੋਗ ਹਸਤੀ ਸਨ ਜਿਸ ਕਾਰਨ 'ਭਾਟੜਾ ਸੰਗਤਿ ਸਭਾ ਲੰਡਨ' ਦੇ ਪੁਰਸ਼ਾਰਥੀ ਬਣੇ। ਇਹਨਾਂ ਭਾਰਤ ਦੀ ਅਜਾਦੀ ਖਾਤਰ ਵਿਆਪਕ ਪ੍ਰਚਾਰ ਕੀਤਾ। ਸਮਾਜ ਸੇਵਾ ਤੇ ਭਾਈਚਾਰਕ ਏਕਤਾ ਦੇ ਆਪ ਸਰੇ ਹਾਮੀ ਸਨ।

ਹਰੀ ਸਿੰਘ (ਰਾਜਾ) —ਭਾਟੜਾ ਸੰਪ੍ਰਦਾਇ ਦੇ ਬੇ-ਤਾਜ ਬਾਦਸ਼ਾਹ ਸਨ। ਇਹਨਾਂ ਦਾ ਠਾਟ-ਬਾਠ ਅਤੇ ਖਰਚ ਆਦਿ ਰਾਜਿਆ-ਮਹਾਰਾਜਿਆ ਦੇ ਸਮਾਨ ਸੀ। ਆਪ ਖੁਲ ਦਿਲੇ ਦੂਰ ਦਰਸ਼ੀ, ਸੁਲਝੇ ਹੋਇ, ਵਿਚਾਰ ਸ਼ੀਲ ਤੇ ਦਾਨੀ ਪੁਰਸ਼ ਸਨ। 21 ਜੂਨ 1940 ਨੂੰ ਆਪ ਨੇ ਵਿਦੇਸ਼ਾਂ ਦਾ ਸਫਰ ਅਰੰਭਿਆ ਤੇ ਅਨੇਕ ਦੇਸ਼ਾ ਵਿਚ ਵਿਚਰੇ। ਆਪ ਇੰਗਲਿਸ਼ ਦੇ ਤਾਸੀਰੀ ਤਾਰੀਖਦਾਨ ਤੇ ਲੈਕਚਰਾਰ ਸਨ। ਆਪ ਨੇ ਗੁਰਬਾਣੀ ਪ੍ਰਚਾਰ ਉਚੇ ਦਿਖਲਾਕ ਨਾਲ ਕੀਤਾ ਅਤੇ ਭਾਟ ਸੰਗਤ ਲਈ ਜਸ ਖੱਟਿਆ।

ਹਰਨਾਮ ਸਿੰਘ ਤਾਲਬ — (ਡਾ. ਹਰਨਾਮ ਸਿੰਘ ਤਾਲਬ, ਸੰਤ ਅਤਰ ਸਿੰਘ ਨਿਰਮਲ ਦਰਬਾਰ ਦੇ ਜੇਠੇ ਪੁਤਰ ਭਾਟੜਾ ਸੰਪ੍ਰਦਾਇ ਵਿਚੋਂ ਭੱਟੀ ਵੰਸ ਸ੍ਰੀ ਨਨਕਾਣਾ ਸਾਹਿਬ ਨਿਵਾਸੀ ਸਨ)। ਸੰਤ ਅਤਰ ਸਿੰਘ ਜੀ ਦੇ ਸਾਧੂ ਸੁਭਾ ਤੇ ਮਾਤਾ ਸੰਤ ਕੌਰ ਦੇ ਪ੍ਰਲੋਕ ਪਿਆਨਾ ਕਰ ਜਾਣ ਕਾਰਨ ਇਹਨਾਂ ਚਾਰ ਭਰਾਵਾਂ (ਹਰਨਾਮ ਸਿੰਘ, ਸੁਚਾ ਸਿੰਘ, ਅਜੀਤ ਸਿੰਘ ਅਤੇ ਬਲਵੰਤ ਸਿੰਘ) ਦੀ ਪਾਲਨਾ ਤੇ ਪੜ੍ਹਾਈ ਨਾਨਕੇ ਪ੍ਰਵਾਰ ਵਿਚ ਉਤਮ ਰੀਤੀ ਨਾਲ ਹੋਈ। ਇਹਨਾਂ ਦੇ ਮਾਸੀ ਜੀ ਬੀਬੀ ਧੰਨਦੇਈ ਨੇ ਦਵਾਂ ਭਣੇਵਿਆਂ ਦੀ ਦੇਖ ਰੇਖ ਤੇ ਯੋਗ ਅਗਵਾਈ ਕਰ ਕੇ ਹਰ ਪਖੋਂ ਸੁਚੱਜਾ ਬਣਾਇਆ।

ਡਾ. ਹਰਨਾਮ ਸਿੰਘ ਅਤੇ ਉਨ੍ਹਾਂ ਦੇ ਭਾਈਆਂ ਨੇ ਆਪਣਾ ਖ਼ਾਨਦਾਨੀ ਕਿੱਤਾ ਹਿਕਮਤ ਆਪਣੇ ਪਿਤਾ ਸੰਤ ਅਤਰ ਸਿੰਘ ਮਹੰਤ ਗੁ. ਪਟੀ ਸਾਹਿਬ ਤੋਂ ਸਿਖਿਆ ਅਤੇ ਗੁ: ਪਟੀ ਸਾਹਿਬ (ਨਨਕਾਣਾ ਸਾਹਿਬ) ਵਿਖੇ ਪ੍ਰਸਿਧ ਔਸ਼ਧਾਲੀਆ ਚਲਾਇਆ। ਸੰਨ 1935 ਵਿਚ ਸਮਾਜ ਸੁਧਾਰਿਕ ਲਗਣ ਕਾਰਣ ਸਾਥੀਆਂ ਨਾਲ ਮਿਲ ਕੇ ਸ੍ਰੀ ਗੁਰੂ ਨਾਨਕ ਨੌਜਵਾਨ ਭਾਟ ਸਭਾ ਮਾਨਾਵਾਲਾਬਾਰ ਜ਼ਿਲਾ ਸ਼ੇਖੂਪੁਰਾ ਵਿਚ ਅਸਥਾਤਨ ਕੀਤੀ। ਆਪ ਸਰਬ ਮੰਮਤੀ ਨਾਲ ਇਸ ਸਭਾ ਦੇ ਮੁਖ ਸਕੱਤਰ ਚੁਣੇ ਗਏ। ਸੰਨ 1938 ਵਿਚ ਸਮਾਜ ਸੁਧਾਰਿਕ ਨਿਯਮਾਂ ਦੀ ਪਾਲਣਾ ਹਿਤ ਮਨਮਤ ਦਾ ਖੰਡਨ ਕਰਨ ਦਾ ਪ੍ਰਚਾਰ ਕਰਦੇ ਰਹੇ।

Digitized by Panjab Digital Library | www.panjabdigilib.org

ਸੈਂਟਰਲ ਆਲ ਇੰਡੀਆ ਭਾਟੜਾ ਸਭਾ ਸ੍ਰੀ ਨਨਕਾਣਾ ਸਾਹਿਬ ਬਨਣ ਤੇ ਸਾਥੀਆਂ ਵਲੋਂ ਫਿਰ ਸਕੱਤਰ ਚੁਣੇ ਗਏ ।

ਸੰਨ 1939 ਨੂੰ ਲੰਡਨ ਪੁਜ ਕੇ ਚੰਗਾ ਭਾਟੜਾ ਨੌਜਵਾਨ ਸਭਾ (ਲੰਡਨ) ਦੇ ਡੈਲੀਗੇਟ ਬਣੇ । 1947 ਦੇ ਦੇਸ਼ ਬਟਵਾਰੇ ਤੋਂ ਬਾਅਦ ਤਾਲਬ ਜੀ ਨਨਕਾਣਾ ਸਾਹਿਬ ਤੋਂ ਸ਼ਰੀਫ ਪੁਰਾ ਅੰਮ੍ਰਿਤਸਰ ਆ ਕੇ ਆਪਣੇ ਦਵਾਖਾਨੇ ਵਿਚ ਡਾਕਟਰੀ ਸੇਵਾ ਦੇ ਨਾਲ ਨਾਲ ਹੀ ਸਮਾਜ ਸੁਧਾਰ ਦੇ ਕੰਮ ਵੀ ਕਰਦੇ ਰਹੇ ।

1965 ਵਿਚ 'ਸੰਗਤਿ ਸਮਾਚਾਰ' ਮਾਸਕ ਪੱਤਰ ਅਰੰਭ ਕਰ ਕੇ ਭਾਟੜਾ ਸੰਗਤ ਦੇ ਪ੍ਰਤੀਨਿਧਾਂ ਪਾਸੋਂ ਬੇਅੰਤ ਪ੍ਰਸੰਸਾ ਪ੍ਰਾਪਤ ਕੀਤੀ । ਸੰਗਤ ਸਮਾਚਾਰ ਉਹਨਾਂ ਆਪਣੇ ਅੰਤਮ ਸੁਆਸਾਂ ਤਕ ਮਾਸਕ ਪੱਤਰ ਦੇ ਰੂਪ ਵਿਚ ਚਲਾਇਆ । ਮਹਾਨ ਕੋਸ਼ ਅੰਦੋਲਨ ਸਮੇਂ ਸ੍ਰੀ ਅੰਮ੍ਰਿਤਸਰ ਤੋਂ ਸੰਗਤ ਪ੍ਰਤੀਨਿਧ ਦੇ ਤੌਰ ਤੇ ਆਪ ਪੂਰਨ ਲਗਨ ਤੇ ਜੋਸ਼ ਨਾਲ ਕੰਮ ਕਰਦੇ ਰਹੇ । ਲਗ ਪਗ ਅਧੀ ਸਦੀ ਦੀ ਸੁਧਾਰਿਕ ਜੀਵਨ ਯਾਤਰਾ ਦਾ ਅੰਤ 20-9-1971 ਨੂੰ ਉਨ੍ਹਾਂ ਦੀ ਅਕਾਲ ਮਿਰਤੂ ਨਾਲ ਹੋਇਆ । ਉਹਨਾਂ ਦੇ ਚਲਾਣੇ ਕਾਰਨ ਭਾਟ ਸੰਗਤ ਇਕ ਮਹਾਨ ਸਮਾਜ ਸੁਧਾਰਕ ਤੋਂ ਵਾਂਝੀ ਗਈ ।

ਹਵੇਲ ਸਿੰਘ ਗੜਗਜ ਨਾਮਧਾਰੀਆ— (ਸੰਤ ਹਵੇਲ ਸਿੰਘ ਗੜਗਜ ਪੁਤਰ ਭਾਈ ਮੰਗਲ ਸਿੰਘ ਦਿਗਪਾਲ ਪਿੰਡ ਕੋਟਵਾਰ ਸ. ਮੰਗਲ ਸਿੰਘ ਮਾਨ ਦੇ ਹੈਡ ਗ੍ਰੰਥੀ ਸਨ) । ਆਪ ਭਾਟੜਾ ਸੰਪ੍ਰਦਾਇ ਵਿਚ ਪੂਰਨ ਤਿਆਗੀ ਸੰਤ ਸਨ । ਨਾਮਧਾਰੀ ਸੰਗਤਿ ਦੀ ਰੰਗਤਿ ਨਾਲ ਆਪ ਨਾਮ ਸਿਮਰਨ ਵਿਚ ਸਦਾ ਜੁਟੇ ਰਹਿੰਦੇ ਸਨ । ਆਪ ਦੇ ਬੁੱਲ ਅਤੇ ਨੇਤਰ ਨਾਮ ਅਭਿ-ਆਸ ਦੀ ਖੁਮਾਰੀ ਨਾਲ ਹਮੇਸ਼ਾ ਫਰਕਦੇ ਰਹਿੰਦੇ ਸਨ । ਇਹਨਾਂ ਦੀ ਸਿਮਰਤੀ ਵਿਚ ਸੁਰੱਸਤੀ ਦਾ ਵਾਸ ਸੀ । ਸੰਤ ਗੜਗਜ ਜੀ ਅਨੇਕ ਰੋਗਾਂ ਦੇ ਕਾਬਲ ਹਕੀਮ ਸਨ । ਮਨੁਖਾਂ ਤੇ ਪਸ਼ੂਆਂ ਦਾ ਇਲਾਜ ਇਹਨਾਂ ਪਾਸ ਪ੍ਰਪਕ ਸੀ । ਕਈ ਵਾਰ ਇਨ੍ਹਾਂ ਦੇ ਅਸੀਰਵਾਦ ਨਾਲ ਹੀ ਰੋਗੀ ਅਰੋਗ ਹੋ ਜਾਂਦੇ ਸਨ । ਪਰ ਉਪਕਾਰੀ ਬਾਬਾ ਜੀ ਨੇ ਆਪ ਸਿਰ ਤੇ ਟੋਕਰੀ ਚੁਕ ਕੇ ਹੇਠ ਲਿਖੇ ਗੁਰਅਸਥਾਨ ਬਣਾਇ—

1. ਗੁਰਦਵਾਰਾ ਪਿੰਡ ਮੂਲ ਸਿੰਘ ਵਾਲਾ
2. ਗੁਰਦਵਾਰਾ ਕਿਲ੍ਹਾ ਸ: ਕਵਾਕ ਸਿੰਘ ਮਾਨ
3. ਗੁਰਦਵਾਰਾ ਕਿਲ੍ਹਾ ਸ: ਸ਼ਿਵਦੇਵ ਸਿੰਘ ਮਾਨ
4. ਗੁਰਦਵਾਰਾ ਮੋਘਾ ਅਮਾਮ ਦੀਨ
5. ਗੁਰਦਵਾਰਾ ਕਿਲਾ ਸ: ਨੌਨਿਹਾਲ ਸਿੰਘ ਮਾਨ
6. ਗੁਰਦਵਾਰਾ ਪਿੰਡ ਇੱਟਾਂ ਵਾਲੀ
7. ਗੁਰਦਵਾਰਾ ਪਿੰਡ ਕੋਟ ਵਾਰ ਸ: ਮੰਗਲ ਸਿੰਘ ਮਾਨ

ਉਕਤ ਸਤ ਗੁਰਅਸਥਾਨ 1944 ਤਕ ਤਿਆਰ ਹੋ ਗਏ ਸਨ ਅਤੇ ਤਹਿਸੀਲ ਨਨਕਾਣਾ ਸਾਹਿਬ ਜ਼ਿਲਾ ਸ਼ੇਖੂਪੁਰਾ ਵਿਚ ਵਾਕਿਆ ਸਨ । ਸੰਤ ਗੜਗਜ ਜੀ ਨਾਮਧਾਰੀ ਸੰਪ੍ਰਦਾਇ ਸ੍ਰੀ ਨਨਕਾਣਾ ਸਾਹਿਬ ਦੇ ਮੁਖੀ ਸੰਤ ਤੇ ਮਾਨਾਵਾਲਾ ਦੇ ਬਾਰ ਸੰਤ ਸੁੰਦਰ ਸਿੰਘ ਭੂਰੀਵਾਲੇ ਦੇ ਸਮਕਾਲੀ ਸਨ ਜਿਸ ਕਰ ਕੇ ਉਨ੍ਹਾਂ ਦੇ ਅਤਿ ਪਿਆਰੇ ਅਤੇ ਬਹੁਤ ਨਿਕਟ ਸਨ । ਕੀਰਤਨ ਬੜੀ ਉਚੀ ਅਵਾਜ਼ ਵਿਚ ਕਰਦੇ ਸਨ ਜਿਸ ਕਾਰਨ ਸੰਗਤਾਂ ਇਹਨਾਂ ਨੂੰ ਸੰਤ ਗੜਗਜ ਕਹਿ ਕੇ ਸਤਕਾਰਦੀਆਂ ਸਨ । ਸੰਤ ਜੀ ਨਾਮ ਦੀ ਲੋਰ ਵਿਚ ਪਿੰਡ ਕੋਟਵਾਰ ਵਿਖੇ ੨੨ ਫੱਗਣ ਸੰ. ੨੦੦੦ ਬਿ. ਦਿਨ ਬੁਧਵਾਰ ਨੂੰ (ਅੰਮ੍ਰਿਤ ਵੇਲੇ) ਪ੍ਰਲੋਕ ਪਿਆਨਾ ਕਰ ਗਏ ।

ਹਰਬੰਸ ਕੌਰ ਬੀਬੀ— (ਧਰਮ ਪਤਨੀ ਸ. ਸੁਜਾਨ ਸਿੰਘ ਪ੍ਰਧਾਨ ਆਲ ਇੰਡੀਆ ਭਾਟੜਾ ਮਹਾਂ ਸਭਾ ਅਤੇ ਆਲ ਇੰਡੀਆ ਸੰਗਤਿ ਭਾਟੜਾ ਯੂਨੀਅਨ) । ਬੀਬੀ ਹਰਬੰਸ ਕੌਰ ਜੀ ਦਾ ਅਨੰਦ ਕਾਰਜ ਸੰਨ 1934 ਈ. ਵਿਚ ਸ: ਸੁਜਾਨ ਸਿੰਘ ਨਾਲ ਹੋਇਆ । ਬੀਬੀ ਜੀ ਨੇ ਮਹਾਨ ਕੋਸ਼ ਅੰਦੋਲਨ ਸਮੇਂ ਬੜੀ ਸਧਰ ਤੇ ਸੇਵਾ ਭਾਵ ਨਾਲ ਭਾਟੜਾ ਸੰਗਤ ਦੀ ਸੇਵਾ ਕੀਤੀ, ਜੋ ਭਾਟੜਾ ਸੰਗਤਿ ਦੇ ਇਤਿਹਾਸ ਵਿਚ ਸਦਾ

Digitized by Panjab Digital Library | www.panjabdigilib.org

ਅਮਰ ਰਹੇਗੀ।

ਸ. ਸੁਜਾਨ ਸਿੰਘ ਜੀ ਤੇ ਬੀਬੀ ਹਰਬੰਸ ਕੌਰ ਜੀ ਨੇ ਅੰਦੋਲਨ ਸਮੇਂ ਬਾਹਰੋਂ ਆਏ ਜਥਿਆਂ ਦੀ ਸੇਵਾ ਸੰਭਾਲ, ਸੰਗਤਾਂ ਦੇ ਲੰਗਰ ਤੇ ਰਿਹਾਇਸ਼ ਆਦਿ ਦਾ ਪਰਬੰਧ ਖਿੜੇ ਮਥੇ ਕੀਤਾ ਜਿਸ ਕਰ ਕੇ ਉਸ ਸਮੇਂ ਇਉਂ ਮਾਲੂਮ ਹੁੰਦਾ ਸੀ ਕਿ ਪਟਿਆਲਾ ਸ਼ਹਿਰ ਵਿਚ ਇਹਨਾਂ ਦੇ ਘਰ ਗੁਰੂ ਜੀ ਦੀ ਵਿਸ਼ੇਸ਼ ਕਿਰਪਾ ਹੈ। ਹਰ ਸਮੇਂ ਸੰਗਤਾਂ ਦੇ ਜਥਿਆਂ ਦੀ ਆਵਾਜਾਈ ਲਗੀ ਰਹਿੰਦੀ। ਵਕਤ ਬੇ ਵਕਤ ਆਈਆਂ ਸੰਗਤਾਂ ਦਾ ਸਨਮਾਨ ਬੀਬੀ ਹਰਬੰਸ ਕੌਰ ਜੀ ਆਪਣੀਆਂ ਸਾਊ ਤੇ ਸੁਗੜ ਨੌਂਹਾਂ-ਧੀਆਂ ਦੇ ਨਾਲ ਹੋ ਕੇ ਕਰਦੇ।

ਉਨ੍ਹਾਂ ਦੀ ਖੁਲ-ਦਿਲੀ ਨਾਲ ਕੀਤੀ ਸੇਵਾ ਤੋਂ ਹਰ ਕੋਈ ਪ੍ਰਭਾਵਤ ਹੁੰਦਾ ਤੇ ਬੀਬੀ ਹਰਬੰਸ ਕੌਰ ਦੇ ਗੁਣਾਂ ਦੀ ਪ੍ਰਸ਼ੰਸਾ ਕੀਤੇ ਬਿਨਾਂ ਨਾ ਰਹਿ ਸਕਦਾ। ਗੁਰੂ ਘਰ ਦੇ ਪ੍ਰੇਮੀ ਤੇ ਸੇਵਾ ਪੁੰਜ ਬੀਬੀ ਹਰਬੰਸ ਕੌਰ 1970 ਵਿਚ ਪਟਿਆਲੇ ਵਿਖੇ ਅਕਾਲ ਚਲਾਣਾ ਕਰ ਗਏ ਪਰ ਜਿਥੇ ਕਿਤੇ ਮਹਾਨ ਕੋਸ਼ ਅੰਦੋਲਨ ਦਾ ਜ਼ਿਕਰ ਆਵੇਗਾ ਉਹਨਾਂ ਦਾ ਨਾਮ ਭਾਟੜਾ ਸੰਗਤ ਵਿਚ ਹਮੇਸ਼ਾ ਆਦਰ ਨਾਲ ਲਿਆ ਜਾਵੇਗਾ।

ਕਾਂਗੜ ਗੋਤ — ਪੰਜਾਬ ਦੇ ਲਾਗ ਇਕ ਪਹਾੜੀ ਪ੍ਰਗਨੇ ਵਿਚ ਵਸਣ ਵਾਲੇ ਰਾਜਪੂਤਾਂ ਵਿਚੋਂ ਇਕ ਸ਼ਾਖ ਜੋ ਸੰਗੀਤਾਕਾਰ ਅਤੇ ਕਲਮਕਾਰ ਹਨ। ਜਿਹਨਾਂ ਦੀ ਕਲਮ ਛੋਹ ਨਾਲ ਚਿਤਰ ਸਿਰਜਨਾ ਹੋਵੇ। ਕਾਂਗੜੇ ਦੀ ਚਿਕਰਕਾਰੀ ਮਸ਼ਹੂਰ ਹੈ। ਭਾਟੜਾ ਸੰਪ੍ਰਦਾਇ ਵਿਚ ਕਾਂਗੜ ਇਕ ਪ੍ਰਸਿਧ ਗੋਤ ਹੈ।

ਕਸ਼ਪ ਗੋਤ — ਇਹ ਗੋਤ ਬ੍ਰਹਮਾ ਦੇ ਪੁਤਰ ਮਰੀਚ—ਮਰੀਚ ਦੇ ਪੁਤਰ ਕਸ਼ਪ ਰਿਖੀ ਜੀ ਤੋਂ ਬਣਿਆ ਮੰਨਿਆ ਜਾਂਦਾ ਹੈ; ਜੋ ਭਾਰਤ ਦੇ ਵੱਖ ਵੱਖ ਕਬੀਲਿਆਂ (ਮਾਨਸ਼ ਸ਼ਾਖਾ) ਵਿਚ ਵੰਡਿਆ ਪਿਆ ਹੈ। ਭਾਟੜਾ ਸੰਪ੍ਰਦਾਇ ਵਿਚ ਕਸਬਾ, ਕਸ਼ਪ; ਕਾਸ਼ਪ ਤੇ ਕਸਬਿਆ, ਆਦਿ ਨਾਮਾਂ ਹੇਠ ਦੇਸ਼ ਕਾਲ ਦੀ ਵੰਡ ਅਨੁਸਾਰ ਬਦਲੇ ਸਰੂਪ ਵਿਚ ਇਹ ਗੋਤ ਸਾਕਾਰ ਹੈ। ਇਹ ਚਾਰੇ ਨਾਮ ਸ਼ੁਧ ਹਨ। ਇਹਨਾਂ ਵਿਚੋਂ ਕੋਈ ਸ਼ਬਦ ਵਿਗੜਿਆ ਕਹਿਣਾਂ ਯੋਗ ਨਹੀਂ। ਰਾਜਸਥਾਨ ਦੇ ਜੈਪੁਰ ਤੇ ਜੋਧਪੁਰ ਇਲਾਕੇ ਵਿਚ ਅਨੇਕਾਂ ਕਸ਼ਪ ਗੋਤ ਦੇ ਲੋਕ ਵਸਦੇ ਹਨ। ਏ-ਕਸ਼ਪ ਗੋਤ ਨੂੰ ਕਛਵਾਰ ਵੀ ਕਿਹਾ ਜਾਂਦਾ ਹੈ।*

ਕਰਮ ਸਿੰਘ ਪੰਜ ਸੁਆਰੀਆ — (ਬਾਬਾ ਕਰਮ ਸਿੰਘ ਫਰਲੇ ਵਾਲੇ ਬਬੰਕੀ ਨਿਹੰਗ ਸਿੰਘ) ਭਾਟੜਾ ਸੰਪ੍ਰਦਾਇ ਦੇ ਲੱਖਣਪਾਲ ਗੋਤ ਵਿਚੋਂ ਡਸਕਾ ਕਲਾਂ ਜ਼ਿਲ੍ਹਾ ਸਿਆਲਕੋਟ ਦੇ ਵਸਨੀਕ ਸਨ। ਆਪ ਜੀ ਸੁਆਰੀ ਵਾਸਤੇ ਸਦਾ ਪੰਜ ਘੋੜੇ ਰਖਦੇ ਤੇ ਚਲਦਾ ਵਹੀਰ ਫੇਰ ਕੇ ਤਹਿਸੀਲਦਾਰਾਂ ਤੋਂ ਮਾਮਲਾ ਉਗਰਾਹ ਕੇ ਲੰਗਰ ਚਲਾਉਂਦੇ ਸਨ। ਭਾਰਤ ਦੀ ਅਜ਼ਾਦੀ ਲਈ ਅੰਗਰੇਜ਼ ਹਕੂਮਤ ਵਿਰੁਧ ਹਮੇਸ਼ਾ ਪ੍ਰਚਾਰ ਕਰਦੇ ਹੋਏ ਵੀ ਤਪ ਸਾਧਨਾ, ਸ਼ਬਦ ਸਿਮਰਨ ਵਿਚ ਸੁਆਸ ਸੁਆਸ ਜੁਟੇ ਰਹਿੰਦੇ ਸਨ। ਬਿਰਧ ਅਵਸਥਾ ਸਮੇਂ ਇਨ੍ਹਾਂ ਨੂੰ ਗੰਜੀਬਾਰ ਦੇ ਇਕ ਧਨਾਢ ਨੇ ਮਾਇਆ ਤੇ ਜ਼ਮੀਨ ਅਰਪਨ ਕਰਣ ਦਾ ਵਿਚਾਰ ਪੇਸ਼ ਕੀਤਾ ਪਰ ਸਤਪੁਰਸ਼ ਬਾਬਾ ਜੀ ਨੇ ਦੌਲਤ, ਦੁਨੀਆ ਤੇ ਜੰਗੀਰਾਂ ਸਾਡੇ ਕਿਸੇ ਕੰਮ ਨਹੀਂ ਆਖ ਕੇ ਇਹ ਪੇਸ਼ਕਸ਼ ਠੁਕਰਾ

* ਪੜੋ — ਮਾਲਵਾ ਇਤਿਹਾਸ, ਕਰਤਾ ਸੰਤ ਵਿਸਾਖਾ ਸਿੰਘ ਸੰਤ ਸਿਪਾਈ।

Digitized by Panjab Digital Library | www.panjabdigilib.org

ਉਹਨਾਂ ਦਾ ਮਤ ਸੀ ਕਿ ਖਾਲਸਾ ਜੀ ਨੂੰ ਅਕਾਲ ਪੁਰਖ ਨੇ ਸੰਸਾਰ ਦਾ ਰਾਜ ਬਖਸ਼ਿਆ ਹੈ। ਬਾਬਾ ਜੀ ਇਕ ਸੌ ਪੈਂਤੀ ਸਾਲ ਦੀ ਆਯੂ ਭੋਗ ਕੇ ਚਲਦੇ ਫਿਰਦੇ ਡਸਕੇ ਵਿਚ ਪ੍ਰਲੋਕ ਪਿਆਨਾ ਕਰ ਗਏ।

ਕਲ ਸਹਾਰ ਭੱਟ—ਗੁਰੂ ਜਸ ਕਰਤਾ ਇਕ ਉਤਮ ਕਵੀ, ਸੋਹਲਵੀਂ ਸਦੀ ਵਿਚ ਲਾਹੌਰ ਦੇ ਵਸਨੀਕ ਸਨ। ਇਨ੍ਹਾਂ ਬਾਦਸ਼ਾਹ ਜਹਾਂਗੀਰ ਦੇ ਜਪਾਨੇ 'ਦਿਲੀ ਰਾਜ ਬੰਸਾਵਲੀ' ਲਿਖੀ ਜਿਸਦੇ 119 ਛੰਦ ਹਨ। ਬਾਅਦ ਵਿਚ ਗੁਰੂ ਸਰਨ ਆਕੇ ਗੁਰੂ ਘਰ ਦੇ ਸੇਵਕ ਬਣੇ। ਇਹਨਾ ਦੇ ਰਚੇ ਸਵੱਈਏ ਬਾਣੀ ਤੁਲ ਸਤਕਾਰੇ ਗਏ। ਯਥਾ: ਕਹੁ ਕੀਰਤ ਕਲ ਸਹਾਰ (ਸਵੈਯੇ ਮ: ੨ ਕੇ)*।

ਖੜਗ ਸਿੰਘ ਜੰਗੀ—(ਸ. ਕੰਗਣਾਂ ਸਿੰਘ ਲੱਖਣ ਪਾਲ ਰਾਵੀ ਰੋਡ ਲਹੌਰ ਨਿਵਾਸੀ ਦੇ ਸਪੁਤਰ ਸਨ)। ਆਪ ਭਾਟੜਾ ਸੰਗਤਿ ਵਲੋਂ ਹਰ ਸਾਲ ਲਾਹੌਰ ਵਿਖੇ ਸ਼ਹੀਦੀ ਜੋੜ ਮੇਲ ਸਮੇਂ ਲੱਗਣ ਵਾਲੀ ਛਬੀਲ ਵਿਚ ਸੈਂਕੜੇ ਦਮੱੜਿਆਂ ਦਾ ਖਰਚ ਕਰਕੇ ਮਿਠਾ ਜੱਲ ਸੰਗਤਾਂ ਨੂੰ ਛਕਾ ਕੇ ਖੁਸ਼ੀਆਂ ਪ੍ਰਾਪਤ ਕਰਦੇ ਸਨ। ਆਪ ਨੇ ਗੁਰਦਵਾਰਾ ਮੋਚੀ ਦਰਵਾਜਾ ਲਹੌਰ ਨੂੰ ਸਰਬ ਸਾਂਝਾ ਬਨੌਣ ਲਈ ਚਲਾਈ ਮੁਹਿੰਮ ਵਿਚ ਵੀਰਤਾ ਨਾਲ ਨਿਤਰ ਕੇ ਸਫਲਤਾ ਪ੍ਰਾਪਤ ਕੀਤੀ। ਯੂਰਪ ਦੀ ਸੁੰਨ ਧਰਤੀ ਤੇ ਵੀ ਆਪ ਮਿਲਵਰਤਨ ਤੇ ਸੰਗਤ ਦੇ ਸਾਂਝੇ ਕੰਮਾਂ ਵਾਸਤੇ ਹਮੇਸ਼ਾ ਮੋਹਰਲੀ ਕਤਾਰ ਵਿਚ ਹੁੰਦੇ ਸਨ।

ਖੇਮ ਸਿੰਘ ਲੱਖਣਪਾਲ—(ਸਪੁਤਰ ਸ. ਬਾਂਘ ਸਿੰਘ ਜੀ ਵਾਹੀ ਵਾਲੇ ਨਿਵਾਸੀ ਭਾਡੇਵਾਲਾ)। ਲੱਖਣਪਾਲ ਖਾਨਦਾਨ ਮੁਢ ਤੋਂ ਹੀ ਕਾਸ਼ਤ ਕਾਰ ਹੋਣ ਕਰਕੇ ਇਸ ਖਾਨਦਾਨ ਦੀ ਅੱਲ 'ਵਾਹੀ ਵਾਲੇ' ਮਸ਼ਹੂਰ ਹੋਈ। ਸ. ਖੇਮ ਸਿੰਘ ਜੀ ਨੇ ਬਾਬਾ ਪੋਹਾ ਸਿੰਘ ਦੀ ਯਾਦ ਵਿਚ ਇਕ ਸਮਾਰਕ ਬਾਬਾ ਗੁਲਾਬੀ ਸੰਤ ਦੇ ਸਰੋਵਰ ਕੰਢੇ ਉਸਾਰਿਆ ਸੀ। ਆਪ ਦਾ ਚੌਫੇਰੇ ਜ਼ਿਮੀਂਦਾਰੇ ਵਿਚ ਬੜਾ ਸਤਿਕਾਰ ਸੀ। 1958 ਵਿਚ ਆਪ ਵਲੈਤ ਯਾਤਰਾ ਗਏ। 1976 ਵਿਚ ਆਪ ਪ੍ਰਲੋਕ ਪਿਆਨਾ ਕਰ ਗਏ।

ਗਿਆਨ ਸਿੰਘ ਰਾਗੀ— (ਭਾਈ ਤਾਰਾ ਸਿੰਘ ਰਾਗੀ ਦੇ ਸਪੁਤਰ ਸ੍ਰੀ ਅੰਮ੍ਰਿਤਸਰ ਨਿਵਾਸੀ ਸਨ)। ਇਹ ਗਰਬਾਣੀ ਕੀਰਤਨ ਵਿਚ ਵਿਸ਼ੇਸ਼ ਮਹਾਰਤ ਰੱਖਣ ਕਾਰਨ ਸੰਗੀਤ ਸਮਰਾਟ ਮੰਨੇ ਜਾਂਦੇ ਸਨ। ਮਹਾਨ ਕੋਸ਼ ਅੰਦੋਲਨ ਸਮੇਂ ਭਾਸ਼ਾ ਵਿਭਾਗ ਅਤੇ ਹਰੀ ਜੀ ਨਾਲ ਭਾਟੜਾ ਯੂਨੀਅਨ ਅੰਮ੍ਰਿਤਸਰ ਵਲੋਂ ਡਾ. ਹਰਨਾਮ ਸਿੰਘ ਤਾਲਬ ਤੇ ਸ: ਪਿਆਰਾ ਸਿੰਘ ਮੌਜੀ ਆਦਿ ਸਮੇਤ ਕਈ ਵਾਰ ਮਿਲੇ। ਆਪ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀਆਂ ਸੁੰਦਰ ਪ੍ਰਕਰਮਾ ਬਨਾਉਣ ਹਿਤ ਸੰਤ ਭੂਰੀ ਵਾਲਿਆਂ ਨਾਲ ਵਿਦੇਸ਼ਾਂ ਵਿਚ ਕੀਰਤਨ ਪ੍ਰਚਾਰ ਕਰਨ ਗਏ ਅਤੇ ਬੇਅੰਤ ਮਾਇਆ ਲਿਆ ਕੇ ਪ੍ਰਕਰਮਾ ਦੀ ਸੇਵਾ ਕਰਵਾਈ। ਆਪ ਅੰਤ ਸਮੇਂ ਤਕ ਅਨੇਕਾਂ ਧਾਰਮਿਕ ਅਸਥਾਨਾਂ ਦੀ ਸੇਵਾ ਸੰਭਾਲ

* ਪੜ੍ਹੋ— ਪੰਜਾਬੀ ਦੁਨੀਆਂ-ਗੁਰੂ ਅਰਜਨ ਅੰਕ ਪੰਨਾ 47 ਅਤੇ 110 ਅਤੇ ਗੁਰੂ ਗ੍ਰੰਥ ਕੋਸ਼ ਪੰਨਾ 358।

Digitized by Panjab Digital Library | www.panjabdigilib.org

ਕਰਦੇ ਰਹੇ ।

ਗਹਿਣਾ ਸਿੰਘ ਬਾਬਾ— [ਭਾਟੜਾ ਸੰਪ੍ਰਦਾਇ ਵਿਚੋਂ ਚੁਹਾਨ ਵੰਸ਼ੀ ਸਨ]। ਆਪ ਕੁਰਬਾਨੀ ਪੁੰਜ, ਸਮਾਜਿਕ ਉਸਰਈਏ ਅਤੇ ਅਗਾਂਹ ਵਧੂ ਇਨਕਲਾਬੀ ਸੁਤੰਤਰਤਾ ਸੰਗਰਾਮੀਏ ਸਨ। ਆਪ ਨੇ ਕਈ ਵਾਰ ਵਿਦੇਸ਼ਾਂ ਦੀ ਯਾਤਰਾ ਕੀਤੀ । 3-10-1968 ਐਤਵਾਰ ਨੂੰ ਆਪ ਦਿੱਲੀ ਵਿਖੇ ਪ੍ਰਲੋਕ ਸਿਧਾਰੇ ।

ਗੋਲਾ ਗੋਤ— (ਸੰਗਯਾ) ਗੋਲਕਾਰ-ਗੁਲਾਮ ਕੀਤਾ ਯਥਾ : ਗੋਲਾ ਗਿਆਨ ਚਲਾਇਆ [ਭੈਰਉ ਕਬੀਰ]* ਭਾਟ ਸੰਗਤਿ ਵਿਚ ਗੋਲਾ ਗੋਤ ਬੜਾ ਉਜਾਗਰ ਹੈ ।

ਗੌੜਗੋਤ : (ਸੰਗਯਾ) — ਪੂਰਬ ਬੰਗਾਲ ਤੇ ਉੜੀਸਾ ਵਿਚਘਾਰਲੇ ਗੌੜ ਦੇਸ਼ ਦਾ ਵਸਨੀਕ। ਬ੍ਰਾਹਮਨਾ ਦੀ ਇਕ ਪ੍ਰਸਿਧ ਜਾਤੀ ਅਤੇ ਰਾਜਪੂਤਾਂ ਵਿਚੋਂ ਇਕ ਗੋਤ ਜਿਸ ਦਾ ਉਪਨਾਮ ਗਾੜਾ ਹੈ। ਗੌੜ ਅਥਵਾ ਗਾੜਾ ਭਾਟੜਾ ਸੰਪ੍ਰਦਾਇ ਵਿਚ ਮਸ਼ਹੂਰ ਗੋਤ ਹੈ। **

ਗਲੋਹੀ ਗੋਤ— ਸੰਗਯਾ : ਗਲੇ ਤੋਂ ਵੱਖ ਵੱਖ ਵਿਚਾਰ ਵਿਆਖਿਆ ਕਰਨ ਵਾਲਾ। ਯਥਾ :

ਸੰਤ ਤੇਰੇ ਸਿਓ ਗਾਲ ਗਲੋਹੀ [ਗਉੜੀ ਮ. ੫]

ਪੁਨਾ ਹਰਿ ਗਾਲ ਗਲੋਈਐ [ਵਾਰ ਵੰਡ-ਮ. ੪]

ਗਲੋਹੀ ਗੋਤ ਭਾਟੜਾ ਸੰਪ੍ਰਦਾਇ ਵਿਚ ਪ੍ਰਭਾਵਸ਼ਾਲੀ ਗੋਤ ਹੈ ।

ਗੰਡਾ ਸਿੰਘ ਦਿਗਪਾਲ — ਕੁਸ਼ਤੀਆ ਦੇ ਸ਼ੌਕੀਨ ਦਿਲਾਵਰ ਪਹਿਲਵਾਨ ਸਨ । ਇਹਨਾਂ ਆਪਣੇ ਪਿੰਡ ਦਬੇਰਨ ਵਿਚ ਨੰਬਰਦਾਰ ਸ. ਸਜਾਵਲ ਸਿੰਘ ਦੀ ਪ੍ਰੇਰਨਾ ਨਾਲ ਰਾਵਲਪਿੰਡੀ ਦੇ ਇਕ ਅੰਗਰੇਜ਼ ਪਹਿਲਵਾਨ ਨਾਲ ਬੜੀ ਭਾਰੀ ਕੁਸ਼ਤੀ ਲੜੀ। ਕੁਸ਼ਤੀ ਵਿਚ ਸ. ਗੰਡਾ ਸਿੰਘ ਪਹਿਲਵਾਨ ਨੇ ਬੜੀ ਫੁਰਤੀ ਨਾਲ ਅੰਗਰੇਜ਼ ਪਹਿਲਵਾਨ ਨੂੰ ਢਾਹ ਲਿਆ। ਇਸ ਵਿਜੈ ਕਾਰਨ ਉਹਨਾਂ ਨੂੰ ਚਾਂਦੀ ਦੇ ਪੰਜ ਸੌ ਰੁਪੈਆਂ ਦਾ ਇਨਾਮ ਪ੍ਰਾਪਤ ਹੋਇਆ।

ਇਸ ਸਮੇਂ ਇਕੱਤਰ ਜਨ ਸਮੂਹ ਸ. ਗੰਡਾ ਸਿੰਘ ਦੀ ਬਹਾਦਰੀ ਨੂੰ ਦੇਖ ਕੇ ਅਤਿ ਪ੍ਰਸੰਨ ਹੋਇਆ। ਲੋਕਾਂ ਵਲੋਂ ਕਾਫ਼ੀ ਸਨਮਾਨ ਤੇ ਇਨਾਮ ਦਿਤਾ ਗਿਆ।

ਇਕ ਅੰਗਰੇਜ ਅਫਸਰ ਨੇ ਜੋ ਕੁਸ਼ਤੀ ਦੇਖ ਰਿਹਾ ਸੀ ਖੁਸ਼ ਹੋ ਕੇ ਉਹਨਾਂ ਦੀ ਬਹਾਦਰੀ ਦੇ ਇਨਾਮ ਵਜੋਂ ਸ. ਗੰਡਾ ਸਿੰਘ ਨੂੰ ਤੋਪਖਾਨਾ ਨੰਬਰ 6 ਵਿਚ ਭਰਤੀ ਕਰ ਕੇ ਜਮਾਂਦਾਰ ਦੇ ਔਹਦੇ ਪਰ ਨੀਅਤ ਕਰ ਦਿਤਾ। ਫੌਜ ਵਿਚ ਰਹਿੰਦਿਆਂ ਗੰਡਾ ਸਿੰਘ ਨੇ ਕਾਫੀ ਰਸੂਖ ਵਧਾਇਆ ਅਤੇ ਕਈ ਭਾਟੜਾ ਸਿੰਘ ਭਰਤੀ ਕਰਵਾਏ। ਇਹਨਾਂ ਆਪਣੇ ਵਡੇ ਪੁਤਰ ਸ: ਹਰਨਾਮ ਸਿੰਘ ਨੂੰ ਰਸਾਲਾ ਨੰਬਰ 6 ਵਿਚ ਘੋੜ ਸਵਾਰ ਭਰਤੀ ਕਰਾਇਆ। ਬੁਢਾਪੇ ਸਮੇਂ ਪਿੰਡ ਦਬੇਰਨ ਦੀ ਆਪਣੀ ਜ਼ਮੀਨ ਵਿਚ ਕਾਸ਼ਤ ਕਰਦੇ ਰਹੇ ।

ਗੰਡਾ ਸਿੰਘ ਅਕਾਲੀ— ਸੰਨ 193 ਦੇ ਡਸਕਾ ਮੋਰਚਾ ਵਿਖੇ ਪੰਥ ਦੇ ਬੇ-ਤਾਜ ਬਾਦਸ਼ਾਹ ਬਾਬਾ ਖੱੜਗ ਸਿੰਘ ਜੀ ਤੇ ਮਾਸਟਰ ਤਾਰਾ ਸਿੰਘ ਜੀ ਨਾਲ ਅਕਾਲੀ ਗੰਡਾ ਸਿੰਘ ਜੀ ਚਾਰ ਵਾਰ ਗ੍ਰਿਫਤਾਰ ਹੋਏ। ਮੋਰਚੇ ਸਮੇਂ ਜਥੇਦਾਰ ਗਿ. ਪ੍ਰੀਤਮ ਸਿੰਘ ਬੈਂਸ, ਜਥੇਦਾਰ ਸੰਤ ਵਰਿਯਾਮ ਸਿੰਘ, ਜਥੇਦਾਰ ਭਾਈ ਹੁਕਮ ਸਿੰਘ ਪੁਤਰ ਭਾਈ ਹਰਨਾਮ ਸਿੰਘ (ਕੂਪੀ ਨਿਹੰਗ) ਤੇ ਜਥੇਦਾਰ ਅਕਾਲੀ ਗੰਡਾ ਸਿੰਘ ਆਪੋ ਆਪਣੇ ਜਥਿਆਂ ਸਮੇਤ ਪੂਰੀਆਂ ਕੈਦਾਂ ਕਟ ਕੇ ਬੜੀ ਸ਼ਾਨ ਨਾਲ ਵਾਪਸ ਆਏ।

(ਵੇਖੋ : ਡਸਕੇ ਦਾ ਮੋਰਚਾ)

ਗੁਲਾਬੀ ਸੰਤ— (ਬਾਬਾ ਗੁਲਾਬੀ ਸੰਤ ਜੀ ਲੱਖਣਪਾਲੇ ਗੋਤ ਵਿਚੋਂ ਪਿੰਡ ਭਾਂਡੇਵਾਲਾ ਦੇ ਵਸਨੀਕ

* ਮਹਾਨ ਕੋਸ਼ ਪੰਨਾ 323

** ਮਹਾਨ ਕੋਸ਼ ਪੰਨਾ 323

Digitized by Panjab Digital Library | www.panjabdigilib.org

ਸਨ)। ਇਹਨਾਂ ਦੀ ਵਡੀ ਭੈਣ ਦਾ ਨਾਮ ਬੀਬੀ ਗੁਲਾਬੀ ਸੀ। ਸੰਤ ਜੀ ਮਾਤਾ ਪਿਤਾ ਦੇ ਇਕਲੌਤੇ ਪੁਤਰ ਸਨ। ਜਨਮ ਸਮੇਂ ਨੱਕ ਵਿੱਨ ਕੇ ਵੇਸਰ ਬੁਲਾਕ ਪਾਨ ਕਰਨ ਮਾਪਿਆਂ ਇਹਨਾਂ ਦਾ ਨਾਮ ਬੁਲਾਕਾ ਸਿੰਘ ਰਖਿਆ ਸੀ। ਬੁਲਾਕਾ ਸਿੰਘ ਜੀ ਦੇ ਸਿਰਪਰ ਜਮਾਂ-ਦਰੂ ਜੜਾਵਾਂ (ਬੈਰੀਆਂ) ਹੋਣ ਕਾਰਣ ਬਾਲ ਸੰਤ ਸਰੂਪ ਲਗਦੇ ਸਨ। ਪੰਜ ਸਾਲ ਦੀ ਉਮਰ ਵਿਚ ਇਕ ਰਾਤ ਮਾਤਾ ਦੇ ਨਿਕਟ ਬੈਠਿਆਂ ਅਚਾਨਕ ਤੇਜ਼ ਹਨੇਰੀ ਆਈ। ਇਸ ਭਿਆਨਕ ਹਨੇਰੀ ਵਿਚ ਬਾਲ ਸੰਤ ਅਲੋਪ ਹੋ ਗਏ। ਮਾਤਾ ਪਿਤਾ ਨੇ ਬਾਲ ਸੰਤ ਗੁੰਮ ਹੋਏ ਸਮਝ ਕੇ ਆਸ ਪਾਸ ਪੁਛ ਪੜਤਾਲ ਕੀਤੀ ਪਰ ਜਦ ਭਾਲਨ ਦੇ ਬਾਵਜੂਦ ਭੀ ਨਾ ਲਭੇ ਤਾਂ ਮਾਤਾ ਦਾ ਧਰਵਾਸ ਟੁਟ ਗਿਆ। ਮਾਤਾ ਵਿਯੋਗ ਵਿਚ 'ਗੁਲਾਬੀ ਦਿਆ ਸੰਤਾ' ਆਖ ਕੇ ਯਾਦ ਕਰਦੀ ਤੇ ਰੁਦਨ ਕਰਦੀ ਰਹਿੰਦੀ ਸੀ। ਇਸੇ ਕਾਰਨ ਇਨ੍ਹਾਂ ਦਾ ਨਾਮ 'ਗੁਲਾਬੀ ਸੰਤ' ਪ੍ਰਸਿਧ ਹੋਇਆ। ਬਾਲ ਸੰਤਾਂ ਦਾ ਕੋਈ ਪਤਾ ਨਾ ਲਗਾ।

ਕਾਫੀ ਸਮਾਂ ਬਾਅਦ ਸ: ਪੋਹਾ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚੋਂ ਘਰ ਛੁਟੀ ਆਏ ਤਾਂ ਪਿੰਡ ਭਾਡੇਵਾਲਾ ਵਿਚ ਰਾਤ ਨੂੰ ਸੁਤਿਆਂ ਪਿਆਂ ਬਾਲ ਸੰਤਾਂ ਨੇ ਸਾਖਿਆਤ ਦਰਸ਼ਨ ਦੇ ਕੇ ਕਿਹਾ ਕਿ 'ਪੋਹਾ ਸਿੰਘਾਂ ਤੂੰ ਸਾਡੀ ਸੰਤਾਨ ਵਿਚੋਂ ਸਰਦਾ ਪੁਜਦਾ ਹੈਂ। ਪਿੰਡ ਦੇ ਰਾਹ ਵਾਲੇ ਪਿੱਪਲ ਪਾਸ ਸਾਡੀ ਯਾਦਗਾਰ ਬਣਾ।'

ਸ; ਪੋਹਾ ਸਿੰਘ ਜੀ ਨੇ ਸੁੰਦਰ ਯਾਦਗਾਰ ਬਣਵਾ ਕੇ ਮਹਾਰਾਜਾ ਰਣਜੀਤ ਸਿੰਘ ਪਾਸੋਂ ਬਾਬਾ ਗੁਲਾਬੀ ਸੰਤ ਦੀ ਸਮਾਧ ਦੇ ਨਾਮ ਕਾਫੀ ਜ਼ਮੀਨ ਲੁਵਾਈ ਸੀ। ਸਮੇਂ ਨਾਲ ਘਟਦੀ ਘਟਦੀ 1947 ਤਕ ਇਹ ਅਠ ਘੁਮਾਂ ਵਾਂਦੜ ਜ਼ਮੀਨ ਸੀ। ਸਮਾਧ ਸਾਹਮਣੇ ਬਣੇ ਸਰੋਵਰ ਵਿਚ ਸੰਗਤਾਂ ਇਸ਼ਨਾਨ ਕਰਦੀਆਂ ਸਨ। ਵਿਸਾਖੀ ਤੇ ਦਿਵਾਲੀ ਦੇ ਦੋ ਪ੍ਰਸਿਧ ਮੇਲੇ ਉਥੇ ਭਰਦੇ ਸਨ। ਵਾਂਦੜ ਜ਼ਮੀਨ ਵਿਚ ਇਕ ਚਲਦਾ ਖੂਹਾ ਸੀ ਜੋ 1947 ਤਕ ਵੀ ਮੌਜੂਦ ਸੀ।* (ਦੇਖੋ : ਪੋਹਾ ਸਿੰਘ ਜਮਾਂਦਰ)।

ਗੁਰਮੁਖ ਸਿੰਘ ਗਿਆਨੀ — (ਇਹਨਾਂ ਦਾ ਜਨਮ ਬਾਬਾ ਮਹਿਤਾਬ ਸਿੰਘ ਬੈਂਸ ਦੇ ਘਰ ਅਪ੍ਰੈਲ 1885 ਨੂੰ ਡਸਕਾ ਜ਼ਿਲ੍ਹਾ ਸਿਆਲਕੋਟ ਵਿਖੇ ਹੋਇਆ)। ਆਪ ਸੰਗੀਤ ਅਚਾਰੀਆ ਗੁਰਮਤ ਦੇ ਪ੍ਰਸਿਧ ਪ੍ਰਚਾਰਕ ਅਤੇ ਸਮਾਜਿਕ ਕੁਰੀਤਾਂ ਦੇ ਕੱਟੜ ਵਿਰੋਧੀ ਸਨ। ਡਸਕੇ ਵਿਚ ਸੰਪ੍ਰਦਾਇਕ ਏਕਤਾ ਵਾਸਤੇ ਬੁਲਾਈ ਗਈ 'ਸਰਬ ਹਿੰਦ ਪੰਜਾਇਤ' (ਸਰਬ ਹਿੰਦ ਕਾਨਫਰੰਸ) ਸਮੇਂ ਇਨ੍ਹਾਂ ਸਰਗਰਮ ਪ੍ਰਬੰਧਕ ਬਣ ਕੇ ਭਾਈਚਾਰਕ ਏਕਤਾ ਮਜ਼ਬੂਤ ਕੀਤੀ।

ਆਪ ਪੰਥ ਦੇ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ ਜੀ ਦੇ ਬਹੁਤ ਨਿਕਟ ਸਨ। ਡਸਕਾ ਮੋਰਚਾ ਸਮੇਂ ਬਾਬਾ ਖੜਕ ਸਿੰਘ ਜੀ ਦੇ ਨਾਲ ਹੀ ਆਪ ਵੀ ਜੇਹਲ ਯਾਤਰਾ ਗਏ। ਆਪ 'ਭਾਟੜਾ' ਸ਼ਬਦ ਦੀ ਬਜਾਏ 'ਭਾਟ' ਸ਼ਬਦ ਦੀ ਮਾਨਤਾ ਵਧੇਰੇ ਸਮਝਦੇ ਸਨ। ਚੰਗੇ ਲਿਖਾਰੀ ਹੋਣ ਕਾਰਨ ਇਹਨਾਂ 'ਭਾਟ ਪ੍ਰਕਾਸ਼' ਗ੍ਰੰਥ ਪ੍ਰਕਾਸ਼ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਵੱਈਆ ਬਾਰੇ ਇਤਿਹਾਸਕ ਪੁਸ਼ਟੀਆਂ ਨਾਲ ਇਹ ਸਿੱਧ ਕੀਤਾ ਕਿ ਸਤਾਰਾਂ ਭਾਟ ਕਵੀ ਭਾਟ ਸੰਗਤਿ ਦੇ ਹੀ ਮਹਾਨ ਵਡੇਰੇ ਸਨ, ਜਿਹਨਾਂ ਦੀ ਰਚਨਾ ਨੂੰ ਗੁਰੂ ਅਰਜਨ ਸਾਹਿਬ ਨੇ ਗੁਰਬਾਣੀ ਦਾ ਸਨਮਾਨ ਦਿਤਾ। ਇਹਨਾਂ ਸੰਨ 1947 ਦੀ ਦੇਸ਼ ਵੰਡ ਤੋਂ ਬਾਅਦ ਲੁਧਿਆਣੇ ਵਿਖੇ ਬਾਬਾ ਸ੍ਰੀ ਚੰਦ ਜੀ ਦੀ ਯਾਦ ਵਿਚ ਗੁਰੂ ਮੰਦਰ ਉਸਾਰ ਕੇ ਡਸਕੇ ਦੀ ਪੁਰਾਣੀ ਯਾਦਗਾਰ ਮੁੜ ਕਾਇਮ ਕਰ ਕੇ ਜੱਸ ਖਟਿਆ। ਆਪ 15-12-1974 ਨੂੰ ਲੁਧਿਹਾਣਾ ਵਿਖੇ ਪ੍ਰਲੋਕ ਸਿਧਾਰੇ। (ਵੇਖੋ : ਭਾਟ ਪ੍ਰਕਾਸ਼)।

* ਨੋਟ— ਬਿਆਨਕਾਰ ਗੰਡਾ ਸਿੰਘ ਕਲੇਵਰ ਤੇ ਪਿਆਰਾ ਸਿੰਘ ਲੱਖਣਪਾਲ।

Digitized by Panjab Digital Library | www.panjabdigilib.org

ਗੋਤ ਕਿਵੇਂ ਬਣੇ — ਗੋਤਾਂ ਵੰਸ਼ਾਂ ਬਾਰੇ ਅਥਰਵਨ ਵੇਦ ਦੇ ਇਕ ਮੰਤਰ ਵਿਚ ਇਉਂ ਲਿਖਿਆ ਹੈ—

ਯਥਾ : ਵਿੱਸ਼ਵਾ ਮਿਤਰ-ਜਮ ਦਗਨੇ-ਵਸ਼ਿਸ਼ਟ-ਭ੍ਰਦ ਦ੍ਵਾਜ-ਗੋਤਮ-ਵਾਮ ਦੇਵਸ । ਦ੍ਰਿਸੋ- ਅਤ੍ਰਿ-ਗਰਭੀ-ਨਮੋਭਿ-ਸ਼ੁਸ੍ਰੁ-ਪਿਤਰੋ ਮਰਤਜ਼ਾਨਾ: ।

(ਅਥਰਵਨ ਵੇਦ ੩-੩-੧੬) ਭਾਸ਼ਨ— ਇਸ ਮੰਤਰ ਦੀ ਪਹਿਲੀ ਪੰਕਤੀ ਵਿਚ ਛੇ ਰਿਸ਼ੀਆਂ ਦੇ ਕਠੇ ਨਾਮ ਲਿਖੇ ਮਿਲਦੇ ਹਨ । ਇਹਨਾਂ ਛਿਆਂ ਰਿਸ਼ੀਆਂ ਨੇ ਚੌਹਾਂ ਵੇਦਾਂ ਵਿਚ ਕਈ ਮੰਤਰਾਂ ਦੀ ਰਚਨਾ ਕਰ ਕੇ ਅਨੇਕਾਂ ਮਨੁਖਾਂ ਨੂੰ ਵਿਦਿਆ ਪੜ੍ਹਾਈ। ਇਹਨਾਂ ਰਿਸ਼ੀਆਂ ਪਾਸੋਂ ਪੜ੍ਹਨ ਵਾਲੇ ਵਿਦਿਆਰਥੀ (ਬਿੰਦੀ ਤੇ ਨਾਦੀ ਬਾਲਕੇ) ਇਹਨਾਂ ਦੇ ਨਾਮਾਂ ਤੋਂ ਮਸ਼ਹੂਰ ਹੋਏ ਅਤੇ ਬਾਅਦ ਵਿਚ ਉਕਤ ਨਾਮਾਂ ਤੋਂ ਹੀ ਗੋਤਾਂ ਵੰਸਾਂ ਬਣ ਗਈਆਂ ।

ਦੂਸਰਾ ਨੰਬਰ ਮੰਨੂ ਸਿਮਰਤੀ ਦਾ ਹੈ ਜਿਸ ਨੇ ਰਾਜ ਅਧਿਕਾਰ 'ਵਿਚ ਰਹਿ ਕੇ ਮਾਨਸ ਸ਼ਾਖਾ ਨੂੰ ਚਾਰ ਸ਼੍ਰੇਣੀਆਂ ਵਿਚ ਨਿਯਮ ਬੱਧ ਕੀਤਾ - ਬ੍ਰਾਹਮਨ, ਛਤਰੀ, ਸ਼ੂਦ੍ਰ ਤੇ ਵੈਸ਼ ।

ਤੀਸਰਾ ਨੰਬਰ ਪੁਰਾਣਾ ਦਾ ਹੈ । ਯਥਾ:

ਸਾਰ ਸ਼ਤਮ - ਕਾਨ ਕੁਬਜੰ - ਗੌੜਾ - ਉਤਕਲ-ਮੈਥੀਯਥਲੰ ।

ਪੰਚ ਗੌੜਾ - ਪੰਚ ਦ੍ਰੋੜਾ - ਪੰਚ ਉਤਰ-ਪੰਚ ਦੱਖਸ਼ਨਯ : ।

ਅਰਥ —

1. ਸਾਰਸ੍ਰਤ- ਜਿਸ ਨੂੰ ਸਾਰ ਸ਼ਤ ਭੀ ਕਿਹਾ ਜਾਂਦਾ ਹੈ । 2. ਕਾਨਯ ਕੁਰਜ । 3. ਗੌੜ । 4. ਉਤਕਲ । 5. ਮੈਥਿਲ - ਇਹ ਸਾਰੇ ਗੌੜ ਹਨ । 6. ਦ੍ਰਵਿੜ 7. ਮਹਾਂਰਾਸ਼ਟ੍ਰਰ 8. ਤੇਲੰਗ 9. ਕਰਨਾਟ ਤੇ 10. ਗੁਰਜਰ - ਇਹ ਸਭ ਦ੍ਰਾਵਿੜ ਹਨ ।*

ਉਕਤ ਕਿਰਿਆਵਾਂ ਕਾਰਨ ਗੋਤਾਂ (ਵੰਸ਼ਾ) ਬਣਦੀਆ ਗਈਆਂ । ਵਧਦੇ ਵਧਦੇ ਨਾਵਾਂ ਤੇ ਥਾਵਾਂ ਕਿੱਤਿਆਂ (ਕੰਮਾਂ) ਤੇ ਕਬੀਲਿਆਂ ਤੋਂ ਪਈਆਂ ਅੱਲਾਂ (ਉਪਨਾਵਾਂ) ਕਰ ਕੇ ਅੱਜ ਸੰਸਾਰ ਅੰਦਰ ਅਨਗਿਣਤ ਗੋਤਾਂ ਦੇਖੀਆ ਸੁਣੀਆਂ ਜਾਂਦੀਆਂ ਹਨ । ਇਸੇ ਤਰਾਂ ਹੀ ਭਾਟੜਾ ਸੰਪ੍ਰਦਾਇ ਅੰਦਰ ਵੰਸ ਵਿਕਾਸ ਹੋਇਆ । ਪਰ ਭਾਟ ਸੰਗਤਿ ਸਿਖ ਗੁਰੂਆਂ ਦੇ ਸਿਧਾਂਤ ਦੀ ਪ੍ਰਪਕ ਧਾਰਨੀ ਹੋਣ ਕਰ ਕੇ ਜਾਤ ਪਾਤ ਦੇ ਬੰਧਨ ਤੋਂ ਮੁਕਤ ਹੈ ।

ਭਾਈ ਕਾਹਨ ਸਿੰਘ ਜੀ ਲਿਖਦੇ ਹਨ ਕਿ ਆਬੂ ਪਹਾੜ ਪਰ ਰਿੱਖੀਆਂ ਨੇ ਯੱਗ ਕੀਤਾ । ਇਸ ਦੇ ਹਵਨ ਕੁੰਡ ਤੋਂ ਪ੍ਰਮਾਰ, ਚੌਹਾਨ, ਸੋਲੰਕੀ ਤੇ ਪਰਿਹਾਰ ਪੈਦਾ ਹੋਏ । ਇਹਨਾਂ ਚਵਾਂ ਪੁਰਸ਼ਾਂ ਤੋਂ ਜੋ ਵੰਸ ਚਲਿਆ ਉਹ ਅਗਨ ਕੁਲ ਪ੍ਰਸਿਧ ਹੋਇਆ ।**

ਨਟ [1] : ਵੰਸਾ ਤੇ ਜਾਤੀਆਂ ਬਾਰੇ ਵਿਆਪਕ ਖੋਜ ਜਾਰੀ ਹੈ ।

ਨੋਟ [2] : ਸਿਮਰਤੀਆਂ ਪੁਰਾਣਾ ਅਨੁਸਾਰ ਹਿੰਦੂਆਂ ਵਿਚ ਅਠਾਰਾਂ ਗੋਤ ਵਰਨ ਮੰਨੇ ਜਾਂਦੇ ਹਨ । ਭਾਈ ਸਾਹਿਬ ਗੁਰਦਾਸ ਜੀ ਇਸ ਬਾਬਤ ਇਉਂ ਲਿਖਦੇ ਹਨ—

ਯਥਾ : 'ਗੋਤ ਅਠਾਰਾ ਸੋਧ ਕੈ-ਪੜ੍ਹ ਪੁਰਾਣ ਅਠਾਰਾ ਭਾਈ ।'

ਅਰਥ— ਹੇ ਭਾਈ ਗੋਤਾਂ ਦੀ ਪਰੰਪਰਾ ਬਾਰੇ ਅਠਾਰਾਂ ਪੁਰਣਾਂ ਨੂੰ ਸੋਧ ਕੇ ਪੜ੍ਹ ਤਾਂ ਕਿ ਤੇਰੀ ਤਸੱਲੀ ਹੋ ਜਾਏ ਕਿ ਅਠਾਰਾਂ ਵਰਨਾ [ਗੋਤਾਂ] ਦੀ ਹਿੰਦੂ ਗ੍ਰੰਥਾਂ ਨੇ ਕਿਵੇਂ ਵਿਉਂਤ ਕਲਪੀ ਹੈ ।

ਭਾਈ ਗੁਰਦਾਸ ਜੀ ਨੇ ਉਪਰੋਕਤ ਸ਼ਬਦ ਇਸ ਲਈ ਉਚਾਰਿਆ ਲਗਦਾ ਹੈ ਕਿਉ ਕਿ ਵਰਨ ਵਿਆ-

* ਪੜ੍ਹੋ ਸੰਖਿਆ ਕੋਸ਼ ਪੰਨਾ ੧੬੫ ।

** ਮਹਾਨ ਕੋਸ਼ ਪੱਟੀ ਪਹਿਲੀ ਪੰਨਾ ੭੭੧ ।

Digitized by Panjab Digital Library | www.panjabdigilib.org

ਖਿਆ ਬਾਰੇ ਅਠਾਰਾਂ ਪੁਰਾਣਾਂ ਤੇ ਸ਼ਤਾਈ ਸਿਮਰਤੀਆਂ ਨੂੰ ਇਨਾਂ ਸੱਧੇ ਵਾਚਿਆ ਮਨ ਸ਼ਰਮਿੰਦਾ ਹੋ ਜਾਂਦਾ ਹੈ ਕਿਉਂਕਿ ਉਹਨਾਂ ਵਿਚ ਕਲਪਨਾ ਦਾ ਦਰਜਾ ਅਤਿ ਨੀਵਾਂ ਹੈ।

ਗੰਡਾ ਸਿੰਘ ਕਲੇਵਰ— ਬਾਬਾ ਗੰਡਾ ਸਿੰਘ ਜੀ ਦਾ ਜਨਮ ਬਾਬਾ ਸੂਬਾ ਸਿੰਘ ਜੀ ਰਠੌਰ ਦੇ ਘਰ ਨਵੰਬਰ 1898 ਗਲੋਟੀਆ ਕਲਾਂ ਜ਼ਿਲਾ ਸਿਆਲਕੋਟ ਹੋਇਆ। 1905 ਤੋਂ 1917 ਤਕ ਆਪ ਪੜ੍ਹਦੇ ਰਹੇ। ਯਾਰਾਂ ਜਮਾਤਾਂ ਪਾਸ ਕਰਨ ਤੋਂ ਬਾਅਦ ਸੰਨ 1920 ਵਿਚ ਆਪ ਵਿਦੇਸ਼ ਯਾਤਰਾ ਲਈ ਚਲੇ ਗਏ ਅਤੇ 1936 ਤਕ (ਸੋਲਾਂ ਸਾਲ) ਵਿਦੇਸ਼ਾਂ ਵਿਚ ਰਹੇ।

ਆਪ ਨੇ ਬਰਮਾ, ਸਿੰਘਾਪੁਰ, ਮਲਾਇਆ, ਥਾਈਲੈਂਡ, ਲੰਕਾ, ਬਰਤਾਨੀਆ, ਜਪਾਨ, ਚੀਨ, ਅਫ਼ਗਾਨਿਸਤਾਨ, ਰੂਸ, ਅਫਰੀਕਾ ਤੇ ਅਮਰੀਕਾ ਆਦਿ ਮੁਲਕਾਂ ਦਾ ਦੌਰਾ ਕੀਤਾ।

ਸੰਨ 1937 ਤੋਂ 1947 ਤਕ ਚੱਕ ਨੰਬਰ 40 ਜ਼ਿਲ੍ਹਾ ਲਾਇਲਪੁਰ ਵਿਖੇ ਗਰੰਥੀ ਨਿਯੁਕਤ ਰਹੇ। ਬਾਬਾ ਗੰਡਾ ਸਿੰਘ ਜੀ ਗੁਰਮੁਖੀ, ਹਿੰਦੀ, ਉਰਦੂ, ਫਾਰਸੀ, ਅੰਗਰੇਜ਼ੀ, ਭੱਟ ਅਖਸ਼ਰੀ, ਟਾਕਰੀ (ਲੰਡੇ) ਆਦਿ ਲਿਪੀਆਂ ਦੇ ਪ੍ਰਬੀਨ ਵਿਦਵਾਨ ਸਨ ਤੇ ਪਸ਼ਤੋ, ਫਾਰਸੀ ਸਿੰਧਲੀ, ਅੰਗਰੇਜ਼ੀ, ਜਪਾਨੀ, ਜਰਮਨ ਆਦਿ ਬੋਲੀਆਂ ਦੇ ਮਾਹਿਰ ਸਨ। ਉਨ੍ਹਾਂ ਦੀ ਸਰਪ੍ਰਸਤੀ ਵਿਚ 1920 ਵਿਚ ਗਲੋਟਿਆਂ ਵਿਖੇ 'ਸੇਵਾ ਸੰਮਤੀ ਸਭਾ' ਬਣੀ, ਜਿਸ ਦੇ ਪਹਿਲੇ ਪ੍ਰਧਾਨ ਭਾਈ ਬੁਲਾਕਾ ਜੀ ਸਨ। ਇਹਨਾਂ ਭਾਟੜਾ ਸੰਗਤਿ ਵਿਚ ਸਮਾਜ ਸੁਧਾਰਿਕ ਵਿਚਾਰਾਂ ਨੂੰ ਅਮਲ ਵਿਚ ਲਿਆਂਦਾ ਤੇ ਹਰ ਵਿਅਕਤੀ ਨਾਲ ਬਿਨਾਂ ਵਿਤਕਰੇ ਸਹਿਯੋਗ ਕੀਤਾ।

ਸੰਨ 1947 ਦੇ ਦੇਸ਼ ਬਟਵਾਰੇ ਬਾਅਦ ਬਾਬਾ ਜੀ ਨੇ ਸੰਗਤਿ ਪੁਰਾ ਲੁਧਿਆਣਾ ਦੇ ਗੁਰਦਵਾਰੇ ਦੀ ਪ੍ਰਬੰਧਕ ਕਮੇਟੀ ਬਣਾ ਕੇ ਸਲਾਨਾ ਦਿਵਾਨ ਦੀ ਪ੍ਰਥਾ ਤੋਰੀ। ਇਹ ਪ੍ਰਥਾ ਅਜ ਤਕ ਲੁਧਿਆਣੇ ਦੀ ਸੰਗਤ ਦੇ ਉਦਮ ਤੇ ਉਤਸ਼ਾਹ ਨਾਲ ਚੱਲੀ ਆ ਰਹੀ ਹੈ।

ਸੰਨ 1949 ਵਿਚ ਲੁਧਿਆਣੇ ਤੋਂ ਕੋਟਕਪੂਰੇ ਡੈਪੂਟੇਸ਼ਨ ਲਿਜਾ ਕੇ ਸ: ਹੁਕਮ ਸਿੰਘ ਨੂੰ ਮਿਲੇ। ਡੈਪੂਟੇਸ਼ਨ ਵਿਚ ਉਹਨਾਂ ਨਾਲ ਸ. ਕੇਸਰ ਸਿੰਘ ਘਾਗੜ, ਗਿ: ਮਖੱਣ ਸਿੰਘ ਮ੍ਰਿਗਿੰਦ, ਸ. ਜੈ ਸਿੰਘ ਭਾਸਕਰ, ਕਵੀ ਦੁਰਗਾ ਸਿੰਘ ਪਿਆਸ ਆਦਿ ਸਜਣ ਵੀ ਸ਼ਾਮਲ ਸਨ। 1955 ਦੇ ਹੜਪੀੜਤਾਂ ਦੀ ਸਹਾਇਤਾ ਵਾਸਤੇ ਸ: ਗੰਡਾ ਸਿੰਘ ਜੀ ਅਤੇ ਗਿ: ਮੱਖਣ ਸਿੰਘ ਜੀ ਲੁਧਿਆਣੇ ਦੇ ਉਚ ਅਧਿਕਾਰੀਆਂ ਨੂੰ ਮਿਲੇ ਅਤੇ ਉਹਨਾਂ ਨੂੰ ਲੋਕਾਂ ਦੀਆਂ ਤਕਲੀਫਾਂ ਤੋਂ ਜਾਣੂ ਕਰਾਇਆ। ਸੰਨ 1954 ਵਿਚ 'ਬੈਕਵਡ ਕਲਾਸ ਡੈਪੂਟੇਸ਼ਨ' 'ਚ ਸ਼ਾਮਲ ਹੋਕੇ ਉਨ੍ਹਾਂਨੇ ਪੰਜਾਬ ਦੇ ਰਾਜਪਾਲ ਨੂੰ ਚੰਡੀਗੜ ਵਿਚ ਮਿਲ ਕੇ ਭਾਟ ਸੰਗਤਿ ਦੀਆਂ ਮੰਗਾਂ ਦਾ ਚਾਰਟਰ ਪੇਸ਼ ਕੀਤਾ। ਇਸ ਸਮੇਂ ਵੀ ਗਿ. ਮੱਖਣ ਸਿੰਘ ਉਹਨਾਂ ਨਾਲ ਸਨ। ਜਦੋਂ ਸੰਗਤਿ ਪੁਰਾ [ਲੁਧਿਆਣਾ] ਨੂੰ ਉਠਾਣ ਦਾ ਸਰਕਾਰ ਵਲੋਂ ਐਲਾਨ ਹੋਇਆ ਤਾਂ ਬਾਬਾ ਗੰਡਾ ਸਿੰਘ ਕਲੇਵਰ, ਸ. ਰਵੇਲ ਸਿੰਘ ਤੇ ਕਵੀ ਦੁਰਗਾ ਸਿੰਘ ਪਿਆਸ ਆਦਿ ਨੇ ਉਸ ਐਲਾਨ ਦੀ ਡਟਵੀਂ ਵਿਰੋਧਤਾ ਕੀਤੀ। ਬਾਬਾ ਗੰਡਾ ਸਿੰਘ ਕਲੇਵਰ ਭਾਟ ਸੰਗਤ ਦੇ ਹਰਮਨ ਪਿਆਰੇ ਬਜ਼ੁਰਗ ਆਗੂ ਸਨ।*

ਗੋਬਿੰਦ ਦਾਸ ਪੰਡਿਤ — ਸ੍ਰੀ ਮਾਨ ਪੰਡਿਤ ਗੋਬਿੰਦ ਦਾਸ ਵੇਦਾਂਤੀ ਸ਼ਾਸ਼ਤਰ ਦੇ ਪ੍ਰਸਿਧ ਵਿਦਵਾਨ ਤੇ ਭਾਟੜਾ ਸੰਪ੍ਰਦਾਇ ਵਿਚੋਂ ਸ਼ਹਿਰੀ ਵੰਸ ਡਸਕਾ ਨਿਵਾਸੀ ਸਨ। ਆਪ ਡਸਕੇ ਤੋਂ ਆ ਕੇ ਰਿਆਸਤ ਪਟਿਆਲਾ

*ਨੋਟ— ਲੇਖਕ ਨੂੰ ਬਾਬਾ ਗੰਡਾ ਸਿੰਘ ਦਵਾਰਾ ਦੇਸ਼-ਵਿਦੇਸ਼ ਤੋਂ ਸੰਗ੍ਰਹਿ ਕੀਤੀਆਂ ਅਨੇਕ ਇਤਿਹਾਸਕ ਸਰੋਤਾਂ ਪ੍ਰਾਪਤ ਹੋਈਆਂ।

Digitized by Panjab Digital Library | www.panjabdigilib.org

ਦੇ ਮਹਾਰਾਜਾ ਮਹਿੰਦਰ ਸਿੰਘ ਪਾਸ ਜੋਤਸ਼ੀ ਨਿਯੁਕਤ ਹੋਏ ਸਨ। ਉਹ ਮਹਾਰਾਜਾ ਰਾਜਿੰਦਰ ਸਿੰਘ ਅਤੇ ਮਹਾਰਾਜਾ ਭੂਪਿਦਰ ਸਿੰਘ ਦੇ ਰਾਜ ਵਿਚ ਵੀ ਰਿਆਸਤ ਪਟਿਆਲਾ ਦੇ ਰਾਜ-ਜੋਤਸ਼ੀ ਰਹੇ। ਉਸ ਵੇਲੇ ਉਹਨਾਂ ਨੂੰ ਦੋ ਰੁਪੈ ਰੋਜ਼ ਖਰਚਾ ਤੇ ਪੰਜ ਸੌ ਸਲਾਨਾ ਰਿਆਸਤ ਪਟਿਆਲਾ ਵਲੋਂ ਗੁਜ਼ਾਰਾ ਮਿਲਦਾ ਸੀ।

ਇਕ ਵਾਰ ਮਹਾਰਾਜਾ ਭੂਪਿੰਦਰ ਸਿੰਘ ਆਪਣੇ ਬਾਗ ਵਿਚ ਟਹਿਲ ਰਹੇ ਸਨ ਤਾਂ ਅਚਾਨਕ ਪੰਡਿਤ ਜੀ ਸਾਹਮਣੇ ਆਨ ਨਿਕਲੇ ਤਦੋਂ ਪੰਡਿਤ ਜੀ ਨੇ ਫਰਤੀ ਨਾਲ ਬਗੀਚੇ ਵਿਚੋਂ ਹੀ ਇਕ ਫੁਲ ਤੋੜ ਕੇ ਸਤਿਕਾਰ ਸਹਿਤ ਪਟਿਆਲਾ ਪਤੀ ਦੀ ਭੇਟ ਕੀਤਾ।

ਇਸ ਅਨੋਖੀ ਭੇਟਾ ਨੂੰ ਦੇਖ ਪਟਿਆਲਾ ਨਰੇਸ਼ ਨੇ ਹਸ ਕੇ ਪੰਡਿਤ ਜੀ ਨੂੰ ਕਿਹਾ ਕਿ ਫੁਲ ਤਾ ਉਨ੍ਹਾਂ ਦੇ ਹੀ ਬਾਗ ਦਾ ਹੈ, ਉਹਨਾਂ ਆਪਣੇ ਪਾਸੋਂ ਤਾਂ ਕੁਝ ਖੇਚਲ ਨਹੀਂ ਕੀਤੀ"; ਤਾਂ ਪੰਡਿਤ ਜੀ ਨੇ ਉਤਰ ਦਿਤਾ ਕਿ ਰਈਅਤ-ਰਿਆਸਤ ਸਭ ਮਹਾਰਾਜ ਦਾ ਪ੍ਰਤਾਪ ਤੇ ਮਹਿਮਾਂ ਹੈ।

ਇਸ ਉੱਤਰ ਦਾ ਪਟਿਆਲਾ ਨਰੇਸ਼ ਦੇ ਮਨ ਪਰ ਗਹਿਰਾ ਪ੍ਰਭਾਵ ਪਿਆ ਤੇ ਪ੍ਰਸੰਨਤਾ ਵਿਚ ਸੋਨੇ ਦਾ ਕੰਠਾ ਪੰਡਿਤ ਜੀ ਨੂੰ ਇਨਾਮ ਵਜੋਂ ਪ੍ਰਦਾਨ ਕੀਤਾ।

ਪੰਡਿਤ ਜੀ ਉੱਚ ਕੋਟੀ ਦੇ ਸਮਾਜ ਸੇਵੀ ਜੀਵ ਸਨ ਉਨ੍ਹਾਂ ਦੇ ਜੇਠੇ ਪੁਤ੍ਰ ਪੰਡਿਤ ਮਦਨ ਗੋਪਾਲ ਸਿੰਘ ਵੀ ਅਗਾਂਹ ਵਧੂ ਵਿਚਾਰਾਂ ਦੇ ਸਮਾਜ ਸੁਧਾਰਕ ਤੇ ਇਕ ਚੰਗੇ ਡਾਕਟਰ ਸਨ ਜੋ ਵੈਦ ਮੰਡਲ ਅੰਮ੍ਰਿਤਸਰ ਦੇ ਸਕੱਤਰ ਵੀ ਰਹੇ।

ਗਗਨ ਸਿੰਘ ਗਿਆਨੀ— (ਬਾਬਾ ਸੁੰਦਰ ਸਿੰਘ ਸ਼ਹਿਰੀ ਵੰਸ ਦੇ ਘਰ ਮਾਤਾ ਕਿਸ਼ਨ ਕੌਰ ਦੀ ਕੁਖੋਂ ਸ਼ਿਕਾਰ ਪੁਰ ਸਿੰਧ ਦੇਸ ਸੰਮਤ ੧੯੯੭ ਬਿ. ਵਿਚ ਜਨਮੇ)। ਬਾਬਾ ਸੁੰਦਰ ਸਿੰਘ (ਨਿਹੰਗ ਸਿੰਘ) ਜਥੇਦਾਰ ਬਾਬਾ ਪ੍ਰੇਮ ਸਿੰਘ ਵਹੀਰੀਆ ਦੇ ਬੁਢਾ ਦਲ ਵਿਚੋਂ ਮੁਖੀ ਸਨ ਜੋ ਡਸਕਾ (ਸਿਆਲਕੋਟ) ਦੇ ਰਹਿਣ ਵਾਲੇ ਸਨ।

ਗਿ: ਗਗਨ ਸਿੰਘ ਜੀ, ਗਿ: ਠਾਕਰ ਸਿੰਘ ਸ੍ਰੀ ਅੰਮ੍ਰਿਤਸਰ ਦੇ ਵਿਦਿਆ ਉਪਕਾਰ ਕਾਰਨ ਉਚ ਕੋਟੀ ਦੇ ਵਿਦਵਾਨ ਬਣੇ। ਆਪ ਨੇ ਇਕ ਕਥਾ ਵਾਚਕ ਤੇ ਲੇਖਕ ਵਜੋਂ ਭਾਟ ਸੰਗਤਿ ਦਾ ਨਾਮ ਭਾਰਤ ਭਰ ਵਿਚ ਉਜਿਆਲਾ ਕੀਤਾ। ਆਪ ਸ੍ਰੀ ਦਸਮ ਗ੍ਰੰਥ, ਸ੍ਰੀ ਆਦਿ ਗ੍ਰੰਥ, ਗੁਰ ਪ੍ਰਤਾਪ ਸੂਰਜ, ਪੰਥ ਪ੍ਰਕਾਸ ਤੇ ਗੁਰ ਬਿਲਾਸ ਆਦਿ ਗ੍ਰੰਥਾਂ ਦੇ ਪ੍ਰਵੀਨ ਕਥਾ ਵਾਚਕ ਸਨ। ਪੈਂਹਠ ਸਾਲ ਦੀ ਆਯੂ ਭੋਗ ਕੇ ਸੰਮਤ ੨੦੧੧ ਬਿ. ਨੂੰ ਪ੍ਰਭੂ ਪਿਆਰੇ ਹੋ ਗਏ। ਇਹਨਾਂ ਦੀਆਂ ਰਚਨਾਵਾਂ ਇਸ ਪ੍ਰਕਾਰ ਹਨ —

1 ਬਾਲ ਲੀਲਾ ਗੁਰੂ ਨਾਨਕ ਸਾਹਿਬ
2 ਦਸਮ ਗੁਰ ਲੀਲਾ
3 ਪੂਰਬ ਚਿ ਨਨਕਾਣਾ ਸਾਹਿਬ
4 ਸਿੱਖੀ ਵੀ ਇਕ ਮਖਾਣਾਂ ਹੈ
5 ਦੂਸਰੀ ਉਦਾਸੀ ਦੱਖਣ ਦਿਸਾ
6 ਸ਼ਹੀਦੀ ਗੁਰੂ ਅਰਜਨ ਦੇਵ
7 ਅੰਮ੍ਰਿਤ ਪ੍ਰਚਾਰ
8 ਸਤਵੇਂ ਸਤਗੁਰ ਜੀ ਦਾ ਵਿਆਹ
9 ਪ੍ਰਸੰਗ ਸ੍ਰੀ ਮੁਕਤਸਰ ਸਾਹਿਬ
10 ਪ੍ਰਸੰਗ ਲੰਮੇ ਨੱਕ ਦਾ
11 ਜੁਟ ਜੋੜੀਆਂ-ਭੂਰੇ ਦੀਆਂ ਮਘੌਰੀਆਂ
12 ਪੈਂਤੀ ਬਾਣੀ ਦਾ ਮਹਾਤਮ
13 ਝਗੜਾ-ਗੁਰਮੁਖ ਤੇ ਮਨਮੁਖ
14 ਪ੍ਰਸੰਗ ਹੋਲੀ ਨਾਮਾਂ
15 ਝਗੜਾ ਰੂਹ ਬੁਤ ਦਾ
16 ਲਗੀ ਨਾਲ ਪਿਆਰੇ ਦੇ ਤਾਰ ਹੋਵੇ

*ਨੋਟ — ਇਸ ਐਂਟਰੀ ਦੀ ਸਰੋਤ ਪੰਡਿਤ ਲਸ਼ਮਨ ਸਿੰਘ ਸਪੁਤਰ ਸ੍ਰੀ ਗੋਬਿੰਦ ਦਾਸ ਬਸੀ ਪਠਾਣਾ ਤੋਂ ਪ੍ਰਾਪਤ ਹੋਈ ਹੈ।

Digitized by Panjab Digital Library | www.panjabdigilib.org

17 ਪ੍ਰਸੰਗ ਦੀਪ ਮਾਲਾ (ਦਿਵਾਲੀ)
18 ਪ੍ਰਸੰਗ ਮਾਂ ਦਾ ਪਿਆਰ
19 ਵਾਹ ਵਾਹ ਹੈ ਦੇਸ਼ ਪੰਜਾਬ
20 ਕਰ ਲੈ ਕੌਮ ਸੁਧਾਰ ਵੀਰਾ ਭਾਟ ਸਿੰਘਾ ।*

ਗਿਆਨ ਸਿੰਘ 'ਆਰਫ'— ਮਹਾ ਕਵੀ ਆਰਫ ਜੀ ਸ: ਹਵੇਲੀ ਸਿੰਘ ਦਿਗਪਾਲ ਦੇ ਘਰ ਸੰਮਤ 1982 ਬਿ. ਨੂੰ ਡਸਕਾ ਕੋਟ ਜ਼ਿਲ੍ਹਾ ਸਿਆਲਕੋਟ ਵਿਚ ਜਨਮੇ। ਇਹਨਾਂ ਦੇ ਦਾਦਾ ਬਾਬਾ ਬਿਸ਼ਨ ਸਿੰਘ ਜੀ ਚੰਗੇ ਵਿਦਵਾਨ ਸਨ ਅਤੇ ਡਸਕਾ ਕੋਟ ਦੇ ਹੀ ਵਸਨੀਕ ਸਨ।

ਆਰਫ ਜੀ ਪੰਜਾਬੀ, ਹਿੰਦੀ, ਬ੍ਰਿਜੀ ਤੇ ਫ਼ਾਰਸੀ ਦੇ ਚੰਗੇ ਵਿਦਵਾਨ ਸਨ। ਉਹਨਾਂ ਨੇ ਭਾਰਤ ਤੇ ਸ੍ਰੀ ਲੰਕਾ ਅੰਦਰ ਗੁਰਇਤਿਹਾਸ ਦੀ ਖੋਜ ਕਰਦਿਆਂ ਗੁਰਮਤ ਦਾ ਯੋਗ ਪ੍ਰਚਾਰ ਕੀਤਾ। ਕਵੀ ਆਰਫ ਜੀ ਦੀ ਬੰਸਾਵਲੀ ਇਸ ਪ੍ਰਕਾਰ ਹੈ :

ਯਥਾ ... ਬਾਬਾ ਬਹਾਦਰ ਸਿੰਘ ਨਿਹੰਗ ਸਿੰਘ (ਸ੍ਰੀ ਅੰਮ੍ਰਿਤਸਰ ਦੇ ਧਰਮ ਯੁਧ ਵਿਚ ਸ਼ਹੀਦ ਹੋਏ)। ਬਾਬਾ ਬਹਾਦਰ ਸਿੰਘ ਦੇ ਪੁਤਰ ਸ.ਮਹਾਂ ਸਿੰਘ, ਮਹਾਂ ਸਿੰਘ ਦੇ ਪੁਤਰ ਸ.ਜੁਆਲਾ ਸਿੰਘ(ਸ: ਜੁਆਲਾ ਸਿੰਘ ਜੀ ਦੱਖਣ ਹੈਦਰਾਬਾਦ ਦੇ ਚੰਦੂ ਲਾਲ ਦੀ ਸਰਪ੍ਰਸਤੀ ਵਿਚ ਜੰਗੀ ਜਰਨੈਲ ਸਨ), ਜੁਆਲਾ ਸਿੰਘ ਦੇ ਪੁਤਰ ਸ. ਬਿਸ਼ਨ ਸਿੰਘ, ਬਿਸ਼ਨ ਸਿੰਘ ਦੇ ਪੁਤਰ ਸ. ਹਵੇਲੀ ਸਿੰਘ, ਹਵੇਲੀ ਸਿੰਘ ਦੇ ਪੁਤਰ ਮਹਾ ਕਵੀ ਗਿ. ਗਿਆਨ ਸਿੰਘ ਆਰਫ ਗਿਆਨ ਸਿੰਘ ਆਰਫ ਦੇ ਪੁਤਰ ਸ. ਇੰਦਰ ਸਿੰਘ। (ਆਰਫ ਜੀ ਦੇ ਦੋਹਤਰੇ ਸ. ਸ਼ੇਰ ਸਿੰਘ ਪ੍ਰਦੇਸੀ ਹਨ ਜਿਹਨਾਂ ਪਾਸ ਕਵੀ ਜੀ ਦਾ ਪ੍ਰਕਾਸ਼ਤ ਤੇ ਲਿਖਤੀ ਸਾਰਾ ਰਿਕਾਡ ਸੁਰੱਖਿਅਤ ਹੈ)।



ਗਿ. ਗਿਆਨ ਸਿੰਘ ਜੀ 'ਆਰਫ'

ਆਰਫ ਜੀ ਦੇ ਰਚਤ ਗ੍ਰੰਥਾਂ ਦੀ ਸੂਚੀ ਇਹ ਹੈ—

ਯਥਾ—1. ਮਹਾਂਬਲੀ ਯੋਧਾ (ਜੀਵਨ ਗੁਰੂ ਗੋਬਿੰਦ ਸਿੰਘ ਬੈਂਤਾਂ ਵਿਚ)।

2. ਸ਼ਹੀਦੀ ਤਾਰੇ (ਚਾਰੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਾਕੇ)।

*ਨੋਟ— ਗਿ. ਗਗਨ ਸਿੰਘ ਜੀ ਰਚਿਤ ਇਹ ਬੀਸ ਗ੍ਰੰਥ ਉਹਨਾਂ ਦੇ ਪ੍ਰਵਾਰ ਪਾਸ ਪ੍ਰਾਪਤ ਹਨ।

Digitized by Panjab Digital Library | www.panjabdigilib.org

3. ਮਹਾਰਾਜਾ ਹਰੀ ਚੰਦ।

4. ਜਨਮ ਉਤਸਵ (ਗੁਰੂ ਨਾਨਕ ਸਾਹਿਬ)।

5. ਅਕਾਲੀ ਦਰਸ਼ਨ।

6. ਸ੍ਰੀ ਅੰਮ੍ਰਿਤਸਰ-ਅੰਮ੍ਰਿਤ ਪ੍ਰਕਾਸ਼ (ਅੰਮ੍ਰਿਤ ਸਰ ਦੀ ਮਹਿਮਾ), ਖਾਲਸਾ ਜੀ ਦੀ ਸਿਰਜਨਾ ਤੇ ਭਾਟੜਾ ਸੰਗਤਿ ਦਾ ਸੂਖਮ ਇਤਿਹਾਸ ਸਰੋਤ)।

7. ਰੂਪ ਬਸੰਤ।

8. ਜੰਗਨਾਮਾ ਖਾਲਸਾ ਜੀ ਕਾ (ਹਥ ਲਿਖਤ ਅਨ ਛਪਿਆ ਪਿਆ ਹੈ)।

9. ਭਾਟੜਾ ਸੰਗਤਿ ਦਾ ਇਤਿਹਾਸ (ਜੋ ਆਰਫ ਜੀ ਨੇ ਗਿ. ਠਾਕਰ ਸਿੰਘ ਅੰਮ੍ਰਿਤਸਰ ਨੂੰ ਸੋਧਣ ਵਾਸਤੇ ਦਿਤਾ ਸੀ ਤੇ ਮੁੜ ਪ੍ਰਾਪਤ ਨਹੀਂ ਹੋਇਆ)।

10. ਗੁਰੂ ਗੋਬਿੰਦ ਸਿੰਘ ਬਾਰੇ।

11. ਗੁਰੂ ਨਾਨਕ ਸਾਹਿਬ ਬਾਰੇ।*

[ਨੋਟ— ਗਿ. ਆਰਫ ਜੀ ਦੀਆਂ ਮੁਕੰਮਲ ਰਚਨਾਵਾਂ ਚੰਗਿਆਂ ਭਾਗਾਂ ਨਾਲ ਉਹਨਾਂ ਦੇ ਦੋਹਤਰੇ ਸ: ਸ਼ੇਰ ਸਿੰਘ ਪ੍ਰਦੇਸੀ ਪਾਸ ਸੰਭਾਲੀਆਂ ਪਈਆਂ ਹਨ ਅਤੇ ਤਿੰਨ ਰਚਨਾਵਾਂ (ਦੋ ਪ੍ਰਕਾਸ਼ਤ ਤੇ ਇਕ ਫੋਟੋ ਸਟੈਟ) ਉਹਨਾਂ ਦੇ ਇਕ ਪੁਰਾਣੇ ਮਿੱਤਰ ਪਾਸੋਂ ਮਿਲੀਆਂ ਹਨ ਜੋ ਲੇਖਕ ਪਾਸ ਨਿਜੀ ਪੁਸਤਕਾਲੇ (ਗੁਰਬਚਨ ਪੁਸਤਕਾਲੇ ਅਬਚਲ ਨਗਰ, ਪਟਿਆਲਾ) ਵਿਚ ਸੁਰੱਖਤ ਹਨ।

ਗਿ. ਆਰਫ ਜੀ ਨੇ ਅੰਮ੍ਰਿਤਸਰ-ਅੰਮ੍ਰਿਤ ਪ੍ਰਕਾਸ਼ ਵਿਚ ਲਿਖਿਆ ਹੈ ਕਿ ਬੰਸਾਲਵੀ ਤੋਰਕੀ ਭਾਸ਼ਾ ਵਿਚ ਹੈ। ਇਸ ਬੰਸਾਵਲੀ ਬਾਰੇ ਭਾਲ ਭਾਟ ਸੰਗਤਿ ਵਿਚੋਂ, ਬਾਬਾ ਗੰਡਾ ਸਿੰਘ ਕਲੇਵਰ, ਸ: ਪਿਆਰਾ ਸਿੰਘ ਲੱਖਣਪਾਲ ਤੇ ਗਿ: ਮੱਖਣ ਸਿੰਘ ਜੀ ਮ੍ਰਿਗਿੰਦ ਨੇ ਕੀਤੀ ਹੈ। ਲੰਕਾ ਅੰਦਰ ਕੀਤੀ ਹੋਰ ਖੋਜ ਪੜਤਾਲ ਭਾਵੇਂ ਵਡਮੁੱਲੀ ਹੈ ਪਰ ਉਕਤ ਬੰਸਾਵਲੀ ਦਾ ਸੁਰਾਗ ਕਿਤੇ ਨਹੀਂ ਮਿਲਿਆ ਤੇ ਨਾ ਹੀ ਆਰਫ ਜੀ ਦੀਆਂ ਪ੍ਰਾਪਤ ਰਚਨਾਵਾਂ ਵਿਚ ਬੰਸਾਵਲੀ ਬਾਰੇ ਪ੍ਰਯੋਗ ਲਭਦਾ ਹੈ। ਜੋ ਕੁਝ ਅਜ ਤਕ ਲੱਭਾ ਹੈ, ਉਹ ਹੈ 'ਸਿੰਘਲਾ ਦੀਪ ਕੀ ਰਹੁਤਾਸ' ਜਿਸ ਵਿਚ ਭਾਟੜਾ ਸੰਗਤਿ ਬਾਰੇ ਕਾਫੀ ਇਤਿਹਾਸਕ ਸਰੋਤ ਮਿਲਦੇ ਹਨ।

ਅਨੁਮਾਨ ਹੈ ਕਿ ਕਵੀ ਰਾਜ ਆਰਫ ਜੀ ਨੂੰ ਸਿੰਘਲਾ ਦੀਪ ਕੀ ਰਹੁਤਾਸ' ਦਾ ਕੁਝ ਹਿੱਸਾ ਫਟਿਆ ਪੁਰਾਨਾ ਜਾਂ ਅਧੂਰਾ ਕਿਤੋਂ ਮਿਲਿਆ ਹੋਵੇਗਾ ਜਿਸ ਨੂੰ ਉਨ੍ਹਾਂ ਨੇ ਅਧਾਰ ਬਣਾਕੇ 'ਭਾਟੜਾ ਬੰਸ ਕਥਨ' ਲਿਖਿਆ ਹੋਵੇ। ਇਸ ਵਿਸ਼ੇ ਤੇ ਭਾਟੜਾ ਸੰਗਤਿ ਅੰਦਰ ਸਰਗਰਮ ਖੋਜ ਕੀਤੀ ਜਾ ਰਹੀ ਹੈ ਜਿਸ ਨਾਲ ਕਈ ਭੁਲੇਖੇ ਸਾਫ ਹੋਣ ਦੀ ਸੰਭਾਵਨਾ ਹੈ।]

ਗਿ: ਗਿਆਨ ਸਿੰਘ ਜੀਆਰਫ 5 ਮਾਰਚ 1954 ਈ. ਨੂੰ ਅੰਬਾਲਾ ਛਾਵਨੀ ਵਿਖੇ ਪ੍ਰਲੋਕ ਸਿਧਾਰੇ।**

ਗੁਰੂ ਕੀਆਂ ਗਲੋਟੀਆਂ— ਮੌਜੂਦਾ ਪੱਛਮੀ ਪੰਜਾਬ (ਪਾਕਿਸਤਾਨ) ਤਸੀਲ ਡਸਕਾ ਜ਼ਿਲਾ ਸਿਆਲ ਕੋਟ ਦਾ ਇਕ ਪਿੰਡ) ਇਸ ਪਿੰਡ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ, ਬਾਬਾ ਸ੍ਰੀ ਚੰਦ ਜੀ, ਗੁਰੂ ਹਰਿ ਗੋਬਿੰਦ ਸਾਹਿਬ ਜੀ ਤੇ ਸਤਵੇਂ ਸਤਿਗੁਰੂ ਹਰਿਰਾਏ ਸਾਹਿਬ ਜੀ ਦੀ ਚਰਨ ਛੋਹ ਪਰਾਪਤ ਸੀ। ਸ੍ਰੀ ਗੁਰੂ ਹਰਿ ਰਾਏ ਜੀ ਵਡੀਆਂ ਗਲੋਟੀਆਂ ਦੀ ਸੰਗਤ ਨੂੰ ਨਿਹਾਲ ਕਰਕੇ ਲੋਹੜੀਆ ਗਲੋਟੀਆ ਵਿਚ ਆਨ ਵਿਰਾਜੇ ਸਨ। ਉਸ ਸਮੇਂ ਲੁਟੇਰੀਆਂ ਸ਼ਾਹੀ ਧਾੜਾਂ ਤੋਂ ਲੋਕ ਭਾਵਾਂਡੋਲ ਹੋਏ ਲੁਕ ਛਿਪਕੇ ਵਕਤ ਲੰਘਾਂਦੇ ਸਨ, ਪਰ ਜਦੋਂ ਸਤਵੇਂ

* (ਨੰ. 11)—ਆਰਫ ਜੀ ਦੀ ਕਲਮ ਨਾਲ ਲਿਖੀ ਲਿਖਤ ਦੀ ਫੋਟੋ ਸਟੈਟ ਕਾਪੀ ਅਤੇ (ਨੰ. 10) ਪ੍ਰਕਾਸ਼ਤ ਕਾਪੀ ਤੇ 'ਅੰਮ੍ਰਿਤਸਰ-ਅੰਮ੍ਰਿਤ ਪ੍ਰਕਾਸ਼' ਗ੍ਰੰਥ ਲੇਖਕ ਦੀ ਨਿਜੀ ਲਾਇਬਰੇਰੀ ਵਿਚ ਪ੍ਰਾਪਤ ਹਨ।

** ਪੜੋ—ਅੰਮ੍ਰਿਤਸਰ-ਅੰਮ੍ਰਿਤ ਪ੍ਰਕਾਸ਼ ਅਤੇ ਇਤਿਹਾਸਕ ਤ੍ਰਿਬੈਣੀ—ਗਿ: ਮੱਖਣ ਸਿੰਘ ਮ੍ਰਿਗਿੰਦ।

Digitized by Panjab Digital Library | www.panjabdigilib.org

ਪਾਤਸ਼ਾਹ ਦੇ ਆਉਣ ਦੀ ਖਬਰ ਭਾਟ ਸੰਗਤਿ ਨੇ ਸੁਣੀ ਤਾਂ ਗੁਰੂ ਪ੍ਰੇਮੀ ਸਿਧਕੀ ਭਾਟ ਸਿਖਾਂ ਨੇ ਨਿਸੰਗ ਹੋ ਕੇ ਦਿਵਾਨ ਲਾ ਦਿਤਾ। ਦੂਜੇ ਪਾਸੇ ਲੰਗਰ ਤਿਆਰ ਕੀਤਾ ਗਿਆ। ਸਿਖਾਂ ਦੀ ਭਾਤੀ ਸ਼ਰਧਾ ਵੇਖ ਕੇ ਪ੍ਰਸੰਸਾ ਵਜੋਂ ਸਤਵੇਂ ਸਤਿਗੁਰਾਂ ਨੇ ਉਹਨਾਂ ਨੂੰ 'ਆਦਿ ਗੁਰੂ ਕੇ ਭਾਟ ਸਿਖ' ਕਹਿ ਕੇ ਵਡਿਆਇਆ।

ਭਾਟ ਸ਼ਬਦ ਬਾਰੇ ਇਹੋ ਰਵਾਇਤ ਪੁਰਾਤਨ ਸਮੇਂ ਤੋਂ ਭਾਟ ਸੰਗਤਿ ਵਿਚ ਪ੍ਰਚਲਤ ਚਲੀ ਆ ਰਹੀ ਹੈ। ਸਤਵੇਂ ਸਤਿਗੁਰਾਂ ਦੇ ਠਹਿਰਣ ਸਦਕਾ ਇਸ ਪਿੰਡ ਦਾ ਨਾਂ ਗਲੋਟੀਆਂ ਖੁਰਦ ਤੋਂ ਬਦਲ ਕੇ ਗੁਰੂ ਕੀਆਂ ਗਲੋਟੀਆ ਪ੍ਰਸਿਧ ਹੋ ਗਿਆ।

ਗੰਗਸਰ ਗੁਰਦਵਾਰਾ— (ਜੈਤੋ ਦਾ ਮੋਰਚਾ) ਜੁਲਾਈ 1932 ਈ. ਵਿਚ ਭਾਟੜਾ ਸੰਗਤਿ ਦੇ ਜਥੇਦਾਰ ਭਾਈ ਫੌਜਾ ਸਿੰਘ ਦਿਗਪਾਲ, ਜਥੇਦਾਰ ਭਗਤ ਸਿੰਘ ਲੱਖਣਪਾਲ, ਜਥੇਦਾਰ ਗਿ. ਸੰਤਾ ਸਿੰਘ ਸੇਵਕ ਟਾਕਪਾਲ ਤੇ ਜਥੇਦਾਰ ਸ: ਹਰੀ ਸਿਘ ਬੈਂਸ ਨੇ ਆਪੋ ਆਪਣੇ ਜਥੇ ਲੈ ਕੇ ਮੋਰਚੇ ਵਿਚ ਗਰਿਫ-ਤਾਰੀਆਂ ਦਿਤੀਆਂ ਅਤੇ ਤਿੰਨ-ਤਿੰਨ ਸਾਲ ਜੇਹਲ ਦੀ ਸਜ਼ਾ ਭੁਗਤੀ। ਇਸ ਮੋਰਚੇ ਸਮੇਂ ਅਨੇਕ ਭਾਟ ਸਿੰਘ ਸ਼ਹੀਦ ਹੋਏ।

ਭਾਈ ਈਸ਼ਰ ਸਿੰਘ ਜੀ ਤੇ ਭਾਈ ਭਜਨ ਸਿੰਘ ਜੀ ਨੇ ਗੰਗਸਰ ਦੇ ਪਵਿਤਰ ਅਸਥਾਨ ਪਰ ਹੀ ਗੋਲੀਆਂ ਦੀ ਵਾਛੜ ਸਾਹਮਣੇ ਜਾਨਾਂ ਕੁਰਬਾਨ ਕਰਕੇ ਸ਼ਹੀਦੀ ਪਰਾਪਤ ਕੀਤੀ ਜਿਸ ਕਾਰਨ ਗੰਗਸਰ ਗੁਰਦੁਆਰਾ ਭਾਟੜਾ ਸੰਗਤ ਦੇ ਇਤਿਹਾਸ ਵਿਚ ਵਿਸ਼ੇਸ਼ ਯਾਦਗਾਰੀ ਮਹਾਨਤਾ ਰਖਦਾ ਹੈ।

ਚੋਹਾਨ ਗੋਤ — ਵਿਆਖਿਆ: ਰਾਜਪੂਤਾਂ ਦੀ ਇਕ ਜ਼ਾਤਿ ਜੋ ਅਗਨ ਕੁਲ ਮੰਨੀ ਜਾਂਦੀ ਹੈ। ਕਥਾ ਇਉਂ ਹੈ ਕਿ ਰਾਖਸ਼ਾਂ ਦਾ ਨਾਸ਼ ਕਰਨ ਲਈ ਆਬੂ ਪਹਾੜ ਪਰ ਰਿੱਖੀਆਂ ਨੇ ਜੱਗ ਕੀਤਾ। ਜੱਗ ਦੇ ਹਵਨ ਕੁੰਡ ਤੋਂ ਚਾਰ ਪ੍ਰਤਾਪੀ ਪੁਰਖ ਪ੍ਰਗਟ ਹੋਏ ਜਿਨ੍ਹਾਂ ਦੇ ਨਾਮ ਪ੍ਰਮਾਰ, ਚੌਹਾਨ, ਸੋਲੰਕੀ ਤੇ ਪਰਿਹਾਰ ਰਖੇ ਗਏ। ਇਹਨਾਂ ਚਾਰ ਰਾਜ਼ਪੂਤਾਂ ਤੋਂ ਚਾਰ ਵੰਸ ਚਲੇ ਜੋ ਹੁਣ ਰਾਜਪੁਤਾਨੇ ਵਿਚ ਮੁਖੀ ਵੰਸ ਹਨ।

ਇਕ ਇਹ ਕਹਾਵਤ ਭੀ ਹੈ ਕਿ ਚੌਹਾਨ ਦੀਆਂ ਚਾਰ ਭੁਜਾਂ ਸਨ। ਮਹਾਂ ਪ੍ਰਤਾਪੀ ਰਾਜਾ ਪ੍ਰਿਥੀ ਰਾਜ ਇਸੈ ਵੰਸ਼ ਦਾ ਭੂਸਣ ਸੀ। ਯਥਾ: ਮੱਲਣ ਹਾਸ ਚੌਹਾਣ ਚਿਤਾਰੀ।*

ਚੰਗਾ ਭਾਟੜਾ— ਲੰਕਾ ਨਿਵਾਸੀ ਬਾਬਾ ਚੰਗਾ ਭਾਟੜਾ ਗੁਰੂ ਨਾਨਕ ਸ਼ਾਹਿਬ ਜੀ ਦੇ ਪਰਮ ਸਿਖ ਤੇ ਭਾਈ ਮਾਧੋ ਜੀ ਦੇ ਵਢਿਕੇ ਸੀ ਜਿਨ੍ਹਾਂ ਨੇ ਲੰਕਾ ਦੇ ਦੀਬਰ ਨਗਰ (ਕੁਰੂਕਲ ਮੰਡਪ) ਅਤੇ ਦਖਣੀ ਭਾਰਤ ਵਿਚ ਤ੍ਰਿਚਨਾਪਲੀ ਆਦਿ ਅਸਥਾਨਾਂ ਪਰ ਭਰਥਰ ਨਾਥ (ਜੋਗੀਆਂ) ਨਾਲ ਗੁਰਮਤ ਗੋਸ਼ਟ ਵਿਖੇ ਵਿਜੈ ਪਰਾਪਤ ਕਰ ਅਨੇਕਾਂ ਥਾਵਾਂ ਤੇ ਗੁਰ ਅਸਥਾਨ ਕਾਇਮ ਕੀਤੇ। ਬਾਬਾ ਜੀ ਨੇ ਪ੍ਰਥਮ ਪਹਿਲ ਗਰਬਾਣੀ ਨੂੰ ਪੰਜਾਬੀ ਅਖਰਾਂ ਤੋਂ ਸੰਗਲੀ ਅਖਰਾਂ ਵਿਚ ਅਨੁਵਾਦ ਕੇ ਇਕ ਪੱਥਰ ਪਰ ਉਕਰਾ ਕੇ ਦਖਣੀ ਭਾਰਤ ਤੇ ਸ੍ਰੀ ਲੰਕਾ ਵਿਚ ਗੁਰਬਾਣੀ ਦਾ ਰਜਵਾਂ ਪ੍ਰਚਾਰ ਕੀਤਾ।

ਬਾਬਾ ਜੀ ਹੀ ਭਾਟੜਾ ਸੰਪ੍ਰਦਾਇ ਦੇ ਸੰਸਥਾਪਕ ਸਨ। ਗਿ. ਗਿਆਨ ਸਿੰਘ ਦੇ ਕਥਨ ਅਨੁਸਾਰ ਬਾਬਾ ਚੰਗਾ ਭਾਟੜਾ ਸੋਹਲਵੀਂ ਸਦੀ ਦੇ ਅਰੰਭ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਲੰਕਾ ਫੇਰੀ ਸਮੇਂ ਜੋਗੀ ਰੂਪ ਵਿਚ ਗੁਰੂ ਜੀ ਨੂੰ ਮਿਲੇ ਸਨ। ਗੁਰੂ ਨਾਨਕ ਜੀ ਦੇ ਸੰਪਰਕ ਵਿਚ ਆਉਣ ਨਾਲ ਉਹ ਗੁਰੂ ਜੀ ਦੇ ਪਰਮ ਉਪਾਸ਼ਕ ਬਣ ਗਏ।

ਡਾ. ਕਿਰਪਾਲ ਸਿੰਘ ਜੀ ਦੀ ਖੋਜ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ 1508 ਈ. ਦੇ ਲਗ ਭਗ ਮਟੀਆ ਕਲਮ (ਬੈਟੀਕੁਲਾ) ਦੇ ਬਾਰਾਂ ਮੀਲ ਦਖਣ ਵਲ ਕੁਰੂਕਲ ਮੰਡਪ ਵਿਚ ਪੁਜਣ ਦੀ ਸਰੋਤ ਉਜਾ-ਗਰ ਹੈ।

* ਮਹਾਨ ਕੋਸ਼ ਦੂਜੀ ਐਡੀਸ਼ਨ ਪੰਨਾ 318

Digitized by Panjab Digital Library | www.panjabdigilib.org

ਉਸ ਸਮੇਂ ਗੁਰੂ ਨਾਨਕ ਜੀ ਦੇ ਪਰਮ ਸਿਖ ਵਜੋਂ ਬਾਬਾ ਚੰਗਾ ਭਾਟੜਾ ਜੀ ਤੋਂ ਇਲਾਵਾ ਲੰਕਾ ਦੇ ਰਾਜਾ ਸ਼ਿਵਨਾਭ ਹੀ ਸੰਸਾਰ ਸਾਹਮਣੇ ਉਭਰ ਕੇ ਆਉਂਦੇ ਹਨ।

ਸੰਭਵ ਹੈ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਬਾਬਾ ਚੰਗਾ ਭਾਟੜਾ ਜੀ ਜਾਂ ਰਾਜਾ ਸ਼ਿਵਨਾਭ ਨੇ ਹੀ ਦੀਬਰ ਨਗਰ ਵਸਾਇਆ ਹੋਵੇ ਅਤੇ ਬਾਅਦ ਵਿਚ ਸਿਖ ਧਰਮ ਦੇ ਧਾਰਨੀ ਬਾਬਾ ਚੰਗਾ ਭਾਟੜਾ ਜੀ ਨੇ ਇਸੇ ਨਗਰ ਦੇ ਪ੍ਰਗਨੇ ਤੋਂ ਲੰਕਾ ਤੇ ਦਖਣ ਭਾਰਤ ਦੀ ਪਰਜਾ ਨੂੰ ਗੁਰੂ ਸੰਦੇਸ਼ ਪੁਚਾਣ ਦਾ ਉਪਰਾਲਾ ਅਰੰਭਿਆ ਹੋਵੇ। ਇਸੇ ਮਹਾਨ ਥਾਨ ਪਰ ਬਾਬਾ ਚੰਗਾ ਭਾਟੜਾ ਜੀ ਨੇ ਭਾਟੜਾ ਸੰਗਤਿ ਤਥਾ ਭਾਟੜਾ ਸੰਪ੍ਰਦਾਇ ਦੀ ਵਿਧਾਨਕ ਜਥੇਬੰਦੀ ਕਾਇਮ ਕੀਤੀ ਤੇ ਗੁਰਬਾਣੀ ਦੀ ਟੰਕਸਾਲ ਦੀ ਪ੍ਰਥਮ ਪਹਿਲ ਸੰਸਥਾਪਨਾ ਇਥੇ ਹੀ ਹੋਈ ਪ੍ਰਤੀਤ ਹੁੰਦੀ ਹੈ। ਇਹ ਸਾਰੇ ਹਵਾਲੇ ਅਨੇਕਾਂ ਪ੍ਰਸਿਧ ਪੁਰਾਤਨ ਲਿਖਤਾਂ ਵਿਚੋਂ ਪ੍ਰਾਪਤ ਹਨ।

ਬਾਬਾ ਚੰਗਾ ਭਾਟੜਾ ਬਾਰੇਕੁਝ ਵਿਸ਼ੇਸ਼ ਵਿਚਾਰ :

1. ਬਾਬਾ ਚੰਗਾ ਭਾਟੜਾ ਜੀ ਨੂੰ ਮਹਾਰਾਜਾ ਸ਼ਿਵਨਾਭ ਦਾ ਨਾਤੀ (ਪੋਤਾ ਜਾਂ ਪੜੋਤਾ) ਹੋਣ ਦਾ ਜ਼ਿਕਰ 'ਸਿੰਗਲਾ ਦੀਪ ਕੀ ਰਹੁਤਾਸ' ਵਿਚ ਲਿਖਿਆ ਮਿਲਦਾ ਹੈ ਜਿਸ ਦੀ ਪੁਸ਼ਟੀ ਕਿਸੇ ਹੋਰ ਪ੍ਰਮਾਣਿਕ ਗ੍ਰੰਥ ਵਿਚੋਂ ਨਹੀਂ ਹੁੰਦੀ। ਜਨਮ ਸਾਖੀਆਂ ਤੇ ਇਤਿਹਾਸ ਦੇ ਪ੍ਰਮੁਖ ਗ੍ਰੰਥਾਂ ਵਿਚ ਰਾਜਾ ਸ਼ਿਵਨਾਭ ਬਾਰੇ ਵੀ ਬਹੁਤ ਘਟ ਜਾਣਕਾਰੀ ਮਿਲਦੀ ਹੈ। ਸ੍ਰੀ ਲੰਕਾ ਦੇ ਪ੍ਰਾਚੀਨ ਇਤਿਹਾਸ ਵਿਚ ਕਿਤੇ ਵੀ ਰਾਜਾ ਸ਼ਿਵਨਾਭ ਦਾ ਜ਼ਿਕਰ ਨਹੀਂ ਮਿਲਦਾ ਅਤੇ ਨਾ ਹੀ ਰਾਜਾ ਸ਼ਿਵਨਾਭ ਦੀ ਬੰਸਾਵਲੀ ਕਿਤੇ ਪ੍ਰਾਪਤ ਹੈ।*

ਇਸ ਲਈ ਬਾਬਾ ਚੰਗਾ ਭਾਟੜਾ ਜੀ ਦੇ ਪਿਤਰੀ ਸਬੰਧ ਰਾਜਾ ਸ਼ਿਵਨਾਭ ਨਾਲ ਕਿਤੇ ਵੀ ਸਿਧ ਨਹੀਂ ਹੁੰਦੇ। ਪਰ ਪੁਰਾਤਨ ਚਲੀ ਆਈ ਰਵਾਇਤ ਵੀ ਛੇਤੀ ਨਾਲ ਰਦ ਕਰਨੀ ਔਖੀ ਹੈ। ਸਰੂਪ ਦਾਸ ਭੱਲਾ ਦੇ 'ਮਹਿਮਾ ਪ੍ਰਕਾਸ਼' ਗ੍ਰੰਥ ਅੰਦਰ ਚੰਗਾ ਜੀ ਦੇ ਪ੍ਰਕਰਨ ਵਿਚ 'ਅਧੀਸ' ਸ਼ਬਦ ਲਿਖਿਆ ਮਿਲਦਾ ਹੈ।

ਕੋਸ਼ਾਂ ਅਨੁਸਾਰ ਅਧੀਸ ਸ਼ਬਦ ਦੇ ਅਰਥ ਮਾਲਕ, ਸੁਆਮੀ, ਰਾਜਾ ਜਾਂ ਰਾਜਕੁਮਾਰ ਬਣਦੇ ਹਨ। ਇਸ ਲਈ ਹੋ ਸਕਦਾ ਹੈ ਕਿ ਬਾਬਾ ਚੰਗਾ ਰਾਜਾ ਸ਼ਿਵਨਾਭ ਦੇ ਭਾਈਚਾਰੇ ਵਿਚੋਂ ਕਿਸੇ ਰਾਜੇ ਦੀ ਬੰਸ ਵਿਚੋਂ ਹੋਣ ਜਿਸ ਕਰ ਕੇ ਉਚੇਰੀ ਸ਼ਾਖ ਸਦਕਾ ਲੇਖਕਾਂ ਨੇ ਬਾਬਾ ਚੰਗਾ ਭਾਟੜਾ ਜੀ ਨੂੰ ਰਾਜਾ ਸ਼ਿਵਨਾਭ ਦਾ ਪੋਤਾ ਜਾਂ ਪੜੋਤਾ ਲਿਖ ਦਿਤਾ ਹੋਵੇ।

2. ਬਾਬਾ ਚੰਗਾਂ ਭਾਟੜਾ ਜੀ ਨਾ ਕੇਵਲ ਭਾਟੜਾ ਸੰਪ੍ਰਦਾਇ ਦੇ ਹੀ ਬਾਣੀ ਸਨ। ਸਗੋਂ ਦਖਣ ਭਾਰਤ ਤੇ ਲੰਕਾਂ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਚਲਾਏ ਪੰਥ ਦੇ ਮੁਖ ਪ੍ਰਚਾਰਕ ਵੀ ਸਨ। ਜਿਥੇ ਸੋਹਲਵੀ ਸਦੀ ਵਿਚ ਬਾਬਾ ਚੰਗਾ ਭਾਟੜਾ ਜੀ ਤੋਂ ਬਿਨਾਂ ਹੋਰ ਕਿਸੇ ਸਿਖ ਪ੍ਰਚਾਰਕ ਦਾ ਦਖਣ ਭਾਰਤ ਜਾਂ ਲੰਕਾ ਵਿਚ ਹੋਣ ਦਾ ਸਰੋਤ ਨਹੀਂ ਮਿਲਦਾ, ਬਾਬਾ ਜੀ ਗੁਰਮਤ ਟਕਸਾਲ ਚਲਾਉਣ ਵਾਲੇ ਪਹਿਲੇ ਵਿਅਕਤੀ ਦੇ ਰੂਪ ਵਿਚ ਪ੍ਰਤਖ ਦ੍ਰਿਸ਼ਟੀਮਾਨ ਹੁੰਦੇ ਹਨ।

3, ਬਾਬਾ ਚੰਗਾ ਭਾਟੜਾ ਜੀ ਦੇ ਅੰਤਮ ਦਿਨਾਂ ਬਾਰੇ ਇਤਿਹਾਸ ਚੁਪ ਹੈ। ਪਰ ਉਹਨਾ ਦੇ ਪੰਰੋਕਾਰਾਂ ਵਿਚੋਂ ਬਾਬਾ ਤਾਰੂ ਰਾਇ ਜੀ, ਬਾਬਾ ਡਾਡੜਾ ਦਾਸ ਜੀ, ਭਾਈ ਮਾਧੋ ਜੀ ਤੇ ਸ੍ਰੀ ਮਥਰਾ ਰਾਇ ਆਦਿ ਵਿਦਵਾਨਾਂ ਦਾ ਜ਼ਿਕਰ ਵਖ ਵਖ ਗ੍ਰੰਥਾਂ ਵਿਚ ਔਨ ਵਾਲੇ ਅਨੇਕ ਪ੍ਰਕਰਨਾ ਵਿਚੋਂ ਮਿਲਦਾ ਹੈ।

4. ਬਾਬਾ ਚੰਗਾ ਭਾਟੜਾ ਦਵਾਰਾ ਭਾਟੜਾ ਸੰਪ੍ਰਦਾਇ ਨੂੰ ਵਿਧਾਨਕ ਜਨਮ ਦੇਣ ਦੀ ਥਿੱਤੀ ਬਾਰੇ ਵੀ ਕੁਝ ਕਹਿਣਾ ਕਠਨ ਹੈ ਪਰ 'ਭਾਟੜਾ ਸੰਗਤਿ' ਦੀ

* ਪੜੋ: 'ਏ ਕਨਸਾਈਜ਼ ਹਿਸਟ੍ਰੀ ਆਫ਼ ਸਿਲੋਨ' — ਕਰਤਾ: ਸੀ.ਡਬਲਯੂ, ਨਿਕੋਲਸ ਤੇ ਐਸ. ਪ੍ਰਾਨਾ ਵਿਤਾਨਾ

Digitized by Panjab Digital Library | www.panjabdigilib.org

ਵਿਧਾਨਕ ਜਥੇਬੰਦੀ ਬਣਾਉਣ ਦਾ ਸਿਹਰਾ ਬਾਬਾ ਚੰਗਾਂ ਜੀ ਦੇ ਹੀ ਸਿਰ ਸੁਭਾਇਮਾਨ ਹੈ। ਭਾਟੜਾ ਸੰਗਤਿ ਦੀ ਜਥੇਬੰਦੀ ਬਣਾ ਕੇ ਗੁਰੂ ਨਾਨਕ ਸਾਹਿਬ ਜੀ ਦੇ ਚਲਾਏ ਪੰਥ ਤੇ ਸਾਂਝੇ ਲੰਗਰ ਦੀ ਪਰੰਪਰਾ ਨੂੰ ਬਾਬਾ ਚੰਗਾ ਭਾਟੜਾ ਜ਼ੀ ਨੇ ਆਪਣੇ ਖੇਤਰ ਵਿਚ ਸਿਖਰਾਂ ਤਕ ਪਹੁੰਚਾਇਆ ਪ੍ਰਤਖ ਨਜ਼ਰ ਆਉਂਦਾ ਹੈ। ਬਾਬਾ ਜੀ ਦੇ ਚਲਾਏ ਲੰਗਰਾਂ ਵਿਚ ਬੀਸ ਮਣ ਲੂਣ ਪੈਣ ਦੀ ਸਾਖੀ ਅਨੇਕਾਂ ਗਰੰਥਾਂ ਵਿਚ ਉਜਾਗਰ ਹੈ।*

5. ਬਾਬਾ ਚੰਗਾਂ ਭਾਟੜਾ ਜ਼ੀ ਦੇ ਗ੍ਰਹਿਸਥੀ ਹੋਣ ਬਾਰੇ ਵੀ ਤਸੱਲੀ ਬਖਸ਼ ਪ੍ਰਮਾਣ ਨਹੀਂ ਮਿਲਦਾ। ਗੁਰੂ ਨਾਨਕ ਜੀ ਨੂੰ ਮਿਲਣ ਸਮੇਂ ਬਾਬਾ ਜੀ ਬ੍ਰਹਮਚਾਰੀ (ਜੋਗੀ) ਸਨ।** ਉਸ ਸਮੇਂ ਜੋਗੀ ਜਾਂ ਤ੍ਰਿਆਗੀਆਂ ਦਾ ਗ੍ਰਹਿਸਥ ਮਾਰਗ ਅਪਨੌਣਾ ਇਕ ਬਜਰ ਪਾਪ ਮੰਨਿਆ ਜਾਂਦਾ ਸੀ। ਇਸੇ ਲਈ ਬਾਬਾ ਜੀ ਦੇ ਪ੍ਰਵਾਰਕ ਜੀਵਨ ਬਾਰੇ ਸਰੋਤ ਸਖਣੇ ਹਨ। ਸੱਚ ਇਹ ਹੈ ਕਿ ਬਾਬਾ ਚੰਗਾਂ ਜੀ ਨੇ ਆਪਣੇ ਅੰਤਮ ਸਮੇਂ ਤਕ ਗ੍ਰਹਿਸਤ ਧਾਰਨ ਨਹੀਂ ਕੀਤਾ ਤੇ 'ਸੰਗਤਿ ਭਾਟੜਾ' ਨੂੰ ਹੀ ਆਪਣਾ ਵਿਸ਼ਾਲ ਪ੍ਰਵਾਰ ਮੰਨਦੇ ਰਹੇ।

6. ਬਾਬਾ ਚੰਗਾ ਭਾਟੜਾ ਜੀ ਦੇ ਮੁਖ ਉਪਰਾਲੇ — (1) ਸਾਰੀ ਸੰਗਤਿ ਨੂੰ ਇਕ ਪੰਗਤਿ ਵਿਚ ਲੰਗਰ ਛਕੌਣਾ; ਜਦ ਕਿ ਛੂਆ-ਛੂਤ ਤੇ ਵ੍ਹਿਮਾਂ ਭਰਮਾਂ ਦਾ ਜ਼ੋਰ ਸੀ।

(2) ਬੁਤ ਪ੍ਰਸਤੀ ਨੂੰ ਖਤਮ ਕਰਨ ਦੇ ਸਾਧਨ ਵਜੋਂ— ਇਕ ਪੱਥਰ ਦੇ ਥੰਮ ਪਰ ਜਪੁਜੀ ਸਾਹਿਬ ਪੰਜਾਬੀ ਅਖਰਾਂ ਤੋਂ ਸੰਗਲੀ ਅਖਰਾਂ ਵਿਚ ਉਕਰਾਕੇ ਉਸ ਦੀ ਉਪਾਸ਼ਨਾ ਕਰਵਾਈ। ਆਮ ਮੂਰਤੀਆਂ ਦੇ ਥਾਂ ਗੁਰੂ ਨਾਨਕ ਦੇਵ ਜੀ ਦੀਆਂ ਖੜਾਵਾਂ ਰਖ ਕੇ ਪੂਜਾ ਕੀਤੀ। ਉਸ ਸਮੇਂ ਗੁਰਮਤ ਪ੍ਰਚਾਰ ਦਾ ਇਸ ਤੋਂ ਸੌਖਾ ਹੋਰ ਕੋਈ ਸਾਧਨ ਨਹੀਂ ਸੀ ਬਣਦਾ। ਲੰਕਾ ਦੀ ਬੋਲੀ ਵਿਚ ਜਪੁਜੀ ਸਾਹਿਬ ਥੰਮ ਪਰ ਉਕਰਾ ਕੇ ਉਸ ਨੂੰ ਮੂਰਤੀ ਦਾ ਰੂਪ ਦੇਣਾ ਅਤੇ ਖੜਾਵਾਂ ਦੀ ਪੂਜਾ ਕਰਨਾ ਬਾਬਾ ਚੰਗਾ ਜੀ ਦੀ ਬੁਧੀ ਦਾ ਵਿਲਖਣ ਚਮਤਕਾਰ ਸੀ ਜਿਸ ਦੇ ਹਵਾਲੇ ਅਨੇਕਾਂ ਮਿਲਦੇ ਹਨ।

7. ਕਈ ਲੇਖਕ ਲੰਕਾ ਦੇ ਰਾਜਾ ਮਾਇਆ ਦੂਨੀ(1521 ਤੋਂ 1581 ਈ.) ਦੇ ਪੁਤਰ ਰਾਜਾ ਸਿੰਹਾ (ਸਿੰਘਾ) (1581 ਤੋਂ 1594) ਨਾਲ ਬਾਬਾ ਚੰਗਾ ਭਾਟੜਾ ਜੀ ਦਾ ਮਿਲਾਨ ਕਰਦੇ ਹਨ। ਅਜਿਹਾ ਕਰਕੇ ਇਤਿਹਾਸਕ ਤਥਾਂ ਨੂੰ ਅਖੋਂ ਪਰੋਖੇ ਕਰਨਾ ਹੈ। ਇਹ ਭੁਲੇਖਾ ਰਾਜਾ ਸਿੰਹਾ ਨੂੰ ਰਾਜਾ ਸ਼ਿਵਨਾਭ ਦਾ ਪੜੋਤਾ ਸਿਧ ਕਰਨ ਲਈ ਪਾਇਆ ਜਾਪਦਾ ਹੈ।

ਪਰ ਰਾਜਾ ਸਿੰਹਾਂ ਆਪਣੇ ਪਿਤਾ ਰਾਜਾ ਮਾਇਆ ਦੂਨੀ ਵਾਂਗ ਹੀ ਕਟੱਰ ਬੋਧੀ ਸੀ। ਉਸ ਬਾਰੇ ਗੁਰੂ ਨਾਨਕ ਸਾਹਿਬ ਜੀ ਦੀ ਸਿਖੀ ਕਬੂਲ ਕਰਨ ਦਾ ਹਵਾਲਾ ਕਿਤੇ ਵੀ ਪ੍ਰਾਪਤ ਨਹੀਂ ਹੁੰਦਾ। ਰਾਜਾ ਸਿੰਘਾਂ ਨੇ (ਬਾਬਾ ਚੰਗਾਂ ਭਾਟੜਾ ਜੀ ਦੇ ਸਿਖੀ ਪ੍ਰਚਾਰ ਕਰਨ ਦੇ ਐਨ ਉਲਟ) ਆਪਣੀ ਸਾਰੀ ਉਮਰ ਪੁਰਤਗੀਜਾਂ ਨਾਲ ਲੜਨ ਵਿਚ ਹੀ ਬਤੀਤ ਕੀਤੀ।

1954-93 ਈ. ਵਿਚ ਰਾਜਾ ਸਿੰਘਾ ਦੇ ਮਰਨ ਉਪਰੰਤ ਹੀ ਪੁਰਤਗੀਜ ਸੀਤਾ ਵਾਕਾ ਦੇ ਰਾਜ ਤੇ ਕਾਬਜ਼ ਹੋਏ ਸਨ ਜਿਸ ਬਾਰੇ ਲੰਕਾ ਦਾ ਇਤਿਹਾਸ ਗਵਾਹੀ ਭਰਦਾ ਹੈ।***

ਬਾਬਾ ਚੰਗਾ ਭਾਟੜਾ ਬਾਰੇ ਇਤਿਹਾਸਕ ਤੱਥ

---

* ਇਸ ਮਣ ਦਾ ਤੋਲ ਕੁਝ ਤੋਲੇ ਹੁੰਦਾ ਸੀ।

** ਪੜੋ : ਪੰਥ ਪ੍ਰਕਾਸ਼ — ਗਿ. ਗਿਆਨ ਸਿੰਘ।

*** ਹਵਾਲੇ ਲਈ ਪੜੋ : ਪੋਰਟੂਗੀਜ਼ ਰੂਲ ਇਨ ਸਿਲੋਨ—ਟੀਕੀਰੀ ਅਭੈ ਸਿੰਘੇ।

Digitized by Panjab Digital Library | www.panjabdigilib.org

ਹਕੀਕਤ ਰਾਹੁ ਮੁਕਾਮ, ਸਿੰਘਲਾ ਦੀਪਕੀ ਰਹੁਤਾਸ, ਅੰਮ੍ਰਿਤਸਰ—ਅੰਮ੍ਰਿਤ ਪ੍ਰਕਾਸ਼ ਅਤੇ ਮਹਿਮਾਂ ਪ੍ਰਕਾਸ਼ ਗ੍ਰੰਥ ਵਿਚ ਮਿਲਦੇ ਹਨ। ਇਥੇ ਉਧਾਰਨ ਸਵਰੂਪ ਮਹਿਮਾਂ ਪ੍ਰਕਾਸ਼ ਵਿਚੋਂ ਸਬੰਧਤ ਪਾਠ ਪ੍ਰਕਾਸ਼ਤ ਕੀਤਾ ਜਾਂਦਾ ਹੈ। ਯਥਾ :

ਚੌਪਈ—ਲੈ ਹੁਕਮ ਨਾਮਾ ਪੈੜਾ ਥਾ ਗਇਆ।
ਸ਼ਿਵਨਾਭ ਨਗਰ ਜਾ ਪ੍ਰਾਪਤ ਭਇਆ।
ਤਹਾ ਰਾਜਾ ਮਾਇਆ ਦੋਨੀ ਪੋਤਾ ਸਿਵਨਾਭ
ਸੁਕਰਤ ਵੰਡ ਬੜਾ ਪ੍ਰਤਾਪ ॥ ੨ ॥
ਰਾਜੇ ਰਾਇ ਸਿੰਘ ਕਾ ਪੂਤ ਸਪੁਤਰ।
ਸਿਵਨਾਭ ਕਾ ਪੋਤਾ ਪਰਮ ਪਵਿਤਰ
ਪੈੜੇ ਹੁਕਮ ਨਾਮਾ ਤਿਸ ਦੀਨਾ।
ਤਿੰਨ ਮਾਥਾ ਟੇਕ ਸੀਸ ਧਰ ਲੀਨਾ ॥ ੩ ॥
ਪ੍ਰਾਨ ਸੰਗਲੀ ਮਾਗੀ ਦਿਆਲ।
ਮਾਨਾ ਹੁਕਮ ਦੀਨੀ ਤਤਕਾਲ
ਦੇਖ ਪ੍ਰਕਾਸ਼ ਸਿਖੀ ਕਾ ਤਹਾਂ।
ਪੈੜਾ ਅਤਿ ਬਿਸਮੈ ਹੋਇ ਰਹਾ ॥ ੪ ॥

ਭਾਈ ਪੇੜਾ ਜੀ ਨੇ ਲੰਕਾ ਤੋਂ ਵਾਪਸ ਆ ਕੇ ਗੁਰੂ ਅਰਜਨ ਸਾਹਿਬ ਜੀ ਨੂੰ ਰਸਤੇ ਦਾ ਹਾਲ ਦਸਨਾ —

ਚੌਪਈ—ਮਾਰਗ ਕਥਾ ਸਕਲ ਤਿੰਨ ਕਹਾ।
ਨਾਗਪਟਨ-ਬਿਦਰ-ਤਜਾਵਰ-ਮਮਗਹਾ
*ਐਰਾਵਤ ਤਿਸ ਦੇਸ ਕਾ ਨਾਇਕ**
ਰਾਮ ਰਾਜਾ ਕੀ ਵਹੀ ਵਲਾਇਤ। ੭।
ਤਾਤੇ ਮੈਂ ਜਹਾਜ ਚੜ ਗਇਆ
ਤੀਨ ਦਿਨ ਰਾਤ ਬੀਤਤ ਮਗ ਭਇਆ
***ਜਾਪਾ ਪਟਨ ਪਾਰ ਕਾ ਗਾਉ
ਸੰਗਲ ਦੀਪ ਦੇਸ ਕਾ ਨਾਉ ॥ ੮ ॥
ਚੌਦਾ ਸੈ ਗਾਉ ਦੇਸ ਮੋ ਬਸੈ
ਪਰਮ ਸੁਖੀ ਮਾਇਆ ਰੰਗ ਰਸੇ
ਤਹਾ ਰਾਜ ਕਰਤੇ ਥੇ ਮਾਤੋ ਰਾਜ
ਗੁਰੂ ਬਾਬੇ ਕੀਨਾ ਏਕ ਸਮਾਜ✲ ॥ ੯ ॥
ਸਿਵਨਾਭ ਕੀ ਸੰਤਤ ਰਹਾਈ
ਸਤਾਵਦ ਨਾਮ ਸੇ ਨਗਰ ਕਹਾਈ
ਤਹਾ ਗਰੂ ਕੀ ਹੈ ਪਰਮ ਸਾਲ
ਭਜਨ ਕੀਰਤਨ ਨਿਤ ਹੋਇ ਬਿਸਾਲ ॥੧੦॥

ਦੋਹਿਰਾ—ਸਭ ਸੰਗਤਿ ਕਾ-ਤਹਾ ਜੋੜ ਹੋਇ
ਨਿਤ ਕੀਰਤਨ ਲੰਗਰ ਹੋਇ
ਨਿਤਾਪ੍ਰਤ ਤਿਸ ਲੰਗਰ ਲਗੋਇ
ਬੀਸਮਣ ਲੂਣ ਪਵੇ ਰਸੋਇ। ੧੧।

ਭਾਈ ਪੈੜਾ ਜੀ ਮੁੜਨ ਵਾਲੇ ਰਸਤੇ ਦਾ ਜਿਕਰ ਦਸਦੇ ਹਨ :

ਚੌਪਈ—ਮੈਂ ਤਹਾ ਤੇ ਫਿਰ ਇਸ ਮਾਰਗ ਆਇਆ
ਗੁਰ ਸੰਗਤਿ ਸਿਖ ਕਾ ਦਰਸ਼ਨ ਪਾਇਆ
ਬੀਜਾ ਨਗਰ ਸੌ—ਕੋਸ ਇਕ ਤੀਸ
ਨੇਕਾ ਪਟਨ ਭਾਟੜੇ ਅਧੀਸਾਂ। ੧੩।
ਬੇਗਾ ਪੁਰ ਸਿਖ ਭਾਟੜੇ ਰਹੇ।
ਬੀਜਾ ਪੁਰ ਸੌਂ—ਕੋਸ ਅਸੀ ਕਹੇ।
ਨਾਮ ਅਰੋਗ ਪੇਠ ਕਹਾਵੈ।
ਤਹਾਂ ਗੁਰੂ ਕੀ ਮਹਿਮਾ-ਨਿਤ ਪ੍ਰਤ ਗਾਵੈ।੧।
ਤਹਾਂ ਚੰਗੇ ਭਾਟੜੇ ਕੀ ਹੈ ਸੰਗਤਿ★
ਤਹਾ ਕੇ ਨਿਕਟ ਸਿਖ ਬਹੁ ਪੰਗਤਿ
ਘਰ ਭਾਟੜਿਆ ਕੇ ਵਹੀ ਕਹਾਵੈ
ਨਿਤ ਪ੍ਰਤ ਸਤਿਗੁਰ ਕੇ ਗੁਨ ਗਾਵੈ। ੧੫।

---

* ਹਾਥੀ। **ਇਕ ਗੋਤ ਤਥਾ ਮਾਲਕ ਜਾਂ ਆਗੂ। *** ਪਟਨ : ਸ਼ਹਿਰ ਨੂੰ ਕਹਿੰਦੇ ਹਨ।

✲ ਸਮਾਜ : ਸੰਗਤਿ (ਸੰਪ੍ਰਦਾਇ) ਹੈ ਅਤੇ ਸੰਗਯਾ ਸਮ-ਅਜ — ਸਭਾ (ਮਹਾਨ ਕੋਸ਼ ਪੰਨਾ 1:0)

† ਅਧੀਸ (ਸੰਗਯਾ) 1. ਮਾਲਿਕ ਸ੍ਵਾਮੀ 2. ਰਾਜਾ (ਮਹਾਨ ਕੋਸ਼ ਪੰਨਾ 42)

★ ਗਰੂ ਨਾਨਕ ਸਾਹਿਬ ਜੀ ਨੇ ਬਾਬਾ ਚੰਗਾਂ ਭਾਟੜਾ ਜੀ ਨੂੰ ਜਪੁਜੀ ਸਾਹਿਬ ਦੀ ਸਤਵੀਂ ਪਉੜੀ ਦਵਾਰਾ ਇਉਂ ਉਪਦੇਸ ਦਿਤਾ। ਯਥਾ : ਚੰਗਾ ਨਾਉ ਰਖਾਇਕੈ ਜਸ ਕੀਰਤ ਜਗਿ ਲੇਇ।

Digitized by Panjab Digital Library | www.panjabdigilib.org

ਚੰਗਾਂ ਭਾਟੜਾ ਨੌਜਵਾਨ ਸਭਾ (ਲੰਡਨ) : ਇਹ ਸਭਾ 15 ਅਗਸਤ 1939 ਨੂੰ ਯੂ. ਕੇ. ਵਿਚ ਸਥਾਪਤ ਕੀਤੀ ਗਈ ਸੀ, ਜਿਸਦੀ ਸਰਪ੍ਰਸਤੀ ਉਸ ਵੇਲੇ ਸ. ਝੰਡਾ ਸਿੰਘ ਪਟੇਲ, ਗਿ. ਹਰਨਾਮ ਸਿੰਘ ਕੌਮੀ, ਸ. ਸੰਤ ਸਿੰਘ ਪਾਲ ਤੇ ਸ. ਵਸਤਾ ਸਿੰਘ ਦਰਦ ਨੇ ਸੰਭਾਲੀ। ਚੋਣ ਵਿਚ ਸਰਬ ਸੰਮਤੀ ਨਾਲ ਹੇਠ ਲਿਖੇ ਸਜਣ ਅਹੁਦੇਦਾਰ ਚੁਣੇ ਗਏ : ਬਾਬੂ ਜੀਵਨ ਸਿੰਘ ਜੀ ਪਾਲ ਪ੍ਰਧਾਨ, ਸ. ਸੰਤ ਸਿੰਘ ਜੀ ਪ੍ਰਦੇਸੀ ਮੀਤ ਪ੍ਰਧਾਨ, ਸ. ਹਰਨਾਮ ਸਿੰਘ ਜੀ ਕੌਮੀ ਮੁਖ ਸਕਤਰ, ਗਿ. ਅਮੋਲਕ ਸਿੰਘ ਜੀ ਸਕੱਤਰ, ਸ. ਵਸਤਾ ਸਿੰਘ ਜੀ ਦਰਦ ਖਜਾਨਚੀ, ਡਾ. ਹਰਨਾਮ ਸਿੰਘ ਜੀ ਤਾਲਬ ਡੈਲੀਗੇਟ ਤੇ ਗਿ. ਰਤਨ ਸਿੰਘ ਜੀ ਸ਼ਾਦ ਕਨਵੀਨਰ। ਇਸ ਸਭਾ ਨੇ ਯੂ. ਕੇ. ਵਿਚ ਭਾਈਚਾਰਕ ਜਥੇਬੰਦੀ ਤੇ ਗੁਰਮਤ ਦੇ ਪ੍ਰਚਾਰ ਹਿਤ ਸ਼ਲਾਘਾ ਯੋਗ ਕੰਮ ਕੀਤ।*

ਚੌਪਾ ਸਿੰਘ ਭਾਈ : ਭਾਟੜਾ ਸੰਪ੍ਰਦਾਇ ਵਿਚੋਂ ਪ੍ਰਸਿੱਧ ਵਿਦਵਾਨ ਹੋਏ ਹਨ। ਇਹਨਾਂ ਦਸ਼ਮੇਸ਼ ਸਤਿਗੁਰਾਂ ਨੂੰ ਖਿਡਾਵਣ ਦੀ ਉਤਮ ਸੇਵਾ ਕੀਤੀ। ਗੁਰੂ ਜੀ ਦੇ ਅਨੰਨ ਸਿੰਘ ਹੋਣ ਸਦਕਾ ਗੁਰੂ ਗੋਬਿੰਦ ਸਿੰਘ ਜੀ ਦੀ ਸਰਪ੍ਰਸਤੀ ਹੇਠ 'ਰਹਿਤ ਨਾਮਾ ਭਾਈ ਚੌਪਾ ਸਿੰਘ' ਲਿੱਖਕੇ ਪੰਥ ਦੀ ਮਹਾਨ ਸੇਵਾ ਕੀਤੀ। ਭਾਈ ਚੌਪਾ ਸਿੰਘ ਦੀ ਸੋਚਾ ਦਾ ਸਤਿਕਾਰ ਭਾਟੜਾ ਸੰਗਤਿ ਵਿਚ ਜਿਉਂ ਦਾ ਤਿਉਂ ਬਣਿਆ ਆ ਰਿਹਾ ਹੈ।

ਚਾਰਨਸ ਭੱਟ : [ਸੰਖੇਪ-ਚਾਰਣ] ਸੰਗਿਆ-ਆਰੀਆ ਕਾਲ ਵਿਖੇ ਅਚਾਰੀਆ (ਚਾਰਣ) ਇਕ ਵੇਦ ਸ਼ਾਖ਼ਾਂ (ਜਾਂ ਸੰਪ੍ਰਦਾਯ), ਗਿਣਤੀ ਦੇ ਕੁਝ ਲੋਕ—ਜਿਨ੍ਹਾਂ ਨੇ ਵੇਦ ਦੀ ਕੋਈ ਨਿਸ਼ਚਿਤ ਸ਼ਾਖ਼ਾਂ ਨੂੰ ਪੜ੍ਹਨ ਦਾ ਪ੍ਰਣ ਕੀਤਾ ਹੋਇਆ ਸੀ; ਅਤੇ ਜਿਹੜੇ ਇਸ ਤਰੀਕੇ ਨਾਲ ਇਕ ਸੰਸਥਾ ਬਣ ਗਏ। ਗਿ. ਗਿਆਨ ਸਿੰਘ ਪੰਥ ਪ੍ਰਕਾਸ਼ ਵਿਚ ਇਸ ਬਾਰੇ ਇਉਂ ਫੁਰਮਾਉਂਦੇ ਹਨ ਯਥਾ : ਭਏ ਰਿੱਖੀ ਅਵਤਾਰ ਅਚਾਰੀਆ। ੧੦। ਪੀਰ ਪੈਕਾਂਬਰ ਲਾਖੋ ਆਰੀਆ। ੧੧।† ਚਾਰਨਸ ਭੱਟ ਦੇਵਤਿਆਂ ਦੀ ਮਹਿਮਾ ਕਰਣ ਵਾਲੇ ਗਾਇਕ (ਗੰਧਰਵ-ਗਵੀਏ) ਸਨ।**

ਚਨਾਣਾਂ ਗੋਤ : ਸੰਗਯਾ—ਚੰਦਰਮਾਂ ਦਾ ਪ੍ਰਕਾਸ਼—ਉਜਾਲਾ, [ਯਥਾ : ਬਾਹਿਰ ਦਿਸੈ ਚਾਨਣਾ ਦਿਲ ਅੰਧਿਆਰੀ ਰਾਤਿ (ਸੋਰ ਮ: ੪], ਵਿਦਯਕ ਕਤ, ਆਤਿਮ ਗਯਾਨੀ। ਗੋਤ ਚਾਨਣਾ, ਚਨਾਣੇ, ਚਾਨਣੇ ਆਦਿ ਨਾਵਾਂ ਤੋਂ ਭਾਟਤਾ ਸੰਪ੍ਰਦਾਇ ਵਿਚ ਮੌਜੂਦ ਹੈ। ਕਾਮਬੋਜ ਜਾਤੀ ਵਿਚ ਵੀ ਇਹ ਗੋਤ 'ਚਾਂਦਨੇ' ਨਾਂ ਤੋਂ ਉਜਾਗਰ ਹੈ।★

ਜੈ ਸਿੰਘ ਵਿਰਕਤ : ਸੰਤ ਜੈ ਸਿੰਘ ਜੀ ਨਿਹੰਗ ਸਿੰਘ ਬੜੇ ਵਿਦਵਾਨ ਤਿਆਗੀ ਸਾਧੂ ਸਨ। ਇਨ੍ਹਾਂ ਕਸਬਾ ਜਬੀ ਇਲਾਕਾ ਕੈਂਮਲਪੁਰ (ਪਾਕਿਸਤਾਨ) ਅੰਦਰ ਗੁਰਦੁਵਾਰਾ ਬਣਾ ਕੇ ਗੁਰੂ ਮਿਸ਼ਨ ਦਾ ਵਧਵਾਂ ਪ੍ਰਚਾਰ ਕੀਤਾ। ਅਨੇਕਾਂ ਪ੍ਰੇਮੀਆਂ ਨੂੰ ਗੁਰ ਸਿੰਘ ਸਜਾ ਕੇ ਸੰਗਤਾਂ ਵਲੋਂ ਸਨਮਾਨ ਪ੍ਰਾਪਤ ਕੀਤਾ। ਸੰਤ ਜੀ ਭਾਟੜਾ ਸੰਗਤਿ

---

* ਪੜੋ—ਸੰਗਤ ਵੀਕਲੀ ਪਟੇਲ ਅੰਕ ਪੰਨਾ 25 ਤੋਂ 26 ਤਕ।

† ਸ੍ਰੀ ਗੁਰੂ ਪੰਥ ਪ੍ਰਕਾਸ਼—ਸੰਪਾਦਿਕ ਗਿ. ਕਿਰਪਾਲ ਸਿੰਘ ਹੈਡ ਗ੍ਰੰਥੀ ਦਰਬਾਰ ਸਾਹਿਬ (ਪੰਨਾ 509)।

** ਹਿੰਦੂ ਮਿਥਿਹਾਸ ਕੋਸ਼ (ਪੰਨਾ 248)।

★ ਪੜੋ—ਕਾਮਬੋਜ ਇਤਿਹਾਸ (ਪੰਨਾ 42)।

Digitized by Panjab Digital Library | www.panjabdigilib.org

ਵਿਚੋਂ ਜੋਗੀ ਪਾਲ ਗੋਤ ਵਿਚੋਂ ਡਸਕਾ (ਸਿਆਲਕੋਟ) ਦੇ ਵਸਨੀਕ ਸਨ।*

ਭਾਈ ਜੰਗੀਰ ਸਿੰਘ ਜੀ

ਜੰਗੀਰ ਸਿੰਘ ਭਾਈ : ਭਾਈ ਜੰਗੀਰ ਸਿੰਘ ਅਕਾਲੀ ਪੁਤਰ ਭਾਈ ਛਿੱਬਾ ਸਿੰਘ ਲੱਖਣ ਪਾਲ ਭਾਡੇਵਾਲਾ (ਜ਼ਿਲ੍ਹਾ ਸਿਆਲਕੋਟ) ਦੇ ਵਸਨੀਕ ਸਨ। ਇਨ੍ਹਾਂ ਦਾ ਜਨਮ 1906 ਨੂੰ ਭਾਡੇਵਾਲਾ ਵਿਚ ਹੋਇਆ। ਆਪ ਨੇ ਮਾਤਾ ਪਿਤਾ ਦੇ ਸਾਏ ਤੋਂ ਬਿਨਾਂ ਤੁਰ ਫਿਰ ਕੇ ਵਿਦਿਆ ਪ੍ਰਾਪਤ ਕੀਤੀ। ਵਿਦਿਆ ਦੀ ਲਗਨ ਤੇ ਸਖਤ ਮਿਹਨਤ ਸਦਕਾ ਆਪ ਉਚ ਕੋਟੀ ਦੇ ਪ੍ਰਚਾਰਕ ਬਣੇ। ਮਿਠ-ਬੋਲੜੇ ਹੋਣ ਕਾਰਨ ਆਪ ਹਰ ਸਮਾਜ ਵਿਚ ਸਤਕਾਰੇ ਜਾਂਦੇ ਸਨ। ਇਨ੍ਹਾਂ ਦੇ ਪ੍ਰਚਾਰ ਨਾਲ ਭਾਟੜਾ ਸੰਗਤ ਭਾਈਚਾਰੇ ਦੀਆਂ ਆਮ ਸੰਸਥਾਵਾਂ ਵਿਚ ਕਈ ਸੁਧਾਰ ਲਿਆਂਦੇ ਗਏ। ਟਕਸਾਲੀ ਪਾਠੀ ਹੋਣ ਕਰਕੇ ਕਈ ਗੁਰਦਵਾਰਿਆਂ ਵਿਚ ਹੈਡ ਗ੍ਰੰਥੀ ਦੀ ਸੇਵਾ ਕਰਦੇ ਰਹੇ। ਸੰਨ 1940 ਵਿਚ 'ਸੇਵਕ ਨੌਜਵਾਨ ਭਾਟੜਾ ਕਮੇਟੀ' ਦੇ ਪ੍ਰਧਾਨ ਬਣੇ। 1955 ਦੇ ਪੰਜਾਬੀ ਸੂਬੇ ਦੇ ਮੋਰਚੇ ਸਮੇਂ ਜੇਹਲ ਜਾਣ ਤੋਂ ਪਹਿਲਾਂ ਅੰਬਾਲੇ ਤੋਂ ਸ੍ਰੀ ਅਨੰਦਪੁਰ ਸਾਹਿਬ ਤਕ ਪੰਜਾਬੀ ਸੂਬੇ ਦੀ ਲਹਿਰ ਨੂੰ ਤੇਜ ਰੱਖਣ ਵਾਸਤੇ ਪੈਦਲ ਪ੍ਰਚਾਰ ਕੀਤਾ। ਮੋਰਚਾ ਸਫਲ ਹੋਣ ਤੋਂ ਬਾਅਦ 1-10-1955 ਨੂੰ ਆਪ ਨੂੰ ਪ੍ਰਸ਼ੰਸਾ ਪੱਤਰ ਭੇਟ ਕੀਤਾ ਗਿਆ। ਸੰਨ 1960 ਵਿਚ ਅੰਬਾਲਾ ਵਿਖੇ 'ਭਾਟੜਾ ਇਤਿਹਾਸ ਸੁਧਾਰ ਬੋਰਡ' ਦੇ ਜਥੇਦਾਰ ਬਣੇ। ਸੰਨ 1962 ਵਿਚ ਦਿਲੀ ਵਿਖੇ ਟਿੰਗ ਨੈਂਡ ਦੀ ਮਹਾਰਾਣੀ ਐਲੀਜ਼ਬਥ ਦੀ ਆਮਦ ਵਿਰੁਧ ਲਗੇ ਅਕਾਲੀ ਮੋਰਚੇ ਵਿਚ ਵੀ ਆਪ ਨੇ ਵਧ ਚੜ੍ਹ ਕੇ ਹਿੱਸਾ ਲਿਆ। 1966 ਵਿਚ ਅੰਬਾਲਾ ਵਿਖੇ ਆਪ ਪ੍ਰਲੋਕ ਪਿਆਨਾ ਕਰ ਗਏ। ਆਪ ਦੇ ਅੰਤਿਮ ਸੰਸਕਾਰ ਸਮੇਂ ਜਥੇਦਾਰ ਕਰਤਾਰ ਸਿੰਘ ਟੱਕਰ, ਸੰਤ ਜਗਤ ਸਿੰਘ ਨਿਰਮਲੇ, ਅਤੇ ਅਨੇਕਾਂ ਸੰਗਤਾਂ ਨੇ ਆਪ ਨੂੰ ਸ਼ਰਧਾਂਜਲੀਆਂ ਅਰਪਣ ਕੀਤੀਆਂ।

ਜਾਲਪ ਭਾਟ : ਭਾਟ ਸੰਗਤਿ ਦੇ ਸਤਾਰਾਂ ਵਿਦਵਾਨਾ (ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ) ਵਿਚੋਂ ਰਾਠੌਰ ਵੰਸ ਦੇ ਪਰਮਪੂਜ ਬਾਬਾ ਜਾਲਪ ਭਾਟ ਗੁਰੂ ਅਮਰ ਦਾਸ ਜੀ ਦੇ ਸਮਕਾਲੀ ਸਨ। ਇਨ੍ਹਾਂ ਦੀ ਯਾਦ ਅੰਦਰ ਤਿੱਬੜ ਵਿਖੇ ਹਰ ਸਾਲ ਕੜਾਹ ਪ੍ਰਸਾਦਿ ਦੀ ਮਾਂ ਦੇਗਾਂ ਵਰਤਾਈਆਂ ਜਾਂਦੀਆ ਹਨ। ਇਨ੍ਹਾਂ ਦੀ ਸ਼ੁਭ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਵਿਧਮਾਣ ਹੈ। ਯਥਾ : ਜਾਲਪਾ ਪਦਾਰਥ ਇਤੜੇ ਗੁਰ ਅਮਰ ਦਾਸ ਡਿਠੇ ਮਿਲੇ। ਪੁਨਾ ਸਕਯਥ ਸੋ ਸਿਰ ਜਾਲਪ ਭਣੈ ਜੋ ਸਿਰ ਨਿਵੈ ਗੁਰ ਅਮਰ ਨਿਤ। (ਸਵਈਏ ਮਹਲੇ ਤੀਜੇ ਕੇ)। (ਦੇਖੋ : ਜਾਲਪਾ ਮਾਈ)

ਜਾਲਪਾ ਮਾਈ (ਜਾਲ ਪੇਸ਼੍ਰੀ) : ਜਾਲਪੇਸ਼੍ਰੀ ਸ਼ਬਦਾਂ ਦਾ ਦਹਿਲੀ ਦੀਪਕ ਅਰਥ ਹੈ—ਜਾਲ (ਜਲ) ਵਾਂਗ ਸਾਫ ਤਥਾ ਗੰਗਾਂ ਸਮਾਨ ਨਿਰਮਲ—ਪੇਸ਼੍ਰੀ (ਪ੍ਰਮਾਤਮਾ) ਤੁਲ ਪਵਿਤ੍ਰ, ਪ੍ਰਵਰਦਗਾਰ ਤਰ੍ਹਾਂ ਦਿਆਲੂ। ਮਾਤਾ ਜਾਲਪਾ ਜੀ ਨਿਰਮਲ, ਪਵਿਤਰ ਤੇ ਸਰਬ ਸਾਂਝੇ ਦਿਆਲੂ ਆਤਮਾਂ ਸਨ। ਸੰਤ ਸਰੂਪ, ਸਿਰ ਪਰ ਕਾਲਾ ਦਸਤਾਰਾ,

* ਪੜੋ—ਭਾਟ ਪ੍ਰਕਾਸ਼ ਪੰਨਾ 78।

ਕਾਲਾ ਲੰਮਾ ਚੋਲਾ, ਲੱਕ ਨੂੰ ਕਮਰ ਕੱਸਾ, ਮੋਢੇ ਪਰ ਸੁੰਦਰ ਢਾਲਾਂ ਅਤੇ ਹੱਥ ਵਿਚ ਢਾਈ ਫੁਟੀ ਤੇਗ ਇਹਨਾਂ ਦਾ ਜ਼ਿਦਾਰੀ ਸ਼ਸਤਰ ਸੀ। ਗਾਤਰੇ ਨਾਲ ਛਟੀ ਕਟਾਰ (ਸਰੋਹੀ) ਕਮਰਕਸੇ ਹੇਠ ਰਖਦੇ ਸੀ। ਹਥਾਂ ਵਿਚ ਸਰਬ ਲੋਹ ਦੇ ਕੰਗਨ ਇਨ੍ਹਾਂ ਦਾ ਪਹਿਰਨ ਸੀ। ਮਾਤਾ ਜਾਲਪਾ ਜੀ ਨੂੰ ਹਿੰਦੂ, ਸਿਖ ਤੇ ਮੁਸਲਮਾਨਾਂ ਤੋਂ ਸਾਂਝਾ ਸਤਿਕਾਰ ਹਾਸਲ ਸੀ।

ਧਰਮ ਮੂਰਤ ਮਾਤਾ ਜਾਲਪਾ ਦੀ ਧਰਮ ਪ੍ਰਤਿਗਿਆ — ਜਦ ਅਹਿਮਦ ਸ਼ਾਹ ਅਬਦਾਲੀ ਦੀਆਂ ਲੁਟੇਰੀਆਂ ਧਾੜਾਂ ਨੇ ਹਿੰਦੂ ਤੇ ਸਿਖਾਂ ਨੂੰ ਸ਼ਰੇ-ਆਮ ਲੁਟ ਕੇ ਕਤਲ ਕਰਨਾ ਸ਼ੁਰੂ ਕੀਤਾ ਤਾਂ ਬਿਪਤਾ ਦੇ ਮਾਰੇ ਹਿੰਦੂ - ਸਿਖ ਘਰ ਤੇ ਇਲਾਕਾ ਛਡ ਕੇ ਤਿਬੜ ਲਾਗੇ ਕਾਨੂਵਾਨ ਦੇ ਛੰਭ ਵਿਚ ਆਨ ਲੁਕੇ। ਇਸ ਘਲੂਘਾਰੇ ਦੇ ਘੇਰੇ ਵਿਚ ਘਿਰੇ ਹੋਏ ਤਿਬੜ ਦੀ ਭਾਟ ਸੰਗਤ ਦੇ ਸੂਰਮਿਆਂ ਨੇ ਛੰਭ ਵਿਚੋਂ ਰਾਤ ਨੂੰ ਨਿਕਲ ਕੇ ਮੁਗਲ ਫੌਜਾਂ ਤੇ ਹੱਲਾ ਬੋਲ ਦਿਤਾ। ਬਹੁਤਿਆਂ ਨਾਲ ਥੋਹੜਿਆਂ ਦਾ ਮੁਕਾ-ਬਲਾ ਸੀ। ਪਰ ਗੁਰੂ ਦੁਲਾਰੀਆਂ ਧਰਮ ਭੈਣਾਂ ਨੇ ਇਸ ਭਿਆਨਕ ਸਮੇਂ ਵਡੀ ਵੀਰਤਾ ਨਾਲ ਪਤੀਆਂ ਤੇ ਵੀਰਾਂ ਦਾ ਸਾਥ ਦਿਤਾ।

ਉਨ੍ਹਾਂ ਸ਼ੇਰਨੀਆਂ ਨੇ ਤੇਗਾਂ ਨਾਲ ਧਰਮ ਦੋਖੀਆਂ ਦੇ ਆਹੂ ਲਾਹ ਸੁਟੇ। ਇਸ ਕੜਕਦੀ ਬਿਪਤਾ ਵਿਚ ਦੁਸ਼ਟ ਦਮਨ ਦੇਵੀ ਜਾਲਪੇਸ਼ੂਰੀ ਨੇ ਵੈਰੀਆਂ ਨੂੰ ਤੇਗ ਦੇ ਕਰਾਰੇ ਜੌਹਰ ਦਿਖਾਏ।

ਅੰਤ ਵਿਚ ਯਧ ਵਿਚੋਂ ਬਚ ਗਈਆਂ ਦੇਵੀਆਂ ਸ਼ਹੀਦਾਂ ਦੀਆਂ ਲੋਥਾਂ ਦੇ ਅੰਤਮ ਸੰਸਕਾਰ ਵੇਲੇ ਅਪਣੇ ਸੱਤ-ਪਤ ਤੇ ਧਰਮ ਨੂੰ ਅਮਰ ਰਖਣ ਲਈ ਬਲਦੀਆਂ ਲਾਟਾਂ ਵਿਚ ਛਾਲਾਂ ਮਾਰ ਕੇ ਸਤੀ ਹੋ ਗਈਆਂ ਅਤੇ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾ ਕੇ ਅਮਰ ਹੋ ਗਈਆਂ। ਇਹਨਾਂ ਸਤੀਆਂ ਦੇ ਸ਼ਹੀਦੀ ਅੰਗੀਠੇ (ਸਤੀਆਂ ਦੀਆਂ ਸਮਾਧਾਂ) ਜ਼ਿਲ੍ਹਾ ਗੁਰਦਾਸਪੁਰ ਕਸਬਾ ਤਿੱਬੜ ਵਿਖੇ ਪੁਰਾਤਨ ਧਰਮਸ਼ਾਲਾ ਤੋਂ ਤਿੰਨ ਫਰਲਾਂਗ ਪੱਛਮ ਵਲ ਮੌਜੂਦ ਹਨ। ਇਹ ਜਾਲਪ ਭਾਟ ਦੀ ਵੰਸ ਜਾਲਪਾ ਮਾਈ ਅਤੇ ਹੋਰ ਸ਼ਹੀਦ ਦੇਵੀਆਂ ਦੀਆਂ ਅਮਰ ਯਾਦਗਾਰੀ ਸਮਾਧਾਂ ਹਨ। ਸਾਰੇ ਇਲਾਕੇ ਵਿਚ ਇਨ੍ਹਾਂ ਸਮਾਧਾਂ ਦੀ ਮੰਨਤ ਹੁੰਦੀ ਤੇ ਸੁਖਨਾਂ ਪੂਰੀਆਂ ਹੁੰਦੀਆਂ ਹਨ। ਮਾਤਾ ਜਾਲਪਾ ਜੀ ਬਾਬਾ ਜਾਲਪ ਭਾਟ ਦੇ ਪਿਤਰ ਪਰਨਾਲੀ ਵਿਚੋਂ ਰਠੌੜ ਵੰਸੀ ਸਨ। ਆਪ ਨੇ ਜੀਵਨ ਭਰ ਗ੍ਰਹਿਸਤ ਨਹੀਂ ਅਪਣਾਇਆ।

ਜੀਵਾ ਸਿੰਘ ਪ੍ਰਭਾਕਰ — ਸ: ਜੀਵਾ ਸਿੰਘ ਜੀ ਸ੍ਰੀ ਧੰਨਪਤ ਰਾਏ ਦੇ ਇਕਲੌਤੇ ਲਲ ਸਨ। ਇਹਨਾਂ ਦਾ ਚੜ੍ਹਦੀ ਜਵਾਨੀ ਵਿਚ ਹੀ ਲੋਕ ਭਲਾਈ ਤੇ ਭਾਟੜਾ ਸੰਗਤਿ ਦੀ ਸੇਵਾ ਪ੍ਰਵਿਰਤੀ ਤੇ ਅਮੀਰਾਨਾ ਬੋਲ ਬਾਲੇ ਦਾ ਚਾਰ ਚੁਫੇਰੇ ਪ੍ਰਕਾਸ਼ ਹੋਇਆ। ਆਪ ਗਨਿਤ ਤੇ ਜੋਤਸ਼ ਵਿਦਿਆ ਦੇ ਵਿਦ-ਵਾਨ ਸਨ। ਆਪ ਕਈ ਦੇਸ਼ਾਂ ਵਿਚ ਗਏ ਅਤੇ ਜੋਤਸ਼ ਵਿਦਿਆ ਕਾਰਨ ਸਨਮਾਨ ਪ੍ਰਾਪਤ ਕੀਤੇ। ਪਿੰਡ ਭਾਡੇਵਾਲਾ ਵਿਚ ਸਲਾਨਾ ਸ੍ਰੀ ਅਖੰਡ ਪਾਠ ਸਮੇਂ ਆਪ ਯੋਗ ਪ੍ਰਬੰਧ ਰਖਦੇ ਸਨ। ਆਪ ਦੇ ਦਸਤ ਮੁਬਾਰਕ ਵਿਚ ਹਮੇਸ਼ਾਂ ਖੁੰਡਾ ਸੁਭਾਇਮਾਨ ਰਹਿੰਦਾ ਸੀ। ਆਪ ਨੂੰ ਜਦੋਂ ਜ਼ਿਲ੍ਹਾ ਸਿਆਲਕੋਟ ਦੇ ਪੰਜਾਂ ਪਿੰਡਾਂ ਦੀ ਸੰਗਤ ਨੇ ਲੋਕ ਰਾਇ ਨਾਲ ਪ੍ਰਧਾਨ ਬਣਾ ਦਿਤਾ ਤਾਂ ਸਾਰੇ ਜ਼ਿਲ੍ਹੇ ਵਿਚ ਆਪ ਦੀ ਧਾਂਕ ਬਝ ਗਈ। ਆਪ ਬਾਰਸੂਖ ਤੇ ਧੜੱਲੇਦਾਰ ਸਮਾਜ ਸੇਵਕ ਸਨ।

ਜਿਉਣ ਸਿੰਘ ਭਾਟ— 'ਮਾਰਸ਼ਲ ਲਾ' 1919 ਦੇ ਸੁਤੰਤਰਤਾ ਸੰਗਰਾਮੀਏ ਭਾਈ ਜੀਉਣ ਸਿੰਘ ਭਾਟ ਪਿੰਡ ਖਾਨਪੁਰ ਕਟੋਰਿਆਂ ਵਾਲੇ ਦੇ ਵਸਨੀਕ ਸਨ। ਆਪ ਨੂੰ ਅਜ਼ਾਦੀ ਦੇ ਸੰਗਰਾਮੀਏ ਹੋਣ ਦੇ ਦੋਸ਼ ਵਿਚ ਗ੍ਰਿਫਤਾਰ ਕਰ ਕੇ ਜ਼ਿਲ੍ਹਾ ਮੁਜ਼ਫਰ ਗੜ੍ਹ ਵਿਖੇ ਫਾਂਸੀ ਦੀ ਸਜ਼ਾ ਦਿਤੀ ਗਈ। ਆਪ ਨੇ ਫਾਂਸੀ ਦਾ ਰੱਸਾ ਆਪਣੇ ਗਲ ਪਹਿਨਦਿਆਂ 'ਦੇਸ਼ ਆਜ਼ਾਦ ਜ਼ਿੰਦਾ ਬਾਦ' ਦਾ ਨਾਰਾ ਲਾ ਕੇ ਸ਼ਹੀਦੀ ਪ੍ਰਾਪਤ ਕੀਤੀ।

Digitized by Panjab Digital Library | www.panjabdigilib.org

੩

ਝੰਡਾ ਸਿੰਘ ਪਟੇਲ — ਸ. ਝੰਡਾ ਸਿੰਘ ਜੀ ਪਟੇਲ ਦਾ ਜਨਮ ਮਹੰਤ ਚੇਤਨ ਦਾਸ ਉਦਾਸੀ ਤੇ ਮਾਤਾ ਰਾਜ ਕੌਰ ਦੇ ਗ੍ਰਹਿ ਮਧਰ ਦੇਸ ਪਿੰਡ ਧਾੜੀਵਾਲ ਜ਼ਿਲਾ ਸਿਆਲਕੋਟ ਵਿਚ ਹੋਇਆ । ਆਪ ਬਾਲ ਵਰੇਸ ਤੋਂ ਹੀ ਜੋਟੀਆਂ ਦੇ ਸ਼ਬਦ ਸਾਦੀਆਂ ਧਾਰਨਾਂ ਵਿਚ ਪੜ੍ਹਕੇ ਪ੍ਰਸੰਨ ਹੁੰਦੇ । ਹਾਣੀਆਂ ਨੂੰ ਗੁਰਬਾਣੀ ਪੜ੍ਹਣ ਦੀ ਪ੍ਰੇਰਨਾ ਨਾਲ ਸੰਗਤਿ ਦੀ ਪੰਗਤਿ ਵਿਚ ਬੈਠਣ ਪੜ੍ਹਨ ਤੇ ਸੁਨਣ ਦਾ ਉਪਦੇਸ਼ ਵੀ ਦਿੰਦੇ ਸਨ। ਆਪ ਸਮਾਜਕ ਕੁਰੀਤਾਂ ਵਿਰੁਧ ਬਿਗਲ ਵਜੌਣ ਵਾਲੇ ਆਪਣੇ ਸਮੇਂ ਦੇ ਪ੍ਰਮੁੱਖ ਵਿਅਕਤੀ ਸਨ। ਆਪ ਨੇ ਤੀਬਰ ਲਗਨ ਨਾਲ ਥਾਂ ਪਰ ਥਾਂ ਬਾਣੀ ਦੇ ਪਾਠ ਦਾ ਪ੍ਰਚਾਰ ਕੀਤਾ । ਆਪ ਸਫ਼ਰ ਸਮੇਂ ਵੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੋਟੀ ਬੀੜ ਨਾਲ ਰਖਦੇ ਤੇ ਨਿਯਮ ਨਾਲ ਹਰ ਰੋਜ਼ ਦਰਸ਼ਨ ਕਰ ਕੇ ਪ੍ਰਸਾਦਿ ਛਕਦੇ ਸਨ। ਇਸੇ ਰੁਚੀ ਕਾਰਨ ਉਹਨਾਂ ਨੇ ਇੰਗਲੈਂਡ ਜਾ ਕੇ ਵੀ ਗੁਰਮਤ ਦਾ ਵਿਆਪਕ ਪ੍ਰਚਾਰ ਕੀਤਾ। ਆਪ ਸਰਬ ਹਿੰਦ ਭਾਟਰਾ ਯੂਨੀਅਨ ਦੇ ਦੂਸਰੇ ਪ੍ਰਧਾਨ ਬਣੇ ।

ਪਟੇਲ ਜੀ ਨੇ ਵਿਹਾ ਸ਼ਾਦੀ ਸਮੇਂ ਬਰਾਤ ਨੂੰ ਚਾਰ ਰੋਟੀਆਂ (ਚਾਰ ਡੰਗ) ਖੁਆਣ ਦੀ ਰਸਮ ਤੋੜ ਕੇ ਦੋ ਰੋਟੀਆਂ ਦੀ ਰਸਮ ਚਾਲੂ ਕੀਤੀ। ਇਕ ਜੋਸ਼ੀਲੇ ਪਹਿਲਵਾਨ ਹੋਣ ਕਾਰਨ ਸ. ਪਟੇਲ ਜੀ ਸਮਾਜਿਕ ਕੰਮਾਂ ਲਈ ਨਿਝਕ ਤੇ ਨਿਸੰਗ ਹੋ ਕੇ ਲਪਕ ਪੈਂਦੇ ਸਨ। ਉਹਨਾਂ ਸਮਾਜ ਸੁਧਾਰ ਅੰਦੋਲਨ ਨੂੰ ਇਕ ਨਵਾਂ ਮੋੜ ਦਿਤਾ ਅਤੇ ਬੜੀ ਨਿਰਭੈਤਾ ਨਾਲ ਭਾਟ ਸਮਾਜ ਵਿਚ ਪ੍ਰਚਲਤ ਕੁਰੀਤੀਆਂ ਦਾ ਖੰਡਨ ਕਰ ਕੇ ਗੁਰਮਤ ਦਾ ਸਿਧਾਂਤ ਪ੍ਰਚਾਰਿਆ । ਉਹਨਾਂ ਦੀ ਇਸ ਦੇਣ ਸਦਕਾ ਭਾਟ ਸੰਗਤਿ ਵਿਚ ਉਹਨਾਂ ਦੇ ਨਾਮ ਦੀ ਕੀਰਤੀ ਹਮੇਸ਼ਾਂ ਫੁੱਲਾਂ ਦੀ ਮਹਿਕ ਵਾਂਗ ਮਹਿਕਦੀ ਰਹੇਗੀ । ਪਟੇਲ ਜੀ ਦਾ ਸਵਰਗਵਾਸ ਯੂ.ਕੇ. ਦੇ ਬ੍ਰਿਸਟਲ ਸ਼ਹਿਰ ਵਿਚ ਮਾਰਚ 1976 ਵਿਚ ਹੋਇਆ ।

ਟ

ਟਕਸਾਲ : (ਸੰਗਿਆ) 1. ਉਹ ਸਥਾਨ ਜਿਥੇ ਸਿੱਕੇ (ਰੁਪੈ) ਘੜੇ ਜਾਣ ।

2. ਪਾਠਸ਼ਾਲਾ— ਜਿਥੇ ਵਿਦਿਆ ਸੰਚਾਰ ਹੋਵੇ ।

3. ਜਿਥੇ ਇਕ ਲਿੱਪੀ ਤੋਂ ਅਨੁਵਾਦ ਕੇ (ਸੁਧ ਸ਼ਬਦ ਘੜ ਕੇ) ਦੂਜੀ ਲਿੱਪੀ ਵਿਚ ਪ੍ਰਚਾਰੇ ਜਾਣ ।

4 ਸਤਿਸੰਗ— ਜਿਥੇ ਸ਼ਬਦ ਵਿਆਖਿਆ ਤੇ ਗੁਰੂ ਮਹਿਮਾ ਨਰੀਖਣ ਹੋਵੇ ।

ਭਾਟੜਾ ਸੰਪ੍ਰਦਾਇ ਦੇ ਸੰਚਾਲਿਕ ਬਾਬਾ ਚੰਗਾਂ ਭਾਟੜਾ ਜੀ ਨੇ ਸਭ ਤੋਂ ਪਹਿਲਾਂ ਗੁਰਬਾਣੀ (ਸ੍ਰੀ ਜਪਜੀ ਸਾਹਿਬ) ਨੂੰ ਇਕ ਪੱਥਰ ਦੇ ਮਿਨਾਰ (ਥਮਲੇ) ਪਰ ਉਕਰ (ਘੜ) ਕੇ ਦੱਖਣੀ ਭਾਰਤ ਤੇ ਲੰਕਾ ਵਿਚ ਪਹਿਲ ਪ੍ਰਥਮ ਗੁਰਮਤ ਦੀ ਟਕਸਾਲ ਚਲਾਈ । ਯਥਾ ਘੜੀਐ ਸਬਦ ਸਚੀ ਟਕਸਾਲ (ਜਪ) । ਇਸ ਪ੍ਰਥਮ ਪਹਿਲ ਟਕਸਾਲ ਦੀ ਪਰੋੜਤਾ ਵਿਚ ਕੁਝ ਪ੍ਰਮਾਣ ਪੇਸ਼ ਕੀਤੇ ਜਾਂਦੇ ਹਨ।

ਯਥਾ — (1) ਏਕ ਥੱਮਲਾ ਸਵੇਤ ਪਖ਼ਾਨ ਕੇ ਉਪਰ (ਜਪਜੀ) ਸੰਗਲੀ ਭਾਸ਼ਾ ਮੇਂ ਖੋਦ ਕਰ ਗਾਡ ਦੀਆ । ੧੨੨ । ਔਰ ਗੁਰੂ ਬਾਬੇ ਕਾ ਚਲਾਇਆ

Digitized by Panjab Digital Library | www.panjabdigilib.org

ਲੰਗਰ ਭੀ ਇਹਾਂ ਵਰਤਨੇ ਲਗਾ ।੧੨੩।*

(2) ਇਥੇ ਧਰਮਸਾਲਾ ਵਿਚ ਬਾਬੇ ਜੀ ਦੀ ਚਰਨ ਪਾਦਕਾ ਦੀ ਮੱਨਤ ਹੁੰਦੀ ਹੈ। ਸੰਗਮਰਮਰ ਦੇ ਥੰਮ ਪਰ ਸਾਰਾ ਜਪੁਜੀ ਸਾਹਿਬ ਸੰਗਲੀ ਅੱਖਰਾਂ ਵਿਚ ਉਕਰਿਆ ਹੋਇਆ ਹੈ। ਚੰਗਾਂ ਨਾਮੀ ਭਾਟੜਾ ਸੇਵਕ ਨੇ ਗੁਰੂ ਜੀ ਦੀ ਸੇਵਾ ਕੀਤੀ ਸੀ।**

(3) ਇਥੇ ਉਦਾਸੀ ਮਠ ਨਾਮੀ ਧਰਮਸਾਲਾ ਬਣੀ ਹੋਈ ਹੈ ਤੇ ਬਾਬਾ ਜੀ ਦੀ ਚਰਨ ਪਾਦਕਾ ਦੀ ਮੰਨਤ ਹੁੰਦੀ ਹੈ। ਇਕ ਥੰਮ ਉਪਰ ਸਾਰਾ ਜਪਜੀ ਸਾਹਿਬ ਸੰਗਲੀ ਅੱਖਰਾਂ ਵਿਚ ਉਕਰਿਆ ਹੋਇਆ ਹੈ। ਚੰਗਾਂ ਨਾਮੀ ਭਾਟੜੇ ਗੁਰੂ ਜੀ ਦੇ ਸੇਵਕ ਨੇ ਇਹ ਸੇਵਾ ਕੀਤੀ।***

(4) ਹੁਣ ਉਸ ਜਗਾ ਉਦਾਸੀ ਮਠ ਨਾਮ ਧਰਮ ਸਾਲਾ ਬਣੀ ਹੋਈ ਹੈ। ਗੁਰੂ ਜੀ ਦੀ ਚਰਨ ਪਾਦਕਾ ਦੀ ਮੰਨਤ ਹੁੰਦੀ ਹੈ। ਇਕ ਖੰਭੇ ਉਪਰ ਸਾਰਾ ਜਪਜੀ ਸਾਹਿਬ ਸੰਗਲੀ ਅੱਖਰਾਂ ਵਿਚ ਉਕਰਿਆਂ ਹੋਇਆ ਹੈ। ਤਿੰਨ ਸੌ ਘੁਮਾਂ ਜ਼ਮੀਨ ਤੇ ਇਕ ਬਾਗ ਮਾਫੀ ਹੈ (ਪੁਨਾ) ਚੰਗਾਂ ਭਾਟੜਾ ਆਪਣੀ ਸਾਰੀ ਸੰਗਤਿ ਸਮੇਤ ਬਾਬੇ ਦਾ ਸੇਵਕ ਬਣਿਆ।†

(5) ਗੁਰੂ ਜੀ ਨੇ ਰਾਜਾ ਸ਼ਿਵਨਾਭ ਨੂੰ ਉਸ ਇਲਾਕੇ ਵਿਚ ਸਿਖੀ ਪ੍ਰਚਾਰ ਦਾ ਕੰਮ ਸੌਂਪਿਆ ਅਤੇ ਕਜਲੀ ਬੰਨ ਵਿਚ ਸਿੱਖੀ ਦਾ ਕੇਂਦਰ ਕਾਇਮ ਕਰ ਕੇ ਵਾਪਸ ਮੁੜੇ।★

(6) ਮਟੀਆ ਕਲਮ ਤੋਂ ਅਗੇ ਆ ਕੇ
ਅਠ ਮੀਲ ਉਤਰ ਵਲ ਧਾ ਕੇ
ਜੀਬਰ ਨਗਰ ਵੇਖਿਆ ਜਾਈ
ਚੰਗਾਂ ਭਾਟੜਾ ਸਿੱਧ ਰਹਾਈ
ਸ੍ਰੀ ਪ੍ਰਮੇਸਰ ਦਾ ਪ੍ਰਤਾਪ
ਜਿਤ ਗੁਰੂ ਨੇ ਦਸਿਆ ਜਾਪ
ਸਿੱਖ ਗੁਰੂ ਦਾਂ ਬੰਨਿਆ ਚੰਗਾਂ
ਚੰਗੇ ਕੰਮ ਲਗਾਇਆ ਚੰਗਾ
ਸਾਰੀ ਸੰਗਤਿ ਸਿਖੀ ਧਾਰ
ਖੁਸ਼ੀ ਗੁਰੂ ਦੀ ਲਈ ਅਪਾਰ।★★

(7) ਤਹਾ ਚੰਗੇ ਭਾਟੜੇ ਕੀ ਹੈ ਸੰਗਤਿ
ਤਾਕੇ ਨਿੱਕਟ ਸਿੱਖ ਬਹੁ ਪੰਗਤਿ
ਘਰ ਭਾਟੜਿਆ ਕੇ ਵਹੀ ਕਹਾਵੈ
ਨਿੱਤ ਪ੍ਰਤ ਸਤਿਗੁਰ ਕੇ ਗੁਨ ਗਾਵੈ।੧੫ ✠

ਪ੍ਰਸ਼ਨ — ਇਸ ਪਹਿਲੀ ਟਕਸਾਲ ਦਾ ਵਿਕਾਸ ਕਿਵੇਂ ਹੋਇਆ ?

ਉੱਤਰ — ਗੁਰੂ ਨਾਨਕ ਸਾਹਿਬ ਨੇ ਸੰ. 1478 ਬਿ. ਵਿਚ ਇਸ ਟਕਸਾਲ ਦਾ ਵਿਕਾਸ ਲੰਕਾ ਵਿਚ ਕੀਤਾ ਤੇ ਮਹਾਰਾਜਾ ਸ਼ਿਵਨਾਭ ਨੂੰ ਸਿਖੀ ਪ੍ਰਚਾਰ ਦਾ ਕੰਮ ਸੌਂਪਿਆ।

---

* ਪੜੋ ਸਿੰਗਲਾ ਦੀਪਕੀ ਰਹੁਤਾਸ।

** ਪੜੋ ਗੁਰ ਸਾਗਰ ਰਤਨ ਪ੍ਰਕਾਸ਼ ਪੰਨਾ (34)।

*** ਮੁਕੰਮਲ ਇਤਿਹਾਸ ਸੂਰਜ ਪ੍ਰਕਾਸ਼ (ਪੰਨਾ 80)।

† ਪੜੋ ਤਵਾਰੀਖ ਗੁਰੂ ਖਾਲਸਾ ਗਿ. ਗਿਆਨ ਸਿੰਘ ਪੰਨਾ (144)।

?? ਪੜੋ ਸਿਖ ਇਤਿਹਾਸ ਭਾਗ ਪਹਿਲਾ ਪ੍ਰਕਾਸ਼ਕ ਸ਼੍ਰੋਮਣੀ ਕਮੇਟੀ (ਪੰਨਾ 83)।

★★ ਪੜੋ- ਤਵਾਰੀਖ ਖਾਲਸਾ ਪੰਥ-ਸੰਤ ਸੂਰਜ ਸਿੰਘ ਗਿਆਨੀ (ਪੰਨਾ 103)।

✠ ਪੜੋ- ਮਹਿਮਾ ਪ੍ਰਕਾਸ਼ ਬਾਬਾ ਸਰੂਪ ਦਾਸ ਭਲਾਂ (ਪੰਨਾ 366)।

Digitized by Panjab Digital Library | www.panjabdigilib.org

ਟਕਸਾਲ—

ਜਗਤ ਗੁਰੂ ਨਾਨਕ ਦੇਵ ਜੀ

|

ਮਹਾਰਾਜਾ ਸ਼ਿਵਨਾਭ ਤੇ ਬਾਬਾ ਚੰਗਾ ਭਾਟੜਾ ਜੀ

|

ਸ੍ਰੀ ਤਾਰੂ ਗੁਰੂ ਜੀ (ਬਾਬਾ ਤਰਨਤਾਰਨ)

|

ਬਾਬਾ ਡਾਡੜਾ ਦਾਸ

|

ਭਾਈ ਮਾਧੋ ਜੀ (ਸੇਵਕ ਬਾਬਾ ਚੰਗਾ ਰਾਇ ਤੇ ਗੁਰੂ ਅਰਜਨ ਸਾਹਿਬ ਜੀ)

|

ਭਾਈ ਖੇਮਾ ਜੀ (ਸੇਵਕ ਗੁਰੂ ਹਰਿ ਗੋਬਿੰਦ ਸਾਹਿਬ ਜੀ)

|

ਭਾਈ ਉਦਾ ਜੀ (ਸੇਵਕ ਗੁਰੂ ਤੇਗ ਬਹਾਦਰ ਸਾਹਿਬ ਜੀ)

|

ਭਾਈ ਸੇਖਾ ਜੀ (ਸੇਵਕ ਗੁਰੂ ਗੋਬਿੰਦ ਸਿੰਘ ਜੀ)

ਇਸ ਟਕਸਾਲ ਦੇ ਅੰਤਮ ਪ੍ਰਤਾਪੀ ਭਾਈ ਸੇਖਾ ਜੀ ਗੁਰੂ ਗੋਬਿੰਦ ਸਿੰਘ ਜੀ ਦੇ (ਬਵੰਜਾ ਕਵੀਆਂ ਤੋਂ ਇਲਾਵਾ ਹੋਰ) ਕਵੀਆਂ ਵਿਚ ਸ਼ੁਮਾਰ ਸਨ * ਜਿਨ੍ਹਾਂ ਵਿਦਿਆ ਪਰ ਸਾਹਿਤ ਸੰਗ੍ਰਹਿ ਨੂੰ ਹਥੀਂ ਲਿਖਿਆ ਜਿਸ ਦਾ 9 ਮਣ ਵਜ਼ਨ ਦਸਿਆ ਜਾਂਦਾ ਹੈ। ਕਿਲਾ ਅਨੰਦਪੁਰ ਤਿਆਗਣ ਸਮੇਂ ਭਾਈ ਸੇਖਾ ਜੀ ਤੋਂ ਗੁਰੂ ਜੀ ਨੇ ਕਲਮ ਲੈ ਕੇ ਤੇਗ ਫੜਾ ਦਿਤੀ ਤੇ ਧਰਮ ਦੇਖੀਆਂ ਦੇ ਮੁਕਾਬਲੇ ਵਾਸਤੇ ਤਿਆਰ ਕੀਤਾ। ਗੁਰੂ ਜੀ ਦੇ ਕਿਲ੍ਹਾ ਛਡਣ ਸਮੇਂ ਭਾਈ ਸੇਖਾ ਜੀ ਗੁਰੂ ਜੀ ਦਾ ਪਿਛਾ ਕਰਨ ਵਾਲੇ ਦੁਸ਼ਮਣਾਂ ਨੂੰ ਰੋਕਦੇ ਰਹੇ ਅਤੇ ਅੰਤ ਲੜਦੇ ਹੋਏ ਸ਼ਹੀਦ ਹੋ ਗਏ। ਇਉਂ ਉਕਤ ਟਕਸਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਰਪ੍ਰਸਤੀ ਵਿਚ ਲੀਨ ਹੋ ਗਈ।★

ਟਾਕਪਾਲ ਗੋਤ —(ਸੰਗਿਆ): ਵੈਰੀ ਰੋਕਨ ਵਾਲਾ

* ਪੜੋ—ਸਿੱਖ ਇਤਿਹਾਸ-ਸ: ਪਿਆਰਾ ਸਿੰਘ ਪਦਮ (ਪੰਨਾ 62) ਅਤੇ ਬਿਆਨ ਸੰਤ ਹਵੇਲ ਸਿੰਘ ਨਾਮਧਾਰੀਆ।

★ ਨੋਟ— ਅਜ ਤਕ ਕਿਸੇ ਵੀ ਵਿਦਵਾਨ ਨੇ ਇਸ ਪ੍ਰਮੁਖ ਟਕਸਾਲ ਨੂੰ ਕਹਿਣ ਤੇ ਮੰਨਣ ਦਾ ਹੌਂਸਲਾ ਨਹੀਂ ਧਾਰਿਆ। ਸੋਹਲਵੀਂ ਸਦੀ ਵਿਚ ਗੁਰਬਾਣੀ ਪੰਜਾਬੀ ਅੱਖਰਾਂ ਤੋਂ ਸੰਗਲੀ ਅੱਖਰਾਂ ਵਿਚ ਉਲਥਾ ਕੇ ਦੱਖਣੀ ਭਾਰਤ ਤੇ ਲੰਕਾ ਵਿਚ ਗੁਰਮਤ ਪ੍ਰਚਾਰਨਾ ਬਾਬਾ ਚੰਗਾ ਭਾਟੜਾ ਜੀ ਦਾ ਸਭ ਤੋਂ ਪਹਿਲਾ ਤੇ ਮਹਾਨ ਉਦਮ ਸੀ। ਭਾਟੜਾ ਸੰਪ੍ਰਦਾਇ ਦੀ ਇਸ ਸ਼ੁਧ ਸਚਾਈ ਨੂੰ ਮੌਜੂਦਾ ਸੰਪ੍ਰਦਾਵਾਂ ਤਥਾ ਵਿਦਵਾਨਾਂ ਨੇ ਕੇਵਲ ਭੁਲਾਇਆ ਹੀ ਨਹੀਂ ਸਗੋਂ ਨਾਮ ਲੈਣਾ ਵੀ ਪਾਪ ਸਮਝਿਆ ਹੈ, ਨਹੀਂ ਤਾਂ ਅੱਜ ਤਕ ਇਸ ਲੁਕਾਈ ਸਚਾਈ ਨੂੰ ਸੰਸਾਰ ਸਾਹਮਣੇ ਕੋਈ ਵੀ ਵਿਦਵਾਨ ਪ੍ਰਗਟ ਕਰ ਕੇ ਜਸ ਪ੍ਰਾਪਤ ਕਰ ਸਕਦਾ ਸੀ।

Digitized by Panjab Digital Library | www.panjabdigilib.org

ਪ੍ਰਤਿਬੰਧ, ਬੰਦੋਬਸਤ, ਪ੍ਰਬੰਧ ਕਰਨ ਵਾਲਾ। ਯਥਾ, ਤਿਹ ਪ੍ਰਤਿਬੰਧ ਸੰਕਲਪ ਉਠਾਵਨ ਨ੍ਰਾਪ। ਅਰਥ ਹਨ ਹਰ ਸਮੇਂ ਯੋਗ ਪ੍ਰਬੰਧ ਕਰਨਾਂ। ਟਾਕ ਸੰਖੇਪ ਰੂਪ ਹੈ ਤੇ ਦੀਰਘ ਰੂਪ ਟਾਕਪਾਲ ਹੈ। ਇਹ ਗੋਤ ਕਈ ਬ੍ਰਾਦਰੀਆਂ ਵਿਚ ਮਿਲਦਾ ਹੈ। ਪਰ ਭਾਟੜਾ ਸੰਗਤਿ ਵਿਚ ਇਹ ਗੋਤ ਵਧੇਰੀ ਮਾਤਰਾ ਵਿਚ ਟਾਕ ਨਾਮ ਤੋਂ ਮਸ਼ਹੂਰ ਹੈ।

ਡੋਗਰ ਗੋਤ — ਰਾਜਪੂਤਾਂ ਵਿਚੋਂ ਨਿਕਲੀ ਇਕ ਸ਼ਾਖ ਜੋ ਗਾਂਈਆਂ ਮਝਾਂ ਰਖਣ ਦੇ ਆਦੀ ਸਨ। ਫਿਰੋਜ਼ਪੁਰ ਸਤਲੁਜ ਦੇ ਕਨਾਰੇ ਡੋਗਰ ਵੰਸੀ ਬਹੁਤ ਵਸਦੇ ਹਨ। ਡੋਗਰ ਸ਼ਬਦ ਦਾ ਨਿਕਾਸ ਦੁਧ ਦੋਹਨ (ਦੁਧ ਚੋਨ) ਤੋਂ ਹੋਇਆ ਹੈ। ਕੁਝ ਡੋਗਰ ਗੋਤ ਪਹਾੜਾਂ ਵਿਚ ਭੀ ਪਾਇਆ ਜਾਂਦਾ ਹੈ। ਭਾਟੜਾ ਸੰਪ੍ਰਦਾਇ ਵਿਚ ਡੋਗਰ ਗੋਤ ਜੰਮੂ-ਕਸ਼ਮੀਰ ਤੇ ਪੰਜਾਬ ਵਿਚ ਪ੍ਰਤੱਖ ਹੈ।

ਡਾਡਰਾ ਦਾਸ— ਬਾਬਾ ਡਾਡਰਾ ਦਾਸ ਜੀ ਸ੍ਰੀ ਚੰਗਾਂ ਭਾਟੜਾ ਜੀ ਦੇ ਨਾਇਬ ਚੇਲੇ ਸਨ। ਇਹਨਾਂ ਭਾਟ ਸੰਗਤਿ ਨੂੰ ਵਸਾਉਣ ਤੇ ਉਚਿਆਉਣ ਵਿਚ ਸਿਖਰਾਂ ਦਾ ਸੁਭਾਗ ਪ੍ਰਾਪਤ ਕੀਤਾ। ਪਿੰਡ ਹਲਦੌਰ (ਜ਼ਿਲ੍ਹਾ ਬਿਜਨੌਰ ਯੂ. ਪੀ.) ਵਿਖੇ ਜਿਥੇ ਗੁਰੂ ਨਾਨਕ ਜੀ ਗਏ ਸਨ ਬਾਬਾ ਜੀ ਨੇ ਉਸ ਪਵਿਤਰ ਸਥਾਨ ਦੀ ਸੇਵਾ ਸੰਭਾਲ ਆਪਣੇ ਹਥ ਲੈ ਕੇ ਗੁਰਮਤ ਪ੍ਰਚਾਰ ਅਰੰਭ ਕੀਤਾ। ਬਾਬਾ ਡਾਡੜਾ ਦਾਸ ਜੀ ਨੇ ਇਥੇ ਹੀ ਮੋਹੜੀ ਗਡ ਕੇ ਨਿਵਾਸ ਕਰ ਲਿਆ। ਸਾਰੇ ਇਲਾਕੇ ਵਿਚ ਬਾਬਾ ਡਾਡੜਾ ਦਾਸ ਜੀ ਦੇ ਸ਼ੁਭ ਉਪਦੇਸ਼ਾਂ ਦੇ ਅਸਰ ਕਾਰਨ ਇਲਾਕੇ ਦਾ ਨਾਮ ਹੀ 'ਬਾ-ਈਸੀ-ਡੱਡਰੀਆ' ਪੈ ਗਿਆ। ਇਸ ਇਲਾਕੇ ਵਿਚ ਬਿਆਸੀ ਗਾਂਮ ਗਿਣੇ ਜਾਂਦੇ ਹਨ। ਇਸ ਇਲਾਕੇ ਵਿਚ 'ਪਾਂਚ ਗਾਂਉ ਡਡੱਰੀਆ' ਅਤੇ 'ਸਾਤ ਗਾਉਂ ਡਡੱਰੀਆ' ਵੀ ਪ੍ਰਸਿਧ ਹਨ। ਬਾਬਾ ਜੀ ਕਾਫੀ ਸਮਾਂ ਸਿਖ ਧਰਮ ਦਾ ਪ੍ਰਚਾਰ ਕਰ ਕੇ ਅੰਤ ਹਲਦੌਰ ਗਾਂਮ ਵਿਚ ਹੀ ਸਮਾ ਗਏ।

ਹਲਦੌਰ ਦੇ ਇਤਿਹਾਸਕ ਗੁਰ ਅਸਥਾਨ ਦੇ ਪਿਛਲੇ ਪਾਸੇ ਵਿਰਾਨ ਬਾਗ ਵਿਚ ਬਾਬਾ ਜੀ ਦੀ ਗੁੰਬਜ ਨੁਮਾਂ ਚੂਨੇ ਗੱਚ 36 ਮੁਰੱਬਾ ਫੁੱਟ ਦੀ ਸਫੀਲਦਾਰ ਨਿੱਕੀ ਇੱਟ ਦੀ ਬਣੀ ਸਮਾਧ ਸਾਹਮਣੇ ਕੇਸਰੀ ਨਿਸ਼ਾਨ ਸੁਭਾਇਮਾਨ ਝੁੱਲ ਰਿਹਾ ਹੈ। ਬਾਬਾ ਡਾਡਰਾ ਦਾਸ ਜੀ ਦੇ ਮੁਖ ਚੇਲੇ ਸ੍ਰੀ ਸੀਲਾ ਦਾਸ ਨੇ ਇਸ ਗੁਰਅਸਥਾਨ ਤੇ ਸਮਾਧ ਨੂੰ ਮੌਜੂਦਾ ਰੂਪ ਦਿਤਾ। ਅਗੋਂ ਸੀਲਾ ਦਾਸ ਦੇ ਚੇਲੇ ਸ੍ਰੀ ਰਾਮ ਦਾਸ ਨੇ ਗੁਰਦਵਾਰਾ ਸਾਹਿਬ ਤੇ ਸਮਾਧ ਬਾਬਾ ਡਾਡਰਾ ਦਾਸ ਦੀ ਸੇਵਾ ਬੜੀ ਯੋਗਤਾ ਨਾਲ ਨਿਭਾਈ। ਇਉਂ ਪੁਸ਼ਤ ਦਰ ਪੁਸ਼ਤ ਸੇਵਾ ਅਜ ਤਕ ਚਲੀ ਆ ਰਹੀ ਹੈ। ਬਾਬਾ ਜੀ ਦੀ ਸੰਤਾਨ ਵਿਚੋਂ ਸ: ਕੰਵਰ ਸਿੰਘ ਰਠੌਰ ਅਜ ਵੀ ਹਲਦੌਰ ਗਾਂਮ ਵਿਚ ਰਹਿੰਦੇ ਹਨ।*

ਡਸਕਾ ਨਗਰ :— (ਜ਼ਿਲ੍ਹਾ ਸਿਆਲਕੋਟ ਤਾਸੀਲ ਡਸਕਾ ਦਾ ਇਕ ਸੁੰਦਰ ਕਸਬਾ)। ਇਥੇ ਪਹਿਲਾਂ ਬੋਹੜਾਂ ਹੇਠ ਬਾਬਾ ਸ੍ਰੀ ਚੰਦ ਜੀ ਕਾਫੀ ਸਮਾਂ ਬਰਾਜਦੇ ਰਹੇ। ਭਾਟ ਸੰਗਤਿ ਮਨਭਾਉਂਦੀ ਸੇਵਾ ਕਰ ਕੇ ਪ੍ਰਸੰਨ ਹੁੰਦੀ ਤੇ ਕਈਆਂ ਭਾਟ ਸਿਖਾਂ ਖਾਸ ਕਰ ਪਾੜੀਵਾਲ ਦੀ ਸੰਗਤਿ ਨੇ ਬਹੁਤੀ ਮਾਤ੍ਰਾ ਵਿਚ ਬਾਬਾ ਜੀ ਤੋਂ ਉਦਾਸੀ ਭੇਖ ਪ੍ਰਾਪਤ ਕੀਤਾ। ਇਸੇ ਅਸਥਾਨ ਤੇ ਬਾਬਾ ਸ੍ਰੀ ਚੰਦ ਤੋਂ ਬਾਅਦ ਛੇਵੇਂ ਸਤਿਗੁਰੂ ਗੁਰੂ

* ਪੜੋ—ਭਾਰਤ ਦਾ ਦੂਜਾ ਦੌਰ'-ਲੇਖਕ ਗਿ. ਮੱਖਣ ਸਿੰਘ ਮ੍ਰਿਗਿੰਦ (ਪੰਨਾ 48 ਤੇ 49)।

Digitized by Panjab Digital Library | www.panjabdigilib.org

ਹਰਿਗੋਬਿੰਦ ਜੀ ਆਣ ਵਿਰਾਜੇ ਸਨ। ਭਾਟ ਸੰਗਤਿ ਨੇ ਗੁਰੂ ਮਹਾਰਾਜ ਦੀ ਅਤਿਅੰਤ ਸੇਵਾ ਕਰ ਕੇ ਖੁਸ਼ੀ ਪ੍ਰਾਪਤ ਕੀਤੀ।

ਇਸ ਖੁਸ਼ੀ ਵਿਚ ਗੁਰੂ ਹਰਿਗੋਬਿੰਦ ਸਾਹਿਬ ਨੇ ਭਾਟ ਸਿਖਾਂ ਨੂੰ ਸ਼ਸਤਰ ਧਾਰੀ ਹੋਣ ਦਾ ਹੁਕਮ ਸੁਣਾਇਆ ਜਿਸ ਨੂੰ ਸੁਣਦਿਆਂ ਸਾਰ ਭਾਟ ਸਿਖਾਂ ਨੇ ਭਾਰੀ ਪ੍ਰਸੰਨਤਾ ਵਿਚ ਗੁਰੂ ਸਾਹਿਬਾਂ ਨੂੰ ਚੰਗੇ ਸ਼ਸਤਰ ਤੇ ਸੁੰਦਰ ਘੋੜੇ ਭੇਟਾ ਕੀਤੇ। ਨਾਲ ਹੀ ਜੰਗਾਂ ਜੁਧਾਂ ਵਿਚ ਜੂਝਣ ਲਈ ਸਿਖ ਫੌਜ ਵਿਚ ਸ਼ਾਮਲ ਹੋ ਗਏ। ਇਸ ਇਤਿਹਾਸਕ ਨਗਰ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਟ ਸਿਖਾਂ ਨੂੰ ਜੰਗੀ ਯੋਧੇ ਸਾਜ ਕੇ ਇਕ ਨਵੀਂ ਪਰੰਪਰਾ ਦਾ ਆਰੰਭ ਕੀਤਾ।

ਸੰਨ 1931 ਵਿਚ ਡਸਕੇ ਦਾ ਮੋਰਚਾ ਅੰਗਰੇਜ਼ਾਂ ਵਿਰੁਧ ਲਗਾ। ਅੰਗਰੇਜ਼ ਕਰਮਚਾਰੀਆਂ ਥਾਂ ਪਰ ਥਾਂ ਤੋਂ ਪੁਜਨ ਵਾਲੀਆਂ ਸੰਗਤਾਂ ਤੇ ਰੋਕ ਲਗਾ ਦਿਤੀ। ਇਸ ਰੋਕ ਕਾਰਨ ਸਰਦੇ ਪੁਜਦੇ ਲੋਕ ਡਰ ਨਾਲ ਇਸ ਮੋਰਚੇ ਦੀ ਦੇਖ ਰੇਖ ਲਈ ਦੜ ਵਟੀ ਬੈਠ ਸਨ। ਸਰਕਾਰ ਵਲੋਂ ਥਾਂ ਪਰ ਥਾਂ ਜ਼ੁਲਮ ਢਾਏ ਜਾ ਰਹੇ ਸਨ ਤੇ ਅਨੇਕਾਂ ਤੰਗੀਆਂ ਕਾਰਨ ਜੰਤਾ ਦੁਖੀ ਹੋ ਰਹੀ ਸੀ। ਮੋਰਚੇ ਲਈ ਬੁਲਾਈ ਕਾਨਫਰੰਸ ਦੀ ਸਟੇਜ ਖਾਲੀ ਦੇਖ ਕੇ ਗਿ: ਪ੍ਰੀਤਮ ਸਿੰਘ ਜੀ ਮਹਿਤਾਬ ਡਸਕਾ ਨਿਵਾਸੀ ਭਾਟ ਸਿਖ ਨੇ ਸਟੇਜ ਸਕੱਤਰ ਦੀ ਸੇਵਾ ਬੀਰਰਸ ਦੇ ਜੈਕਾਰਿਆਂ ਨਾਲ ਅਰੰਭ ਦਿਤੀ। ਤੁਰੰਤ ਹੀ ਪੰਡਾਲ ਗਹਿਮਾਂ-ਗਹਿਮ ਹੋ ਗਿਆ। ਸੰਗਤਾਂ ਨੂੰ ਪੰਡਾਲ ਤਕ ਲਿਆਉਣ ਵਾਸਤੇ ਭਾਟ ਸਿੰਘਾਂ ਨੇ ਜਾਨਾਂ ਹੀਲ ਕੇ ਡਸਕੇ ਦੀ ਨਹਿਰ ਪਰ ਰਾਤ ਨੂੰ ਸ਼ਤੀਰੀਆਂ ਜੋੜ ਕੇ ਪੁਲ ਬਣਾਇਆ ਜਿਸ ਉਤੋਂ ਸੰਗਤਾਂ ਪਾਰ ਲੰਘੀਆਂ ਅਤੇ ਕਾਨਫਰੰਸ ਦੀ ਰੌਣਕ ਭਰਪੂਰ ਹੋਈ। ਭਾਟ ਸੰਗਤਿ ਨੇ ਆਪਣੇ ਪਾਸੋਂ ਆਪ ਹੀ ਲੰਗਰ ਤਿਆਰ ਕਰ ਕੇ ਗੁਰੂ ਕੀਆਂ ਸੰਗਤਾਂ ਨੂੰ ਛਕਾਇਆ ਅਤੇ ਹੋਰ ਸੇਵਾ ਦਾ ਪ੍ਰਬੰਧ ਕੀਤਾ।

ਕਾਨਫਰੰਸ ਦੀ ਕਾਰਵਾਈ ਤੋਂ ਬਾਅਦ ਇਸ ਸੇਵਾ ਦੀ ਪ੍ਰਸੰਸਾ ਵਿਚ ਮਾਸਟਰ ਤਾਰਾ ਸਿੰਘ ਜੀ ਨੇ ਭਰੇ ਪੰਡਾਲ ਵਿਚ ਭਰਵੇਂ ਉਤਸ਼ਾਹ ਨਾਲ ਭਾਟ ਸੰਗਤਿ ਦੀ ਮਹਿਮਾਂ ਕਰਦਿਆਂ ਕਿਹਾ ਕਿ ਗੁਰੂ ਨਾਨਕ ਦੀ ਸਿਖੀ ਭਾਟ ਸਿਖਾਂ ਵਿਚ ਪ੍ਰਪਕ ਤੇ ਪ੍ਰਤਖ ਦੇਖੀ ਹੈ। ਨਾਲ ਹੀ ਪੰਥ ਦੇ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ ਜੀ ਨੇ ਇਸ ਨਿਰਾਲੀ ਬੀਰਤਾ ਨੂੰ ਸਨਮਾਨ ਦਿੰਦਿਆਂ ਕਿਹਾ ਕਿ ਭਾਟੜਾ ਸੰਗਤ ਪੰਥ ਦੀ ਸੱਜੀ ਬਾਂਹ ਹੈ। ਗੁਰੂ ਨਾਨਕ ਦੇ ਆਦੀ ਤੇ ਸਿਧਕੀ ਭਾਟ ਸਿਖ ਹਰ ਕੁਰਬਨੀ ਸਮੇਂ ਪੰਥ ਦੇ ਨਾਲ ਰਹੇ ਹਨ।

ਇਸ ਮੋਰਚੇ ਵਿਚ ਅਕਾਲੀ ਗੰਡਾ ਸਿੰਘ, ਗੰਡਾ ਸਿੰਘ ਕਲੇਵਰ, ਜਥੇਦਾਰ ਲੱਖਾ ਸਿੰਘ, ਕੇਸਰ ਸਿੰਘ ਘਾਗੜ ਆਦਿ ਭਾਟ ਸਿੰਘ ਜਥੇਦਾਰਾਂ ਬਰਤਾਨੀਆ ਸਰਕਾਰ ਵਿਰੁਧ ਭਾਸ਼ਨ ਦਿਤੇ ਤੇ ਕਾਰਵਾਈ ਵਿਚ ਵਧ ਚੜ੍ਹ ਕੇ ਹਿਸਾ ਲਿਆ।

ਡਸਕਾ ਕੋਟ ਦੀ ਵਾਰਤਾ— ਡਸਕਾ ਕੋਟ ਵਿਚ ਸਿਖ ਰਾਜ ਸਮੇਂ ਇਕ ਵਾਰ ਅਧੀ ਰਾਤ ਨੂੰ ਮੁਸਲਮਾਨਾਂ ਦੀ ਲੁਟੇਰੀ ਧਾੜ ਆ ਵੜੀ। ਮੁਕਾਬਲੇ ਵਿਚ ਭਾਟ ਸਿਖ ਲੁੱਟਣ ਆਏ ਲੁਟੇਰਿਆਂ ਨੂੰ ਅਗੋਂ ਕੁੱਟਣ ਡੈਹ ਪਏ ਤਾਂ ਬਹੁ ਗਿਣਤ ਧਾੜਵੀ ਟੋਲਾ ਤਿੱਤਰ-ਬਿਤਰ ਹੋ ਗਿਆ। ਪਰ ਦੋ ਡਾਕੂ ਨਸਦੇ ਜਾਂਦੇ ਭਾਟ ਸਿਖਾਂ ਨੇ ਕਾਬੂ ਕਰ ਲਏ। ਹਾਜ਼ਰ ਭਾਟੜਾ ਸੰਗਤਿ ਨੇ ਮਤਾ ਪਾਸ ਕਰ ਕੇ ਧਾੜਵੀਆਂ ਨੂੰ ਸਜ਼ਾਏ-ਮੌਤ ਸੁਣਾ ਦਿਤੀ। ਸਭ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਨੇ ਭੀ ਡਕੈਤਾਂ ਨੂੰ ਸਜ਼ਾਏ-ਮੌਤ ਹੀ ਦੇਣੀ ਹੈ।

ਇਸ ਲਈ ਉਕਤ ਫੈਸਲੇ ਅਨੁਸਾਰ ਚੜ੍ਹੇ ਦਿਨ ਆਮ ਲੋਕਾਂ ਸਾਹਮਣੇ ਰੁਖ ਨਾਲ ਰੱਸੇ ਬੰਨ ਕੇ ਦੋਵੇਂ ਡਾਕੂ ਫਾਹੇ ਲਾ ਦਿਤੇ ਗਏ। ਡਾਕੂਆਂ ਦੇ ਵਾਰਸਾਂ ਨੇ ਮਹਾਰਾਜਾ ਰਣਜੀਤ ਸਿੰਘ ਪਾਸ ਲਾਹੌਰ ਜਾ ਫਰਿਆਦ ਕੀਤੀ ਕਿ ਰਸਤੇ ਜਾਂਦਿਆਂ ਬੇ-ਦੋਸੇ ਸਾਡੇ ਦੋ ਬੰਦਿਆਂ ਨੂੰ ਪਕੜ ਕੇ ਡਸਕਾ ਕੋਟ ਵਾਲਿਆਂ ਫਾਹੇ ਲਾ ਦਿਤਾ ਹੈ।

Digitized by Panjab Digital Library | www.panjabdigilib.org

ਮਹਾਰਾਜਾ ਸਾਹਿਬ ਨੇ ਸਰਕਾਰੀ ਕਰਮਚਾਰੀ ਭੇਜ ਕੇ ਡਸਕਾ ਕੋਟ ਦੀ ਭਾਟ ਸੰਗਤ ਨੂੰ ਲਾਹੌਰ ਦਰਬਾਰ ਵਿਖੇ ਹਾਜਰ ਹੋਣ ਦਾ ਹੁਕਮ ਦਿਤਾ। ਹੁਕਮ ਸੁਣਦਿਆਂ ਸਾਰ ਡਸਕਾ ਕੋਟ ਤੇ ਇਲਾਕੇ ਦੇ ਭਾਟ ਸਿੰਘ ਲਾਹੌਰ ਵਿਚ ਮੋਚੀ ਦਰਵਾਜ਼ੇ ਪਾਸ ਆ ਇਕਠੇ ਹੋਏ। ਰਾਤ ਪੈਣ ਤੇ ਸੋਦਰ ਦਾ ਦਿਵਾਨ ਲਾਇਆ ਅਤੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਅਨੰਦਮਈ ਕੀਰਤਨ ਦਾ ਅਰੰਭ ਹੋਇਆ।

ਇਸ ਸਮੇਂ ਇਕ ਅਜਬ ਘਟਨਾ ਬੀਤੀ। ਰੱਬੀ ਕੀਰਤਨ ਦੀਆਂ ਪ੍ਰੇਮ ਧਨਾਂ ਸੁਣ ਕੇ ਮਹਾਰਾਜਾ ਸਾਹਿਬ ਸਾਦੇ ਲਿਬਾਸ ਵਿਚ ਦਿਵਾਨ ਵਿਚ ਆ ਪਰਵੇਸ਼ ਹੋਏ। ਕੀਰਤਨ ਸਮਾਪਤੀ ਉਪਰੰਤ ਅਰਦਾਸਾ ਸੋਧਿਆ ਗਿਆ।

ਭਾਟ ਸਿਖਾਂ ਨੇ ਅਰਦਾਸੇ ਸਮੇਂ ਬੀਤੇ ਕਾਰੇ ਦਾ ਵੇਰਵਾ ਦਸਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਸਫਲਤਾ ਮੰਗੀ ਅਤੇ ਨਾਲ ਹੀ ਖਾਲਸਾ ਰਾਜ ਤੇ ਸਿਖ ਧਰਮ ਦੀ ਦੂਣ ਸਵਾਈ ਕਲਾ ਵਾਸਤੇ ਸਰਬਤ ਸੰਗਤਿ ਨੇ ਗੁਰੂ ਚਰਨਾਂ ਵਿਚ ਅਰਜੋਈ ਕੀਤੀ। ਪ੍ਰਸਾਦਿ ਵਰਤਾ ਕੇ ਭਾਟ ਸੰਗਤਿ ਨੇ ਇਸ ਜੱਟਕੇ ਭੇਸ ਵਾਲੇ ਸਿਖ ਤੋਂ ਪੁਛਿਆ ਕਿ ਰਾਜਾ ਰਣਜੀਤ ਸਿੰਘ ਆਪਣੇ ਦਰਬਾਰ ਵਿਚ ਫਰਿਯਾਦਾਂ ਕਿਸ ਵਕਤ ਸੁਣਦੇ ਹਨ। ਅਗੋਂ ਸਾਦੇ ਲਿਬਾਸ ਵਾਲੇ ਪੁਰਸ਼ ਨੇ ਪੁਛਿਆ ਕਿ ਭਾਈ ਖਾਲਸਾ ਜੀ ਤੁਸਾਂ ਕਾਹਦੀ ਫਰਿਯਾਦ ਕਰਨੀ ਹੈ ਤਾਂ ਭਾਟ ਸੰਗਤਿ ਨੇ ਉਕਤ ਸਾਰਾ ਬਿਰਤਾਂਤ ਸੁਣਾ ਦਿਤਾ।

ਇਸ ਬਿਰਤਾਂਤ ਨੂੰ ਸੁਣ ਕੇ ਮਹਾਰਾਜਾ ਬੜੇ ਪ੍ਰਸੰਨ ਹੋਕੇ ਕਹਿਣ ਲਗੇ ਕਿ ਇਹ ਰਾਜ ਰਣਜੀਤ ਸਿੰਘ ਦਾ ਨਹੀਂ ਬਲਕਿ ਗੁਰੂ ਪੰਥ ਦਾ ਹੈ। ਪੰਥ ਦਾ ਕੀਤਾ ਫੈਸਲਾ ਲਾਹੌਰ ਦਰਬਾਰ ਵਿਚ ਪ੍ਰਵਾਨ ਹੋਵੇਗਾ ਕਹਿੰਦਿਆਂ ਮਹਾਰਾਜ ਨੇ ਚਾਦਰ ਦਾ ਮੁਦਾਸਾ ਲਾਹ ਦਿਤਾ ਤਾਂ ਸਾਰੀ ਭਾਟ ਸੰਗਤਿ ਪ੍ਰਸੰਨ ਹੋ ਗਈ ਤੇ ਨਾਲ ਹੀ ਪਛਤਾਵਾ ਕੀਤਾ ਕਿ ਮਹਾਰਾਜਾ ਸਾਹਿਬ ਦਾ ਕੋਈ ਸਨਮਾਨ ਨਹੀਂ ਕਰ ਸਕੇ।

ਇਸ ਅਚਾਨਕ ਘਟਨਾ ਤੋਂ ਬਾਦ ਸ਼ੇਰੇ ਪੰਜਾਬ ਨੇ ਉਚੇ ਸਨਮਾਨ ਤੇ ਭਾਰੀ ਪ੍ਰਸੰਨਤਾ ਵਿਚ ਇਕ ਤਾਂਬੇ ਦੇ ਪਟੇ ਉਪਰ ਹੇਠ ਲਿਖੇ ਰਾਜ ਅਧਿਕਾਰ ਭਾਟ ਸੰਗਤ ਨੂੰ ਲਿਖ ਕੇ ਦਿਤੇ—

*1. ਸਤ ਖੂਹਾਂ ਦੀ ਜ਼ਮੀਨ ਭਾਟੜਾ ਸੰਗਤਿ ਨੂੰ ਕਿਰਸਾਨੀ ਵਾਸਤੇ ਦਿਤੀ।

2. ਰਾਤ ਸਮੇਂ ਭਾਟ ਸੰਗਤਿ ਦੇ ਮੁਖੀਆਂ ਦੀ ਮਨਜ਼ੂਰੀ ਤੋਂ ਬਿਨਾਂ ਡਸਕਾ ਕੋਟ ਵਿਚੋਂ ਕਿਸੇ ਗੈਰ ਬੰਦੇ ਦੇ ਲੰਘਣ ਤੇ ਰੋਕ ਲਗਾ ਦਿਤੀ।

3. ਬਿਨਾਂ ਮਨਜ਼ੂਰੀ ਆਏ ਗੈਰਾਂ ਨੂੰ ਭਾਟ ਸੰਗਤਿ ਵਲੋਂ ਦਿਤੀ ਸਜ਼ਾ ਲਾਹੌਰ ਦਰਬਾਰ ਵਿਚ ਪ੍ਰਵਾਨ ਕਰਾਰ ਦੇ ਦਿਤੀ।

4. ਲਾਹੌਰ ਦਰਬਾਰ ਵਲੋਂ ਭਾਟੜਾ ਸੰਗਤਿ ਨਾਲ ਸਾਂਝ ਰਖਣ ਹਿਤ ਮੋਚੀ ਦਰਵਾਜ਼ਾ ਲਾਹੌਰ ਪਾਸ ਜਿਥੇ ਸੰਗਤਿ ਦਿਵਾਨ ਸਜਾ ਕੇ ਬੈਠੀ ਸੀ ਉਹ ਸਾਰੀ ਥਾਂ ਭਾਟੜਾ ਸੰਪ੍ਰਦਾਇ ਨੂੰ ਗੁਰਦਵਾਰਾ ਬਨਾਉਣ ਵਾਸਤੇ ਦੇ ਦਿਤੀ ਗਈ।

ਇਹ ਇਤਿਹਾਸਕ ਸਥਾਨ 1947 ਤਕ ਭਾਟ ਸੰਗਤ ਦੇ ਪ੍ਰਬੰਧ ਹੇਠ ਸੀ।

*ਨੋਟ— ਇਹ ਤਾਂਬੇ ਦਾ ਪਟਾ ਭਾਈ ਮੰਗਲ ਸਿੰਘ ਪਾਸੋਂ ਡਸਕਾ ਕੋਟ ਦੇ ਜੱਟਾਂ ਨੇ ਦੇਖਣ ਦੇ ਬਹਾਨੇ ਧੋਖੇ ਨਾਲ ਲਿਆ ਤੇ ਮੁੜ ਵਾਪਸ ਨਹੀਂ ਦਿਤਾ। ਅਖੀਰ ਸਰਕਾਰੀ ਕਰਮਚਾਰੀਆਂ ਨੂੰ ਵਢੀ ਦੇ ਕੇ ਪਟਾ ਤੇ ਸਾਰੀ ਜ਼ਮੀਨ ਜੱਟਾਂ ਆਪਣੇ ਨਾਮ ਕਰਾ ਲਈ। ਹਵਾਲੇ ਲਈ ਪੜੋ ਭਾਟ ਪ੍ਰਕਾਸ਼ ਗ੍ਰੰਥ-ਗਿ. ਗੁਰਮੁਖ ਸਿੰਘ, ਬਿਆਨ ਬਾਬਾ ਗੰਡਾ ਸਿੰਘ ਕਲੇਵਰ ਤੇ ਇਤਿਹਾਸਕ ਤ੍ਰਿਬੈਣੀ ਗ੍ਰੰਥ—ਗਿ. ਮੱਖਣ ਸਿੰਘ ਮ੍ਰਿਗਿੰਦ।

Digitized by Panjab Digital Library | www.panjabdigilib.org



ਤਾਰਾ ਸਿੰਘ ਰਾਗੀ— ਭਾਈ ਤਾਰਾ ਸਿੰਘ ਜੀ ਭਾਟੜਾ ਸੰਪ੍ਰਦਾਇ ਵਿਚੋਂ ਟਾਕਪਾਲ ਗੋਤੀ ਤੇ ਅੰਮ੍ਰਿਤਸਰ ਦੇ ਵਸਨੀਕ ਸਨ। ਇਨ੍ਹਾਂ ਅਨੇਕਾਂ ਰਾਗ ਸਮੇਲਨਾਂ ਵਿਚ ਸਿਰੋਪਾ ਤੇ ਇਨਾਮ ਪ੍ਰਾਪਤ ਕੀਤੇ। ਆਪ ਰਾਗ ਵਿਦਿਆ ਦੇ ਮਹਾਨ ਉਸਰਈਏ ਤੇ ਸੰਗੀਤ ਸਮਰਾਟ ਮੰਨੇ ਜਾਂਦੇ ਸਨ। ਆਪ ਗੁਰਬਾਣੀ ਦੇ ਮਾਹਿਰ ਖੋਜੀ ਵਿਦਵਾਨ ਸਨ ਤੇ ਕਾਫ਼ੀ ਸਮਾਂ ਗੁਰਦਵਾਰਾ ਬਾਬੇ ਦੀ ਬੇਰ ਸਿਆਲਕੋਟ ਦੇ ਹੈਡ ਗ੍ਰੰਥੀ ਰਹੇ। ਸੰਨ 1909 ਈ. ਵਿਚ ਅਲਹਾਬਾਦ ਪਲਟਨ ਨੰਬਰ 48 ਵਿਚ ਗ੍ਰੰਥੀ ਨਿਯੁਕਤ ਹੋਏ।

ਜਦ ਜਾਰਜ ਪੰਚਮ ਨੇ ਦਿੱਲੀ ਵਿਖੇ ਸ਼ਾਹੀ ਦਰਬਾਰ ਕਰ ਕੇ ਪੰਡਤਾਂ, ਪਾਦਰੀਆਂ, ਮੌਲਵੀਆਂ ਤੇ ਗ੍ਰੰਥੀਆਂ ਤੋਂ ਆਪੋ ਆਪਣੇ ਧਰਮ ਦੀ ਵਿਆਖਿਆ ਸੁਣਨੀ ਚਾਹੀ ਤਾਂ ਭਾਈ ਤਾਰਾ ਸਿੰਘ ਜੀ ਨੇ ਸਿਖ ਧਰਮ ਦੀ ਵਿਆਖਿਆ ਕੀਤੀ ਤੇ ਸ਼ਾਹੀ ਸਨਮਾਨ ਦਾ ਅਵੱਲ ਦਰਜਾ ਪ੍ਰਾਪਰ ਕੀਤਾ। ਇਸ ਸਨਮਾਨ ਵਿਚ ਰਿਆਸਤ ਪਟਿਆਲਾ ਵਲੋਂ ਸ੍ਰੀ ਸਾਹਿਬ ਭੇਟ ਹੋਈ। ਲ਼ਾਟ ਹਾਰਡਿੰਗ ਨੇ ਉਚੇਚ ਨਾਲ ਭਾਈ ਤਾਰਾ ਸਿੰਘ ਨਾਲ ਇਕ ਸੁੰਦਰ ਫੋਟੋ ਖਿਚਵਾਈ। ਸੰਨ 1935 ਈ. ਵਿਚ ਆਪ ਨੇ ਬਰਮਾ, ਮਲਾਇਆ, ਜਾਵਾ, ਹਿੰਦ ਚੀਨ ਆਦਿ ਦੇਸ਼ਾਂ ਵਿਚ ਗੁਰਕੀਰਤਨ ਰਾਹੀਂ ਸਿਖ ਧਰਮ ਦਾ ਪ੍ਰਚਾਰ ਕੀਤਾ। ਆਪ ਕਾਫ਼ੀ ਸਮਾਂ ਸੰਤ ਭੂਰੀ ਵਾਲਿਆਂ ਨਾਲ ਸ੍ਰੀ ਤਰਨਤਾਰਨ, ਸ੍ਰੀ ਦਮਦਮਾ ਤਲਵੰਡੀ, ਸ੍ਰੀ ਫਤਹਿਗੜ੍ਹ ਸਾਹਿਬ, ਸ੍ਰੀ ਅਟਾਰੀ ਸਾਹਿਬ ਅਤੇ ਦਿੱਲੀ-ਬੰਬਈ ਆਦਿ ਸਥਾਨਾਂ ਪਰ ਧਰਮ ਪ੍ਰਚਾਰ ਤੇ ਗੁਰਬਾਣੀ ਦਾ ਕੀਰਤਨ ਕਰਦੇ ਰਹੇ। ਅੰਤ 1944 ਈ. ਨੂੰ ਸ੍ਰੀ ਅੰਮ੍ਰਿਤਸਰ ਵਿਖੇ ਅਚਾਨਕ ਪ੍ਰਲੋਕ ਪਿਆਨਾ ਕਰ ਗਏ।

ਤਾਰੂ ਗੁਰੂ ਜੀ— ਸ੍ਰੀ ਬਾਬਾ ਤਰਨ ਤਾਰਨ ਭਾਟੜਾ ਸੰਪ੍ਰਦਾਇ ਵਿਚੋਂ ਰਾਠੌਰ ਵੰਸੀ ਤੇ ਬਾਬਾ ਚੰਗਾਂ ਭਾਟੜਾ ਜੀ ਦੇ ਮੁਖ ਚੇਲੇ ਸਨ। ਇਨ੍ਹਾਂ ਦਾ ਭਜਨ ਅਸਥਾਨ ਪਿੰਡ ਬਸੇਰਾ (ਜ਼ਿਲ੍ਹਾ ਬਿਜਨੌਰ ਯੂ. ਪੀ.) ਵਿਚ ਹੈ। ਬਾਬਾ ਜੀ ਦੇ ਇਸ ਗੁੰਬਜ ਨੁਮਾਂ ਮੰਦਰ ਪਰ ਹਰ ਐਤਵਾਰ ਨੂੰ ਮਲ਼ੀਦਾ (ਰੋਟ) ਤਥਾ ਕੜ੍ਹਾਹ ਪ੍ਰਸਾਦਿ ਸੰਗਤਾਂ ਵੰਡਦੀਆਂ ਹਨ ਅਤੇ ਅਤੂਟ ਲੰਗਰ ਚਲਦੇ ਹਨ।

ਇਸ ਮੰਦਰ ਨਾਲ ਗਿਰਦ ਨਿਵਾਂ ਪੰਜਾਹ ਘੁਮਾਂ ਜ਼ਮੀਨ ਸੀ ਜੋ ਭਾਟ ਸੰਗਤ ਦੇ ਹੀ ਝਬਲ, ਔਲਫ ਤੇ ਸੁਲਫਾ ਨਾਮੀ ਖੁਦਗਰਜ਼ ਬੰਦੇਆਂ ਨੇ ਤਾਜਪੁਰ ਸਟੇਟ ਦੇ ਰਾਜਾ ਹਰੀ ਨਾਥ ਰਿੱਖੀ ਦੀ ਚੁਕ ਨਾਲ ਜਬਰਨ ਕਬਜ਼ੇ ਕਰ ਲਈ ਤੇ ਬਾਬਾ ਜੀ ਦੇ ਉਤਮ ਉਪਦੇਸ਼ ਦੀ ਜਾਗ੍ਰਤ ਲਹਿਰ ਨੂੰ ਦਬਾ ਦਿਤਾ। ਦੋਖੀਆਂ ਨੇ ਸੁੰਨ ਸਮਾਧੀ ਵਿਚ ਰਾਜ ਭਾਗ ਪ੍ਰਾਪਤ ਕਰਨ ਬੈਠੇ ਬਾਬਾ ਜੀ ਨੂੰ ਅਗਨੀ ਪ੍ਰਜਵਲਤ ਕਰ ਦਿਤਾ। ਬਾਬਾ ਜੀ ਝੁਲਸੇ ਸਰੀਰ ਨਾਲ ਹੀ ਹਰਦੁਆਰ ਪੁਜ ਗਏ ਤੇ ਬਚਨ ਕੀਤਾ ਕਿ ਮੈਂ ਤਾਂ ਸੰਗਤਿ ਨੂੰ ਰਾਜ ਦਿਵਾਣਾ ਚਾਹੁੰਦਾ ਸੀ ਪਰ ਸੰਗਤਿ ਨੇ ਉਲਟਾ ਮੈਨੂੰ ਹੀ ਸਾੜ ਦਿਤਾ ਹੈ, ਇਸ ਲਈ ਹੁਣ ਇਹ ਆਪ ਭਟਕਦੀ ਫਿਰੇਗੀ।*

ਇਤਨਾ ਆਖ ਬਾਬਾ ਜੀ ਹਰਦੁਆਰ ਵਿਚ ਕਾਲਕਾ ਰੋਡ ਵਿਖੇ ਇਕ ਬੋਹੜ ਹੇਠ ਸਮਾ ਗਏ। ਉਥੇ ਹੀ ਬਾਬਾ ਜੀ ਦੇ ਸੇਵਕ ਸ਼ਰਧਾਲੂਆਂ ਨੇ ਸੰਸਕਾਰ ਕਰ 'ਧਰਮਸਾਲ ਬਾਬਾ ਤਰਨ ਤਾਰਨ' ਬਣਾ ਦਿਤੀ ਜੋ ਹੁਣ

* ਵਿਆਨ ਬਾਬਾ ਗੰਡਾ ਸਿੰਘ ਕਲੇਵਰ

Digitized by Panjab Digital Library | www.panjabdigilib.org

ਤਕ ਮੌਜੂਦ ਹੈ।

ਬਾਦ ਵਿਚ ਬਸੇਰੇ ਦੀ ਧਰਤੀ ਜੋ ਤਾਰੂ ਗੁਰੂ ਜੀ ਦੇ ਮੰਦਰ ਨਾਲ ਸੀ ਰਾਜੇ ਨੇ ਪਟਾ ਲਿਖ ਕੇ ਝਬਲ, ਔਲਫ ਤੇ ਸੁਲਫੇ ਨੂੰ ਦੇ ਦਿਤੀ। ਕਿਉਂਕਿ ਰਾਜਾ ਸ੍ਰੀ ਬਾਬਾ ਜੀ ਨੂੰ ਜੋ ਸੰਗਤਿ ਵਾਸਤੇ ਰਾਜ ਭਾਗ ਚਾਹੁੰਦੇ ਸਨ ਬਾਗੀ ਸਮਝਦਾ ਸੀ। ਇਸ ਜ਼ਮੀਨ ਦਾ ਬਾਅਦ ਵਿਚ ਸੁਲਫੇ ਦੀ ਸੰਤਾਨ ਤੋਂ ਆਫ਼ਤਾਬ ਸਿੰਘ ਤੇ ਰਾਮ ਸਿੰਘ ਜ਼ਿਮੀਦਾਰ ਨੇ ਤਾਜਪੁਰ ਦੇ ਰਾਜਾ ਸੁਨਾਰ ਸਿੰਘ ਤੋਂ ਕਬਜ਼ਾ ਲਿਆ।

ਸੰਨ 1935 ਵਿਚ ਕਾਲਾਦਾਸ ਪੁਤਰ ਕੁਜਨਾ ਨੇ ਕੁੜਵਾ ਰਵੀਦਾਸੀਏ ਪਾਸ ਉਕਤ ਜ਼ਮੀਨ ਵੇਚ ਦਿਤੀ ਤਾਂ ਨਵੇਂ ਮਾਲਕਾਂ ਨੇ ਸ੍ਰੀ ਬਾਬਾ ਜੀ ਦਾ ਮੰਦਰ ਢਾਹ ਦਿਤਾ। ਪਿੰਡ ਦੀ ਸੰਗਤਿ ਨੇ ਉਹ ਨਿੱਕੀਆਂ ਇਟਾਂ ਲੈ ਕੇ ਸ੍ਰੀ ਬਾਬਾ ਤਰਨਤਾਰਨ ਦੀ ਯਾਦ ਵਜੋਂ ਗੁਰਦਵਾਰਾ ਸਿੰਘ ਸਭਾ ਬਸੇਰਾ ਬਣਾ ਦਿਤਾ।

ਬਾਬਾ ਜੀ ਦਾ ਦੂਸਰਾ ਸਥਾਨ ਪਿੰਡ ਤਿੱਬੜ ਜ਼ਿਲ੍ਹਾ ਗੁਰਦਾਸਪੁਰ ਵਿਚ ਹੈ। ਤੀਜਾ ਯਾਦਗਾਰੀ ਸਥਾਨ ਪਿੰਡ ਭਾਡੇਵਾਲਾ ਜ਼ਿਲ੍ਹਾ ਸਿਆਲਕੋਟ ਵਿਖੇ ਸੀ ਜਿਥੇ ਪੁਰਾਣੇ ਸਮੇਂ ਤੋਂ ਬਾਬਾ ਜੀ ਦੀ ਸਮਾਧ ਤੇ ਆਮ ਸ਼ਰਧਾਲੂ ਪੱਕਾ ਪਕਵਾਨ, ਰੋਟ, ਪਤਾਸੇ ਅਤੇ ਕੜਾਹ ਪ੍ਰਸ਼ਾਦਿ ਵੰਡਦੇ ਤੇ ਨਮਸਕਾਰ ਕਰਦੇ ਸੀ। ਇਸੇ ਪਵਿਤਰ ਸਥਾਨ ਪਰ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਵਸ ਅਤੇ ਨਿਮਾਨੀ ਇਕਾਦਸ਼ੀ ਨੂੰ ਭਾਟੜਾ ਸੰਗਤਿ ਵਲੋਂ ਛਬੀਲਾਂ ਲਾਂਦੀਆਂ ਜਾਂਦੀਆਂ ਸਨ। ਦਿਵਾਲੀ ਪੁਰਬ ਸਮੇਂ ਦਿਵਾਨ ਸਜਾ ਕੇ ਦੀਪਮਾਲਾ ਕਤੀ ਜਾਂਦੀ ਸੀ।* ਭਾਰੀ ਗਿਣਤੀ ਵਿਚ ਸ੍ਰੀ ਬਾਬਾ ਜੀ ਦੀ ਯਾਦ ਵਿਚ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਂਦੀਆਂ ਸਨ।

1947 ਦੇ ਦੇਸ਼ ਬਟਵਾਰੇ ਤੋਂ ਬਾਦ ਭਾਟ ਸੰਗਤਿ ਨੇ ਮਹੱਲਾ ਸੰਗਤਪੁਰਾ ਲੁਧਿਆਣਾ ਵਿਖੇ ਸ੍ਰੀ ਤਾਰੂ ਗੁਰੂ ਜੀ ਦੀ ਯਾਦ ਵਿਚ ਸਮਾਧ ਸਥਾਪਨ ਕੀਤੀ।

ਤ੍ਰਿਚਨਾਪੱਲੀ— ਸੂਬਾ ਤਾਮਿਲਨਾਡੂ (ਮਦਰਾਸ) ਦਾ ਇਕ ਪ੍ਰਸਿਧ ਤੀਰਥ ਸਥਾਨ ਹੈ। ਗੁਰੂ ਨਾਨਕ ਜੀ ਲੰਕਾ ਤੋਂ ਵਾਪਸੀ ਸਮੇਂ ਰਾਮੇਸ਼ਵਰ ਮੰਦਰ ਤੋਂ ਫਿਰਦੇ ਜਦ ਇਥੇ ਆਏ ਤਾਂ ਉਸ ਸਮੇਂ ਤ੍ਰਿਵਨ ਨਾਮੀ ਮਠ ਆਣ ਉਤਰੇ। ਇਹ ਅਸਥਾਨ ਤ੍ਰਿਵਨ ਕਾਵੇਰੀ ਦਰਿਆ ਦੇ ਕਿਨਾਰੇ ਅਬਾਦ ਹੈ। ਇਥੇ ਜੋਗਮਤ ਦੇ ਪ੍ਰਚਾਰਕ ਭਰਥਰੀ ਨਾਥ ਨੂੰ ਜਦ ਨਾਨਕ ਸੁਆਮੀ ਨੇ ਸ਼ਬਦ ਗਿਆਨ ਨਾਲ ਸੁਮਾਰਗੇ ਪਾਇਆ ਤਾਂ ਸਾਰੇ ਜੋਗੀ ਗੁਰੂ ਜੀ ਨੂੰ ਨਾਨਕ ਨਾਥ ਮੰਨ ਕੇ ਗੁਰੂ ਕੋਸਾਂ ਦੀ ਪੂਜਾ ਕਰਨ ਲਗ।

ਕੁਝ ਸਮੇਂ ਬਾਅਦ ਜਦ ਇਹ ਸਾਧ ਫਿਰ ਹੰਕਾਰੀ ਬਣ ਗਏ ਤਾਂ ਬਾਬਾ ਚੰਗਾ ਭਾਟੜਾ ਜੀ ਨੇ ਗੁਰੂ ਸ਼ਬਦ ਨਾਲ ਜੋਗੀਆਂ ਤੋਂ ਵਿਜੈ ਪ੍ਰਾਪਤ ਕਰ ਤ੍ਰਿਚਨਾਪੱਲੀ ਦੇ ਤ੍ਰਿਵਨ ਮਠ ਵਿਖੇ ਗੁਰੂ ਮੰਦਰ ਉਸਾਰ ਕੇ ਗੁਰੂ ਨਾਨਕ ਦੀ ਮੂਰਤੀ ਥਾਪ ਦਿਤੀ। ਦੀਬਰ ਨਗਰ ਲੰਕਾ ਵਾਲਾ ਸਫੈਦ ਪੱਥਰ ਜੋ ਸੰਗਲੀ ਅਖਰਾਂ ਵਿਚ ਉਕਰਾਇਆ ਸੀ ਇਥੇ ਲਿਆ ਕੇ ਅਸਥਾਪਨ ਕਰ ਦਿਤਾ ਤੇ ਗੁਰਮਤ ਪ੍ਰਚਾਰ ਨੂੰ ਸਾਕਾਰ ਕਰਨ ਲਈ ਭਾਟੜਾ ਸੰਪ੍ਰਦਾਇ ਨੂੰ ਜਥੇਬੰਦ ਕੀਤਾ।

ਸੰਗਤਿ ਦੀ ਸਾਂਝੀ ਪੰਗਤਿ ਅੰਦਰ ਹਰ ਰੋਜ਼ ਲੰਗਰ ਵਿਚ ਬੀਸਮਣ ਲੂਣ ਇਥੇ ਵੀ ਵਰਤਦਾ ਰਿਹਾ। ਬਾਬਾ ਚੰਗਾ ਭਾਟੜਾ ਜੀ ਤੋਂ ਬਾਅਦ ਸਮੇਂ ਦੇ ਫੇਰ

★ ਨੋਟ—ਮੌਜੂਦਾ ਸਮੇਂ ਸ੍ਰੀ ਤਾਰੂ ਗੁਰੂ ਦੀ ਸੰਤਾਨ ਵਿਚੋਂ ਸ: ਜੰਗ ਬਹਾਦਰ ਰਠੌਰ ਪਿੰਡ ਬਸੇਰਾ ਵਿਚ ਆਬਾਦ ਹਨ।

† ਪੜੋ—ਭਾਰਤ ਦਾ ਦੂਜਾ ਦੌਰਾ (ਪੰਨਾ 44 ਤੇ 45)।

* ਬਿਆਨ ਭੰਗਆਨੀ ਗੁਰਮੁਖ ਸਿੰਘ ਜੀ ਡਸਕਾ।

Digitized by Panjab Digital Library | www.panjabdigilib.org

ਨਾਲ ਇਥੇ ਫਿਰ ਉਦਾਸੀ ਸੰਤ ਆਣ ਬਿਰਾਜੇ। ਪਰ ਭਾਟੜਾ ਸੰਗਤਿ ਦਾ ਚਲਾਇਆ ਲੰਗਰ ਜਿਉਂ ਦਾ ਤਿਉਂ ਵਰਤਦਾ ਰਿਹਾ ਤੇ ਇਸ ਅਸਥਾਨ ਦਾ ਨਾਮ 'ਗੁਰੂ ਨਾਨਕ ਉਦਾਸ ਮਠ' ਪ੍ਰਚਲਤ ਹੋਇਆ। ਸਮੇਂ ਦੀ ਪਲਸੇਟ ਨਾਲ ਇਥੇ ਉਦਾਸੀ ਸੰਤ ਘਟ ਗਏ ਤੇ ਬੈਰਾਗੀਆਂ ਦਾ ਜ਼ੋਰ ਹੋ ਗਿਆ। ਮਠ ਦੇ ਅਧਿਕਾਰ ਦੇ ਲਾਲਚ ਕਾਰਨ ਉਦਾਸੀ ਸੰਤਾਂ ਅਤੇ ਬੈਰਾਗੀਆਂ ਵਿਚਕਾਰ ਇਕ ਜ਼ੋਰ ਦੀ ਲੜਾਈ ਵੇਲੇ ਭਾਰੀ ਨੁਕਸਾਨ ਹੋਇਆ। ਇਸ ਲੜਾਈ ਵਿਚ ਉਹ ਬਹੁਮੁੱਲਾ ਪੱਥਰ ਜਿਸ ਪਰ ਪ੍ਰਥਮ ਪਹਿਲ ਗੁਰੂ ਨਾਨਕ ਦੀ ਬਾਣੀ ਉਕਰਾ ਕੇ ਬਾਬਾ ਚੰਗਾ ਜੀ ਨੇ ਸੁਰੱਖਿਅਤ ਕੀਤੀ ਸੀ ਨਸ਼ਟ ਹੋ ਗਿਆ।

ਇਸ ਅਧਿਕਾਰ ਯੁਧ ਵਿਚ ਵਿਰੋਧੀ ਬੈਰਾਗੀਆਂ ਨੇ ਉਹ ਸ਼ਿਲਾ ਤੋੜ ਫੋੜ ਕੇ ਕਾਵੇਰੀ ਦਰਿਆ ਵਿਚ ਸੁੱਟ ਕੇ ਸਦਾ ਲਈ ਉਸ ਦਾ ਨਿਸ਼ਾਨ ਮਿਟਾ ਦਿਤਾ। ਇਸ ਸ਼ਿਲਾਲੇਖ ਦੇ ਨਸ਼ਟ ਹੋਣ ਕਾਰਨ ਸਿਖ ਜਗਤ ਨੂੰ ਭਾਰੀ ਘਾਟਾ ਹੋਇਆ ਜੋ ਕਦੇ ਵੀ ਪੂਰਾ ਨਹੀਂ ਹੋ ਸਕਦਾ। * (ਦੇਖੋ ਟਕਸਾਲ)

ਥਰਾਜ ਸਿੰਘ ਸ਼ਹੀਦ— ਸ਼ਹੀਦ ਬਾਬਾ ਥਰਾਜ ਸਿੰਘ ਭਾਟੜਾ ਸੰਪ੍ਰਦਾਇ ਵਿਚੋਂ ਰਠੌਰ ਵੰਸੀ ਬਾਬਾ ਅਮਰ ਸਿੰਘ ਜੀ ਦੇ ਸਪੁਤਰ ਅਤੇ ਬਾਬਾ ਘਾਇਲ ਸਾਹਿਬ ਜੀ ਦੇ ਪੋਤਰੇ ਨਾਰੋਵਾਲ ਜ਼ਿਲ੍ਹਾ ਸਿਆਲਕੋਟ ਦੇ ਵਸਨੀਕ ਸਨ। ਬਾਬਾ ਥਰਾਜ ਸਿੰਘ ਦਾ ਜ਼ਿਕਰ ਪੰਥ ਮੁਖੀਏ ਜੋਧਿਆਂ ਵਿਚ ਇਉਂ ਲਿਖਿਆ ਮਿਲਦਾ ਹੈ। ਯਥਾ... ਦਰਬਾਰਾ ਸਿੰਘ ਦਿਵਾਨ, ਸੰਗਤ ਸਿੰਘ ਖਜਾਨਚੀ, ਹਰੀ ਸਿੰਘ ਲਾਂਗਰੀ, ਭਗਤ ਸਿੰਘ ਮੋਦੀ, ਬੁੜਾ ਸਿੰਘ ਢੇਸੀ, ਹਰਦਿੱਤ ਸਿੰਘ ਗਰਜਾ ਸਿੰਘ, ਸੱਜਨ ਸਿੰਘ, ਈਸ਼ਰ ਸਿੰਘ, ਗਿਆਨ ਸਿੰਘ, ਸਾਧੂ ਸਿੰਘ, ਦੇਵਾ ਸਿੰਘ, ਨਵਾਬ ਕਪੂਰ ਸਿੰਘ ਹਰੀ ਸਿੰਘ ਸੁਖੱਈ, ਦੀਪ ਸਿੰਘ, ਗੁਰਬਖਸ਼ ਸਿੰਘ ਸ਼ਹੀਦ, ਥਰਾਜ ਸਿੰਘ ਸ਼ਹੀਦ, ਜੱਸਾ ਸਿੰਘ, ਕਰਮ ਸਿੰਘ

* ਪੜੋ— ਸਿੰਗਲਾਦੀਪਕੀ ਰਹੁਤਾਸ ਅਤੇ ਤਵਾਰੀਖ ਪੰਥ ਖਾਲਸਾ ਲੇਖਕ ਸੰਤ ਸੂਰਜ ਸਿੰਘ ਜੀ ਅਤੇ ਗੁਰਸਾਗਰ ਰਤਨ ਪ੍ਰਕਾਸ਼ ਗ੍ਰੰਥ।

Digitized by Panjab Digital Library | www.panjabdigilib.org

ਭੋਮਾ ਸਿੰਘ, ਅਤਰ ਸਿੰਘ, ਸ਼ੀਹਾਂ ਸਿੰਘ, ਬਦਨ ਸਿੰਘ, ਕੇਹਰ ਸਿੰਘ, ਜੱਬਰ ਸਿੰਘ, ਘਨਘੋਰ ਸਿੰਘ, ਅਮਰ ਸਿੰਘ ਆਦਿ ਨਮੀ-ਨਾਮੀ ਸਿੰਘ ਪੰਥ ਵਿਚ ਮੰਨੇ ਪ੍ਰਮੰਨੇ ਸਨ।*

ਬਾਬਾ ਥਰਾਜ ਸਿੰਘ ਜੀ ਬੁਢਾ ਦਲ ਦੇ ਤੀਸਰੇ ਪ੍ਰਧਾਨ ਇਉਂ ਲਿਖੇ ਮਿਲਦੇ ਹਨ ਯਥਾ... ਸੰਮਤ 1791 ਵਿਚ ਖਾਲਸਾ ਦਲ ਬਹੁਤ ਵਧ ਗਿਆ ਤਾਂ ਦਲ ਦੇ ਦੋ ਹਿਸੇ ਕਰ ਦਿਤੇ। ਚਾਲੀ ਸਾਲ ਉਮਰ ਵਾਲੇ ਸਿੰਘਾਂ ਦੇ ਦਲ ਦਾ ਨਾਮ ਤਰਨਾ ਦਲ ਅਤੇ ਵਡੀ (ਬਿਰਧ) ਉਮਰ ਵਾਲੇ ਸਿੰਘਾਂ ਦੇ ਦਲ ਦਾ ਨਾਮ ਬੁੱਢਾ ਦਲ ਰਖਿਆ ਗਿਆ। ਇਸ ਬੁਢੇ ਦਲ ਦੇ ਤਿੰਨ ਪ੍ਰਧਾਨ ਥਾਪੇ ਗਏ।

(1) ਨਵਾਬ ਕਪੂਰ ਸਿੰਘ।

(2) ਬਾਬਾ ਜੱਸਾ ਸਿੰਘ।

(3) ਬਾਬਾ ਥਰਾਜ ਸਿੰਘ।**

ਇਉਂ ਸੰਸਾਰ ਸਾਹਮਣੇ ਬਾਬਾ ਥਰਾਜ ਸਿੰਘ ਜੀ ਬੁੱਢਾ ਦਲ ਦੇ ਤੀਜੇ ਜਥੇਦਾਰ ਬਣ ਕੇ ਨਿਖੜਦੇ ਹਨ। ਬਾਬਾ ਥਰਾਜ ਸਿੰਘ ਜੀ ਹੀ ਪੰਜਾਹ ਸਿੰਘਾਂ ਸਾਥੀਆਂ ਨਾਲ ਸੁਧਾ ਸਰੋਵਰ ਵਿਚ ਇਸ਼ਨਾਨ ਸਮਾਗਮ ਵਿਚ ਜੈਕਾਰੇ ਗਜਾ ਕੇ ਧਰਮ ਦੋਖੀਆਂ ਨੂੰ ਲਲਕਾਰਦੇ ਦਰਿਸ਼ਟਮਾਨ ਹੁੰਦੇ ਹਨ। ਯਥਾ— ਸੰਮਤ 1794 ਬਿ. (1737 ਈ.) ਨੂੰ ਲਾਹੌਰ ਦੇ ਨਾਜਮ ਅਬਦੁਲ ਰਹਿਮਾਨ ਕਾਜ਼ੀ ਤੇ ਮੁਹੰਮਦ ਬਖਸ਼ ਆਦਿ ਬੇਗਿਣਤ ਫੌਜਾਂ ਲੈ ਸ੍ਰੀ ਅੰਮਿਤਸਰ ਸਰੋਵਰ ਦੇ ਚੁਫੇਰ ਘੇਰਾ ਘਤ ਬੈਠੇ ਤਾਂ ਕਿ ਜੰਗੀ ਸਿੰਘ (ਖਾਲਸਾ ਜੀ) ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਨਾ ਕਰ ਸਕਣ। ਨਾਲ ਹੀ ਇਕ ਸਰਕਾਰੀ ਫੁਰਮਾਨ ਵਿਚ ਸਿੰਘਾਂ ਨੂੰ ਕਿਹਾ ਗਿਆ ਕਿ ਅਬਦੁਲ ਰਹਿਮਾਨ ਨਾਜ਼ਮ ਲਾਹੌਰ ਕਹਿੰਦਾ ਹੈ ਕਿ ਮੈਂ ਤੁਹਾਨੂੰ ਸਿੰਘ ਤਾ ਜਾਣਾ ਜੇ ਹੁਣ ਸਰੋਵਰ ਵਿਚ ਆ ਕੇ ਇਸ਼ਨਾਨ ਕਰੋ ਨਹੀਂ ਤਾਂ ਗੀਦੀ ਸਮਝੇ ਜਾਓਗੇ।

ਇਸ ਵੰਗਾਰ ਵਿਚ ਖਾਲਸਾ ਜੀ ਨੇ ਅਬਦੁਲ ਰਹਿਮਾਨ ਤੇ ਮੁਗਲਾ ਦੀ ਆਕੜ ਭੰਨਣ ਵਾਸਤੇ ਬੁਢਾ ਦਲ ਵਿਚੋਂ ਸ. ਸੁਖਾ ਸਿੰਘ ਤੇ ਸ: ਥਰਾਜ ਸਿੰਘ ਆਦਿ ਪੰਜਾਹ ਘੋੜ ਸਵਾਰ ਖਾਲਸਾ ਮੁਗਲ ਭੇਸ ਵਿਚ ਸੁਧਾ ਸਰੋਵਰ ਭੇਜੇ। ਪਹਿਰੇਦਾਰਾਂ ਨੂੰ ਗਲੀਂ ਲਾ ਇਸ਼ਨਾਨੇ ਸੇਧੇ ਗਏ। ਘੋੜਿਆਂ ਪਰ ਚੜ ਪ੍ਰਕਰਮਾਂ ਕਰਦੇ ਗੱਜ-ਵੱਜ ਕੇ ਜੈਕਾਰੇ ਗਜਾਂਦੇ ਭਰੌਤੀਆਂ ਵਾਹਦੇ ਅੜਿਆ ਸੋ ਝੜਿਆ ਲੱਲਕਾਰਦੇ ਹੋਏ ਖਾਲਸਾ ਜੀ ਹਰਨ ਹੋ ਗਏ।†

ਇਸ ਘਟਨਾ ਦੀ ਸ਼ਾਖ ਗਿ. ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਅੰਦਰ ਇਉਂ ਭਰਦੇ ਹਨ ਯਥਾ—

ਸੁਖਾ ਸਿੰਘ ਥਰਾਜ ਸਿੰਘ ਦੋਹਿ ਤੁਰਕਨ ਭੇਸ ਬਨਾਏ
ਘੋੜ ਸਵਾਰ ਪਚਾਸਕ ਸਿੰਘ ਤੱਬ ਠਹਿਰੇ ਦੂਰ ਰਹਾਏ
ਅਮ੍ਰਿਤ ਵੇਲੇ ਤੀਰ ਸੁਧਾ ਸਰ-ਸਿੰਘ ਪਹੁੰਚੇਆ ਜੋਈ
ਪਹਿਰੇਦਾਰਨ ਕੋਲਾ ਗੱਲੀਂ ਅੰਮ੍ਰਿਤ ਛਕਿਉ ਤਦੋਈ
ਅਸਵਨ ਤਾਈ ਪਲਾਨੇ ਬਾਂਧਿਉ-ਮੱਜਨ ਕੀਨੋ ਚੱਜ ਕੇ
ਹੈਸ ਅਸਵਾਰ ਮਾਰ ਕੇ ਅੱਡੀ- ਛੱਤੂ ਬੁਲਾਈ ਗੱਜਕੇ।

ਬਾਬਾ ਥਰਾਜ ਸਿੰਘ ਜੀ ਦਾ ਸ਼ਹੀਦੀ ਅਸਥਾਨ: ਯਥਾ... ਅਘੜ ਸਿੰਘ ਤੇ ਬਾਬਾ ਥਰਾਜ ਸਿੰਘ ਜੀ ਖਾਲਸਾ ਦਲ ਵਿਚ ਨਵਾਬ ਕਪੂਰ ਸਿੰਘ ਦੇ ਵਧੇਰੇ ਨਿਕਟ ਵਰਤੀ ਸਨ ਅਤੇ ਜੰਗਾਂ (ਜੁਧਾਂ) ਸਮੇਂ ਸਭ ਤੋਂ ਅਗੇ ਹੋ ਕੇ ਜ਼ਾਲਮਾਂ ਨਾਲ ਕਰਾਰੇ ਹਥ ਕਰਦੇ ਰਹੇ। ਬਾਬਾ ਥਰਾਜ ਸਿੰਘ ਤਾ ਘਨੌਲੀ ਦਾ ਕਿਲਾ ਛੁਡਾਣ

* ਨੋਟ — ਪੜੋ ਤਵਾਰੀਖ ਗੁਰੂ ਖਾਲਸਾ ਹਿੱਸਾ 2—ਗਿ. ਗਿਆਨ ਸਿੰਘ (ਪੰਨਾ 119)।

** ਪੜੋ ਮਹਾਨ ਕੋਸ਼ (ਪੰਨਾ 434)।

† ਪੜੋ ਕਾਂਨਰੇਨ ਇੰਤਿਹਾਸ [ਪੰਨਾ 136]।

Digitized by Panjab Digital Library | www.panjabdigilib.org

ਸਮੇਂ ਜੰਗ ਵਿਚ ਲੜਦਾ ਹੀ ਸ਼ਹੀਦ ਹੋ ਗਿਆ। ਉਥੇ ਉਹਨਾਂ ਦੀ ਯਾਦਗਾਰ ਸ਼ਹੀਦ ਗੰਜ ਬਣਿਆ ਹੈ ਜਿਸ ਨੂੰ ਹੁਣ ਤਕ ਲੋਕੀ ਮੰਨਦੇ ਪੂਜਦੇ ਤੇ ਸੁਖਨਾ ਸੁਖਦੇ ਹਨ।*

ਬੰਸਾਵਲੀ ਬਾਬਾ ਥਰਾਜ ਸਿੰਘ ਜੀ ਸ਼ਹੀਦ

1. ਬਾਬਾ ਧਰਮ ਦਾਸ ਜੀ — ਰਠੌੜ ਪਿੰਡ ਧਾੜੀਵਾਲ ਜ਼ਿਲ੍ਹਾ ਸਿਆਲਕੋਟ
2. ਬਾਬਾ ਦੇਵੀ ਦਾਸ ਜੀ — ,, ,, ,,
3. ਬਾਬਾ ਦਾਨਾ ਦਾਸ ਜੀ — ,, ,, ,,
4. ਬਾਬਾ ਘਾਇਲ ਸਾਹਿਬ ਜੀ — ,, ,, ,,
5. ਬਾਬਾ ਅਮਰ ਸਿੰਘ ਜੀ — ਪਿੰਡ ਨਾਰੋਵਾਲ ਜ਼ਿਲ੍ਹਾ ਸਿਆਲਕੋਟ
6. ਬਾਬਾ ਥਰਾਜ ਸਿੰਘ ਜੀ ਸ਼ਹੀਦ — ,, ,,
7. ਬਾਬਾ ਚੰਦਾ ਸਿੰਘ ਜੀ — ਪਿੰਡ ਵਡੀ ਗਲੋਟੀ ਜ਼ਿਲ੍ਹਾ ਸਿਆਲਕੋਟ
8. ਬਾਬਾ ਭਰਪੂਰ ਸਿੰਘ ਜੀ — ,, ,,
9. ਬਾਬਾ ਗੁਜਰ ਸਿੰਘ ਜੀ — ,, ,,
10. ਬਾਬਾ ਸੁਖਾ ਸਿੰਘ ਜੀ — ,, ,,
11. ਬਾਬਾ ਰਾਜੂ ਸਿੰਘ ਜੀ — ,, ,,
12. ਬਾਬਾ ਅਨੌਖ ਸਿੰਘ ਜੀ — ,, ,,
13. ਬਾਬਾ ਗੁਰਦਿਤ ਸਿੰਘ ਜੀ — ,, ,,
14. ਬਾਬਾ ਨੰਦ ਸਿੰਘ ਜੀ — ,, ,,
15. ਬਾਬਾ ਜੁਆਲਾ ਸਿੰਘ ਜੀ — ,, ,,

16. ਬਾਬਾ ਬੁਧ ਸਿੰਘ ਜੀ ਗਲੋਟੀਆ, ਮੁਲਤਾਨ ਕੋਇਟਾ, ਕਰਾਚੀ ਤੇ ਕਸ਼ਮੀਰ ਆਦਿ।
17. ਬਾਬਾ ਸੁਦ ਸਿੰਘ ਜੀ ਗਲੋਟੀਆ, ਗੋਜਰਾਮੰਡੀ ਤੇ ਲਾਇਲਪੁਰ ਆਦਿ।
18. ਬਾਬਾ ਸੂਬਾ ਸਿੰਘ ਜੀ ਗਲੋਟੀਆਂ ਤੇ ਗੋਜਰਾ ਮੰਡੀ
19. ਬਾਬਾ ਅਰੂੜ ਸਿੰਘ ਜੀ ਗਲੋਟੀਆ—ਸਿਆਲਕੋਟ ਤੇ ਕਾਬਲ ਆਦਿ।

20. ਸ: ਫਖੀਰ ਸਿੰਘ ਜੀ
21. ਟੋਪਨ ਸਿੰਘ
22. ਧੰਨਾ ਸਿੰਘ
23. ਲੰਧਾ ਸਿੰਘ (ਫਿਰੋਜਪੁਰੀਆ)
24. ਕਾਲਾ ਸਿੰਘ (ਮੁਲਤਾਨ)
25. ਵੈਸਾਖਾ ਸਿੰਘ
26. ਸ. ਮੁਲਤਾਨੀ ਸਿੰਘ
27. ਗੋਬਿੰਦ ਸਿੰਘ ਜੀ
28. ਸੌਣ ਸਿੰਘ ਸੁਆਮੀ

* ਪੜੋ—ਪੰਥ ਪ੍ਰਕਾਸ਼ ਪ੍ਰਸਤਾਵਨਾ—ਗਿ: ਕਿਰਪਾਲ ਸਿੰਘ [ਪੰਨਾ 29]।

Digitized by Panjab Digital Library | www.panjabdigilib.org

ਬ ਬਾ ਸੂਬਾ ਸਿੰਘ ਜੀ
|
29. ਸ. ਵੀਰ ਸਿੰਘ ਬੋਲਾ
30. ਸ. ਦਿਵਾਨ ਸਿੰਘ ਪੀਚੂ
31. ਸ: ਮੀਤਾ ਸਿੰਘ ਜੀ
32. ਸ. ਗੰਡਾ ਸਿੰਘ ਕਲੇਵਰ

ਨੋਟ : ਲੇਖਕ ਪਾਸ ਬਾਬਾ ਥਰਾਜ ਸਿੰਘ ਦੀ ਮੁਕੰਮਲ ਬੰਸਾਵਲੀ ਪ੍ਰਾਪਤ ਹੈ।

ਦ

ਦੁਰਗਾ ਭੱਟ— ਗੋਇੰਦਵਾਲ ਵਿਖੇ ਗੁਰੂ ਅਮਰ ਦੇਵ ਜੀ ਦੀ ਹਜ਼ੂਰੀ ਵਿਚ ਦਰਸ਼ਨ ਕਰਕੇ ਦੁਰਗਾ ਭੱਟ ਨੇ ਵਿੱਦਿਆ ਬਲ ਨਾਲ ਇਹ ਪਸ਼ੀਨ-ਗੋਈ ਕਰਕੇ ਕਿ ਆਪ ਜਗਤ ਗੁਰੂ ਬਣੋਗੇ ਗੁਰੂ ਜੀ ਤੋਂ ਇਕ ਲਿਖਤੀ ਇਕਰਾਰ ਨਾਮਾ ਲਿਆ। ਜਦੋਂ ਗੁਰੂ ਅਮਰ ਦੇਵ ਜੀ ਗੱਦੀ ਪਰ ਵਿਰਾਜੇ ਤਾਂ ਉਕਤ ਲਿਖਤ ਪੇਸ਼ ਕਰਕੇ ਦੁਰਗਾ ਭੱਟ ਜੀ ਨੇ ਬਚਨ ਪੂਰਾਂ ਕਰਨ ਲਈ ਪਿਛਲੀ ਯਾਦ ਦਿਵਾਈ। ਗੁਰੂ ਜੀ ਨੇ ਦੁਰਗਾ ਭੱਟ ਜੀ ਨੂੰ ਕਿਹਾ ਕਿ ਗੁਰੂ ਦਰਬਾਰ ਵਿਚੋਂ ਜੋ ਉਹ ਇਕੋ ਵਾਰ ਮੰਗਣਗੇ ਸੋ ਪੂਰਾ ਹੋਵੇਗਾ। ਦੁਰਗਾ ਭੱਟ ਜੀ ਨੇ ਹੇਠ ਲਿਖੇ ਸਵਈਏ ਵਿਚ ਆਪਣੀ ਮੰਗ ਪ੍ਰਗਟ ਕੀਤੀ। ਯਥਾ—

ਤਵ ਸੱਮ ਸਿੰਧ ਨਾ ਗੰਗ ਸਰੋਵਰ
ਨਹਿ ਸੁਰ ਧੇਨ ਮਣੀ ਸੱਸ ਭਨ
ਮੱਮ ਸੱਮ ਰੰਕ ਅਨਾਜਨ ਕੋ ਜਨ
ਜਾਰਤ ਤਹਿ ਤ੍ਰਿਸ਼ਨਾ ਅਭਿਮਾਨ
ਮੱਮ ਸੱਮ ਰੰਕ ਨਾ ਤੁਮ ਸੱਮ ਸਾਹਿਬ
ਮੱਮ ਸੱਮ ਦੀਨ ਨਾ ਤੁਮ ਸੱਮ ਦੇਵ
ਭਾਟ ਅਨਾਥ ਦਾਨ ਇਹ ਚਾਹਿਤ
ਤ੍ਰਿਸ਼ਨਾ ਤ੍ਰਿਖਾ ਨਾ ਜਾਰੇ ਭੇਵ।੧।

ਤੁਮ ਬੱਡ ਸੂਰ ਪੂਰ ਬੱਲ ਮੰਦਰ
ਸ਼ਾਂਤ ਸੰਜੋਇ ਧਰਮ ਕਰ ਚਪ
ਬੱਚਨ ਤੀਰ ਅਨ ਭੌ ਕਾ ਭਾਲਾ
ਮਨ ਮਤੰਗ ਬਸ ਕੀ ਹਰਿ ਆਪ
ਗਿਆਨ ਖੜੱਗ ਕੱਟ ਧਾਰ ਬਬੇਕਾ
ਜਮਧੱਰ ਲੈ ਪੰਚੇ ਹਰਿ ਕਾਂਪ
ਸੋਹੰ ਕਲਗੀ ਤੁਰੀ ਸੋ ਤੁਰੀਆ
ਮੋਹਿ ਅਕਾਂਮ ਭਾਟ ਦੇਯ ਜਾਪ।੨।

ਨਾਮ ਦਿਹੋ ਧੰਨ ਦੇਹ ਨ ਜੱਨ ਕੋ,
ਧੰਨ ਬਿਹੂਨ ਜੱਨ ਜੱਗ ਨਾ ਮੁਹਾਇ,
ਜੋ ਧੰਨ ਦੇਹ ਨਾਮ ਨਹੀ ਦੇਵਹੁ,
ਨਾਮ ਬਿਨਾ ਨਰ ਨਰਕੇ ਜਾਇ
ਤੋ ਸੋ ਕਹੀ-ਕਹੀ ਬੱਣ ਆਵੈ,
ਜਿਉ ਭਾਵੈ ਤਿਉਂ ਬੱਨਤ ਬਨਾਇ,
ਗੁਰ ਅਮਰਦਾਸ ਤੇਜੋ ਕੇ ਨੰਦਨ,
ਦੁਰਗਾ ਭੱਟ ਮਿਲ ਗੰਗ ਸਮਾਇ।੩।*

ਇਸ ਕਾਵਿ ਰਚਨਾ ਵਿਚ-ਸ੍ਰੀ ਦੁਰਗਾ ਭੱਟ ਨੇ ਇਕੋ ਸਾਹੇ ਗੁਰੂ ਅਮਰਦਾਸ ਜੀ ਪਾਸੋਂ ਮੁਕਤ, ਭੁਗਤ, ਦੌਲਤ, ਭਗਤੀ ਆਦਿ ਸਭੇ ਪਦਾਰਥ ਮੰਗ ਲਏ ਤਥਾ

* ਪੜੋ—ਜਨਮ ਸਾਖੀ ਗੁਰੂ ਅਮਰਦੇਵ ਜੀ-(ਕਾਂਡ ੩-ਪੰਨਾ ੧੨)।

Digitized by Panjab Digital Library | www.panjabdigilib.org

ਜਿਨ ਹਰਿ ਜਪਿਆ ਸੇ ਹਰਿ ਹੋਇ ਗੁਰਵਾਕ ਅਨੁਸਾਰ ਗੁਰੂ ਜੀ ਦੇ ਪਵਿਤਰ ਸਰੂਪ (ਚਰਨਾਂ) ਵਿਚ ਅਭੇਦ ਹੋਣ ਤੇ ਮਣ ਵਾਂਛਤ ਸਾਰੇ ਪਦਾਰਥ ਮੰਗ ਕੇ ਪ੍ਰਾਪਤ ਕੀਤੇ।

ਦਰਬਾਰਾ ਸਿੰਘ ਮੌਨਧਾਰੀ—

ਸੰਤ ਦਰਬਾਰਾ ਸਿੰਘ ਜੀ ਸ੍ਰੀ ਬੁਢਾ ਸਿੰਘ ਜੀ ਦੇ ਸਪੁਤ੍ਰ ਤੇ ਭੱਟ ਸਮਾਜ ਦੇ ਪੂਜ ਸੰਤ ਲੱਖਣਪਾਲ ਵੰਸ, ਪਿੰਡ ਭਾਡੇਵਾਲਾ ਜ਼ਿਲ੍ਹਾ ਸਿਆਲਕੋਟ ਦੇ ਵਸਨੀਕ ਸਨ। ਇਨ੍ਹਾਂ ਸੰਮਤ 19 8 ਬਿ. ਨੂੰ ਬਾਰਾਂ ਬਰਸਾਂ ਦਾ ਮੌਨ ਵਰਤ ਧਾਰ ਕੇ ਤਪ ਸਾਧਨਾ ਕੀਤੀ। ਇਸੇ ਸਮੇਂ ਇਨ੍ਹਾਂ ਇਕ ਨਵੀਂ ਲਿੱਪੀ ਬਣਾ ਕੇ ਅਮਲ ਵਿਚ ਲਿਆਂਦੀ ਜੋ ਆਮ ਭਾਸ਼ਾਵਾਂ ਤੋਂ ਵਖਰੀ ਤੇ ਲਿਖਣ ਭਾਸ਼ਾ ਸੀ। ਇਸ ਲਿੱਪੀ ਵਿਚ ਇਨ੍ਹਾਂ ਕੁਝ ਗ੍ਰੰਥ ਵੀ ਲਿਖੇ।

ਸੰਤ ਦਰਬਾਰਾ ਸਿੰਘ ਮੌਨਧਾਰੀ

ਆਪ ਮੌਨ ਬਰਤ ਸੰਪੂਰਨ ਕਰ ਕੇ ਸੰਮਤ 1990 ਬਿ. ਦੇ ਅਖੀਰ ਵਿਚ ਦੇਵ ਸਥਾਨ ਕਟੜਾ ਰਿਆਸਤ ਜੰਮੂ ਕਸ਼ਮੀਰ ਵਿਚ ਪ੍ਰਲੋਕ ਪਿਆਨਾ ਕਰ ਗਏ। ਸੰਤ ਜੀ ਕਵੀ ਦੁਰਗਾ ਸਿੰਘ ਜੀ ਪਿਆਸ ਦੇ ਵਡੇ ਭਰਾਤਾ ਸਨ।

ਸੰਤ ਦਰਬਾਰਾ ਸਿੰਘ ਜੀ ਦੇ ਲਿਖੇ ਗ੍ਰੰਥ ਇਸ ਪ੍ਰਕਾਰ ਹਨ :

1 ਪ੍ਰਹਿਲਾਦ ਭਗਤ
2 ਗੋਪੀ ਚੰਦ
3 ਰਾਜਾ ਭਰਥਰੀ
4 ਪੂਰਨ ਭਗਤ
5 ਰੂਪ ਬਸੰਤ
6 ਮੋਰ ਧੁਜ
7 ਧੰਨਾ ਭਗਤ
8 ਸੰਮਨ ਮੂਸਨ
9 ਬਿਧੀ ਚੰਦ
10 ਮਾਤਾ ਸੁਲਖਨੀ
11 ਨਰਸੀ ਭਗਤ
12 ਧਰੂ ਭਗਤ
13 ਰਾਮ ਲੀਲਾ
14 ਆਦਿ ਗ੍ਰੰਥ
15 ਖਾਲਸਾ

ਦਿਗਪਾਲ ਗੋਤ—ਸੰਗਿਯਾ-ਦਸ ਦਿਸ਼ਾ ਦੇ ਪਾਲਨ ਵਾਲਾ, ਦਇਆਵਾਨ, ਦੇਵਤਾ। ਦਿਗਪਾਲ ਇਕ ਛੰਦ ਦਾ ਵੀ ਨਾਮ ਹੈ ਤੇ ਸ਼ਬਦ ਦਿਕਪਾਲ ਦਾ ਬਦਲਿਆ ਰੂਪ ਹੈ। ਇਸੇ ਨਾਮ ਤੋਂ ਦਿਗਪਾਲ ਵੰਸ ਬਣਿਆ ਜੋ ਭਾਟੜਾ ਸੰਪ੍ਰਦਾਯ ਵਿਚ ਉਜਾਗਰ ਹੈ। ਦਿਗਪਾਲ ਗੋਤ ਵਿਚੋਂ ਮਹਾਂਮੁਨੀ ਸੰਤ ਵਿਚਾਰ

Digitized by Panjab Digital Library | www.panjabdigilib.org

ਸ਼ਹੀਦਾ ਦੇ ਨਾਇਬ ਜਥੇਦਾਰ ਸਨ। ਬਾਬਾ ਨੱਥਾ ਸਿੰਘ ਜੀ ਨੇ ਸੰ. 1819 ਬਿ. ਵਿਚ ਸ੍ਰੀ ਅੰਮ੍ਰਿਤਸਰ ਦੀ ਰੱਖਿਆ ਲਈ ਦੁਰਾਨੀਆਂ ਨਾਲ ਧਰਮ ਯੁਧ ਕੀਤਾ। ਗਰਦਵਾਰਾ ਬਾਬੇ ਦੀ ਬੇਰ ਜ਼ਿਲ੍ਹਾ ਸਿਆਲਕੋਟ ਬਣਾਕੇ ਆਪਣੀ ਜਮੀਨ ਉਸ ਗੁਰੂ ਮੰਦਰ ਨਾਲ ਲਾਈ ਜੋ ਹੁਣ ਤਕ ਮੌਜੂਦ ਹੈ। ਸ਼ਹੀਦ ਬਾਬਾ ਨੱਥਾ ਸਿੰਘ ਜੀ ਭਾਟੜਾ ਸੰਪ੍ਰਦਾਇ ਦੇ ਸੁਆਲੀ ਵੰਸ ਵਿਚੋਂ ਪਿੰਡ ਗਲੋਟੀਆਂ ਕਲਾਂ ਜ਼ਿਲਾ ਸਿਆਲਕੋਟ ਦੇ ਵਸਨੀਕ ਸਨ। ਇਨ੍ਹਾ ਦੀਆਂ ਘਾਲੀਆਂ ਘਾਲਨਾਵਾਂ ਪੰਥ ਅੰਦਰ ਪ੍ਰਸਿਧ ਤੇ ਉਜਾਗਰ ਹਨ। ਸ਼ਹੀਦ ਨੱਥਾ ਸਿੰਘ ਜੀ ਦਾ ਸ਼ਹੀਦ ਬੁੰਗਾ ਪਿੰਡ ਗਲੋਟੀਆ ਕਲਾ ਦੇ ਪੱਛਮ ਪਾਸੇ ਨਾਨਕ ਸਰ ਕਚੇ ਤਲਾ ਦੇ ਕੰਡੇ ਪਰ ਵਿਧਮਾਣ ਸੀ। ਇਸ ਬੁੰਗੇ ਨਾਲ ਮਹਾਰਾਜਾ ਰਣਜੀਤ ਸਿੰਘ ਵਲੋਂ ਕਾਫੀ ਜਮੀਨ ਨਾਮ ਲਗੀ ਹੋਈ ਸੀ ਜਿਸ ਦੀ ਫਸਲ ਦੀ ਪੈਦਾਵਾਰ ਨਾਲ ਹਰ ਰੋਜ ਚਵੀ ਘੰਟੇ ਲੰਗਰ ਵਰਤਦਾ ਸੀ। ਇਸ ਬੁੰਗੇ ਅੰਦਰ ਲਗੇ ਖੂਹ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਲਿਖਵਾ ਕੇ ਲਗਵਾਏ ਪੱਥਰ (ਸ਼ਿਲਾਲੇਖ) ਦੀ ਅਬਾਰਤ ਪੜਨ ਯੋਗ ਸੀ।

ਨਨਕਾਣਾ ਸਾਹਿਬ ਦਾ ਮੋਰਚਾ—

ਸੰਨ 1921 ਈ. ਵਿਚ ਸ੍ਰੀ ਨਨਕਾਣਾ ਸਾਹਿਬ ਵਿਖੇ ਮਹੰਤ ਨਰੈਣ ਦਾਸ ਉਦਾਸੀ ਕਾਬਜ਼ ਸੀ ਜਿਸ ਦੀਆਂ ਪੰਥ ਵਿਰੋਧੀ ਕਾਰਵਾਈਆਂ ਨੂੰ ਵੇਖ ਖਾਲਸਾ ਪੰਥ ਨੇ ਗੁਰਦੁਵਾਰਿਆਂ ਵਿਚ ਸੁਧਾਰ ਲਿਆਉਣ ਵਾਸਤੇ ਮੋਰਚਾ ਲਾਇਆ। ਇਸ ਮੋਰਚੇ ਵਿਚ ਆਮ ਸਿਖ ਸੰਗਤਾਂ ਨਾਲ ਭਾਟੜਾ ਸੰਪ੍ਰਦਾਇ ਵਿਚੋਂ ਸ੍ਰੀ ਸੰਤ ਅਤਰ ਸਿੰਘ ਜੀ (ਨਿਰਮਲ ਦਰਬਾਰ) ਅਤੇ ਸੰਤ ਹਵੇਲ ਸਿੰਘ ਜੀ ਗੜਗਜ (ਕੋਟਵਾਰ) ਨੇ ਵਿਸ਼ੇਸ਼ ਹਿਸਾ ਪਾਇਆ। ਇਸ ਮੋਰਚੇ ਵਿਚ ਮੋਗਾ ਮੰਡੀ ਨਨਕਾਣਾ ਸਾਹਿਬ ਤੋਂ ਭਾਈ ਹਰਾ ਸਿੰਘ ਜੀ ਲੱਖਣਪਾਲ ਨੇ ਭਾਈ ਲਛਮਨ ਸਿੰਘ ਦੇ ਜਥੇ ਵਿਚ ਸ਼ਾਮਲ ਹੋਕੇ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਸ਼ਹੀਦੀ ਪ੍ਰਾਪਤ ਕੀਤੀ।

ਨਾਨਕ ਸਤਿਗੁਰੂ ਦੇ ਭਾਟ ਸਿਖ—

ਸੰ. 1574 ਬਿ. ਨੂੰ ਲੰਕਾ ਅੰਦਰ ਮਹਾਰਾਜਾ ਸ਼ਿਵਨਾਭ ਅਤੇ ਬਾਬਾ ਚੰਗਾ ਭਾਟੜਾ ਦੀ ਸੰਗਤਿ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਨਾਮ ਜਪੋ ਤੇ ਵੰਡ ਛਕੋ ਦੇ ਉਤਮ ਉਪਦੇਸ਼ ਨਾਲ ਅਸਥਾਪਨ ਕੀਤਾ। ਫਿਰ ਸੰ. 1578 ਬਿ. ਨੂੰ ਪੰਜਾਬ ਅੰਦਰ ਸ਼ੈਦਪੁਰ ਸਡਿਆਲੀ ਦੀ ਕਤਲੇਆਮ ਸਮੇਂ ਬ੍ਰਹਿਮਾਨ ਭਾਟ ਤੇ ਤਰਾ ਭਾਟ ਨੂੰ ਸਿਖੀ ਪ੍ਰਦਾਨ ਕੀਤੀ। ਇਸੇ ਸਮੇਂ ਹੀ ਫਤਹਿਪੁਰ ਭਿੰਡਰ (ਗੁ: ਨਾਨਕ ਸਰ) ਸਿਆਲਕੋਟ ਪੰਜਾਬ ਵਿਖੇ ਭਾਟ ਸੰਗਤਿ ਨੂੰ ਦੀਖਿਆ ਦੇ ਕੇ ਤਾਰਿਆ ਅਤੇ ਉਭਾਰਿਆ। (ਦੇਖੋ : ਨਾਨਕ ਸਰ ਗੁਰਦੁਆਰਾ)

ਨੰਦ ਸਿੰਘ ਇੰਗਲਸ਼ ਮਾਸਟਰ—ਸ. ਨੰਦ ਸਿੰਘ ਜੀ ਭਾਟੜਾ ਸੰਪ੍ਰਦਾਇ ਵਿਚੋਂ ਲੱਖਣਪਾਲ ਵੰਸ ਪਿੰਡ ਧਾੜੀਵਾਲ ਜ਼ਿਲ੍ਹਾ ਸਿਆਲਕੋਟ ਦੇ ਵਸਨੀਕ ਸਨ। ਆਪ ਸਰਕਾਰੀ ਤੌਰ ਤੇ ਲਾਹੌਰ ਵਿਚ ਅੰਗਰੇਜ਼ ਬਚਿਆਂ ਨੂੰ ਅੰਗਰੇਜ਼ੀ ਪੜਾਉਂਦੇ ਸਨ। ਮਾ: ਨੰਦ ਸਿੰਘ ਜੀ ਅੰਗਰੇਜ਼ੀ ਤੇ ਸੰਸਕਰਿਤ ਭਾਸ਼ਾ ਦੇ ਉਤਮ ਵਿਦਵਾਨ ਸਨ। ਆਪ ਸੁਆਮੀ ਦਯਾ ਨੰਦ ਸਰਸ੍ਵਤੀ ਦੇ ਮੁਖ ਸਕੱਤਰ ਭੀ ਰਹੇ। ਜੰਮੂ ਤੋਂ ਸ੍ਰੀ ਨਗਰ (ਕਸ਼ਮੀਰ) ਵਾਲੀ ਪੱਕੀ ਸੜਕ ਬਨਣ ਸਮੇਂ ਆਪ ਨੇ ਐਸ. ਡੀ, ਓ ਦੀ ਪਦਵੀ ਤੇ ਰਹਿ ਕੇ ਬਹੁਤ ਲਗਨ ਨਾਲ ਕੰਮ ਕੀਤਾ। ਬਰਤਾਨੀਆਂ ਸਰਕਾਰ ਵਿਚ ਆਪ ਦਾ ਖਾਸ ਸਤਿਕਾਰ ਸੀ। ਉਚੀ ਵਿਦਿਆ ਕਾਰਨ ਆਪ ਨੂੰ ਰਿਆਸਤ ਨਾਭਾ ਦੇ ਮਹਾਰਾਜਾ ਹੀਰਾ ਸਿੰਘ ਵਲੋਂ ਤੀਹ ਰੁਪੈ ਮਾਸਕ ਪੈਨਸ਼ਨ ਮਿਲਦੀ ਸੀ।*

ਨਾਨਕਸਰ ਗੁਰਦਵਾਰਾ†— ਪਿੰਡ ਫਤਹਿ ਭਿੰਡਰ ਪ੍ਰਗਨਾ ਡਸਕਾ ਜ਼ਿਲ੍ਹਾ ਸਿਆਲਕੋਟ ਅੰਦਰ ਮੌਜੂਦ ਸੀ। ਇਥੇ ਸੰਸਾਰ ਦੇ ਸ਼੍ਰੋਮਣੀ ਸਤਿਗੁਰੂ ਨਾਨਕ ਸਾਹਿਬ ਜੀ ਨੇ ਚਰਨ ਪਾਕਰ ਭਾਟ ਸੰਗਤਿ ਨੂੰ ਸਿਖੀ ਦੀ ਅਮੋਲਕ

* ਪੜੋ ਭਾਟ ਪ੍ਰਕਾਸ਼ (ਪੰਨਾ 79) ਅਤੇ ਬਿਆਨ ਕੇਸਰ ਸਿੰਘ ਘਾਗੜ ਲੁਧਿਆਣਾ।

† ਪੜੋ—ਮਹਾਨ ਕੋਸ਼।

Digitized by Panjab Digital Library | www.panjabdigilib.org

ਕਾਰਨ ਇਹ ਨੌਕਰੀ ਨਾ ਕਰ ਸਕੇ, ਪਰ ਫਰਵਰੀ 1967 ਵਿਚ ਸ: ਮੇਹਰ ਸਿੰਘ ਪ੍ਰਦੇਸੀ 'ਗੜੀਵਾਲਾ' ਦੇ ਸਪੁਤਰ ਸ: ਮੁਖਤਿਆਰ ਸਿੰਘ ਲੱਖਣਪਾਲ ਨੂੰ ਦਸਤਾਰ ਨਾਲ ਬਸ ਕੰਡਕਟਰ ਬਨਣ ਦਾ ਪਹਿਲਾ ਮਾਨ ਪ੍ਰਾਪਤ ਹੋਇਆ। ਦਸਤਾਰ ਮੋਰਚੇ ਦੀ ਸਫਲਤਾ ਨੇ ਲੋਹ ਟੋਪ ਮੋਰਚੇ ਦੀ ਰਾਹ ਪੱਧਰ ਕਰਕੇ ਭਾਟੜਾ ਸਿਖਾਂ ਦੀ ਸਿਖੀ ਸ਼ਾਨ ਵਿਚ ਢੇਰ ਵਾਧਾ ਕੀਤਾ ਤੇ ਸਿਖ ਇਤਿਹਾਸ ਵਿਚ ਇਕ ਹੋਰ ਸੁਨੈਹਰੀ ਬਾਬ ਜੋੜਿਆ। (ਵੇਖੋ : ਲੋਹ ਟੋਪ ਮੋਰਚਾ)



ਧਾਰੀਵਾਲ— ਪਿੰਡ ਧਾੜੀਵਾਲ ਤਾਸੀਲ ਨਾਰੋਵਾਲ (ਡਸਕਾ) ਜ਼ਿਲ੍ਹਾ ਸਿਆਲਕੋਟ ਦਾ ਘੁਗ ਵਸਦਾ ਪਿੰਡ-ਭਾਟੜਾ ਸੰਗਤ ਦਾ ਪੁਰਾਣਾ ਨਿਵਾਸ ਅਸਥਾਨ ਸੀ। ਇਥੋਂ ਦੀ ਭਾਟੜਾ ਸੰਗਤਿ ਨੇ ਗੁਰੂ ਨਾਨਕ ਸਾਹਿਬ ਜੀ ਦੇ ਜੇਠੇ ਸਪੁਤਰ ਬਾਬਾ ਸ੍ਰੀ ਚੰਦ ਜੀ ਤੋਂ ਉਦਾਸੀ ਭੇਖ ਪ੍ਰਾਪਤ ਕਰਕੇ ਗੁਰਬਾਣੀ ਤੇ ਗੁਰ ਇਤਿਹਾਸ ਦਾ ਦੇਸ਼-ਪ੍ਰਦੇਸ਼ਾ ਵਿਚ ਵਿਚਰਕੇ ਪ੍ਰਚਾਰ ਕੀਤਾ।

ਇਸ ਸੇਵਾ ਬਦਲੇ ਪ੍ਰਸੰਨਤਾ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਨੇ ਸਨਮਾਨ ਵਜੋਂ 7 ਅਸੂ ਸੰਮਤ 1866 ਨੂੰ ਇਕ ਤਾਂਮਰ ਪੱਤਰ ਪਰ ਲਿਖਤੀ ਸਨਦ ਭਾਟ ਸੰਗਤ ਨੂੰ ਦਿੱਤੀ ਜੋ ਪਿੰਡ ਧਾੜੀਵਾਲ ਦੇ ਭਾਟ ਸਿਖਾਂ ਪਾਸ ਸੁਰਖਿਅਤ ਸੀ।*

ਨਾਇਕ ਸ਼ਬਦ— ਸੰਗਿਯਾ-ਮਾਲਿਕ, ਸੁਆਮੀ, ਨੇਤਾ, ਆਗੂ, ਕਿਸੇ ਕਾਵਿ ਚਿਤਰ ਜਾਂ ਵਾਰਤਕ, ਨਾਵਲ, ਨਾਟਕ ਦਾ ਮੁਖੀ—ਜਿਵੇਂ ਰਾਮਾਇਣ ਦੇ ਨਾਇਕ ਸ੍ਰੀ ਰਾਮ ਚੰਦਰ ਜੀ। ਇਵੇਂ ਹੀ ਭਾਟੜਾ ਸੰਪ੍ਰਦਾਇ ਦੇ ਮੁਖੀ ਬਾਬਾ ਚੰਗਾ' ਰਾਇ ਜੀ ਜਿਨ੍ਹਾਂ ਦੇ ਪ੍ਰਤਾਪ ਨਾਲ ਭਾਟੜਾ ਸੰਪ੍ਰਦਾਇ ਦਾ ਵਿਧਾਨ ਬਣਿਆ ਤੇ ਪਸਰਿਆ ਨਾਇਕ ਸਦਵਾਇ। ਯਥਾ— ਤੂੰ ਨਾਇਕ ਸਗਲ ਭਉਣ (ਵਾਰ ਮਾਰੂ ੨ ਮ. ੫) ॥ ਨਾਇਕ ਏਕ ਬਨਜਾਰੇ ਪਾਂਚ (ਬਸੰਤ ਕਬੀਰ) ॥

ਨੈਕਟੀਆਨ ਗੋਤ—ਜ਼ਿਲਾ ਬਿਜਨੌਰ ਯੂ.ਪੀ. ਵਿਚ ਭਾਟੜਾ ਸੰਪ੍ਰਦਾਯ ਵਿਚ ਪ੍ਰਤੱਖ ਹੈ।**

ਨੱਥਾ ਸਿੰਘ ਸ਼ਹੀਦ—ਬਾਬਾ ਨੱਥਾ ਸਿੰਘ ਜੀ ਭਾਟੜਾ ਸੰਪਰਦਾਇ ਦੇ ਇਕ ਮਹਾਨ ਯੋਧੇ ਸਨ। ਸੰਨ 1791 ਬਿ. ਵਿਚ ਜਦ ਖਾਲਸਾ ਦੱਲ ਦੋ ਹਿੱਸਿਆ ਵਿਚ ਵੰਡਿਆ ਗਿਆ ਤਾਂ ਵਡੀ ਉਮਰ ਦੇ ਬਿਰਦ ਸਿੰਘਾਂ ਦੇ ਜਥੇ ਦਾ ਨਾਮ ਬੁਢਾ ਦੱਲ ਅਤੇ ਜਵਾਨ ਸਿੰਘਾਂ ਦੇ ਜਥੇ ਦਾ ਨਾਮ ਤਰਨਾਦੱਲ ਰੱਖਿਆ ਗਿਆ। ਅਗੋ ਤਰਨਾ ਦੱਲ ਦੇ ਪੰਜ ਜਥੇ ਥਾਪੇ ਗਏ। ਪਹਿਲਾ ਜੱਥਾ ਸ਼ਹੀਦਾਂ ਸੀ ਜਿਸ ਵਿਚ ਬਾਬਾ ਦੀਪ ਸਿੰਘ ਜੀ, ਬਾਬਾ ਨੱਥਾ ਸਿੰਘ ਜੀ ਅਤੇ ਬਾਬਾ ਗੁਰਬਖਸ਼ ਸਿੰਘ ਜੀ ਆਦਿ ਜਥੇਦਾਰ ਸਨ। ਇਉ ਬਾਬਾ ਨੱਥਾ ਸਿੰਘ ਜੀ ਮਿਸਲ

*ਪੜੋ ਏ-ਗਲੋਸਰੀ ਆਫ ਦੀ ਟ੍ਰਾਇਬਜ਼ਐਂਡ ਕਾਸਟਸ ਆਫ ਦੀ ਪੰਜਾਬ। **ਭਾਰਤ ਦਾ ਦੂਜਾ ਦੌਰਾਗਿ,ਮੱਖਣ ਸਿੰਘਮ੍ਰਿਗਿੰਦ

ਨੋਟ— ਇਸੇ ਤਰ੍ਹਾਂ ਦਾ ਇਕ ਤਾਮਰ ਪੱਤਰ ਅਜ ਵੀ ਸ: ਕਾਬਲ ਸਿੰਘ ਦਿਗਪਾਲ ਪਿੰਡ ਢਲਨੀ-ਮਨੌਰ (ਰਿਆਸਤ ਜੰਮੂ ਕਸ਼ਮੀਰ) ਪਾਸ ਸੁਰਖਿਅਤ ਹੈ।

Digitized by Panjab Digital Library | www.panjabdigilib.org

ਸ਼ਹੀਦਾ ਦੇ ਨਾਇਬ ਜਥੇਦਾਰ ਸਨ। ਬਾਬਾ ਨੱਥਾ ਸਿੰਘ ਜੀ ਨੇ ਸੰ. 1819 ਬਿ. ਵਿਚ ਸ੍ਰੀ ਅੰਮ੍ਰਿਤਸਰ ਦੀ ਰੱਖਿਆ ਲਈ ਦੁਰਾਨੀਆਂ ਨਾਲ ਧਰਮ ਯੁਧ ਕੀਤਾ। ਗਰਦਵਾਰਾ ਬਾਬੇ ਦੀ ਬੇਰ ਜ਼ਿਲ੍ਹਾ ਸਿਆਲਕੋਟ ਬਣਾਕੇ ਆਪਣੀ ਜਮੀਨ ਉਸ ਗੁਰੂ ਮੰਦਰ ਨਾਲ ਲਾਈ ਜੋ ਹੁਣ ਤਕ ਮੌਜੂਦ ਹੈ। ਸ਼ਹੀਦ ਬਾਬਾ ਨੱਥਾ ਸਿੰਘ ਜੀ ਭਾਟੜਾ ਸੰਪ੍ਰਦਾਇ ਦੇ ਸੁਆਲੀ ਵੰਸ ਵਿਚੋਂ ਪਿੰਡ ਗਲੋਟੀਆਂ ਕਲਾਂ ਜ਼ਿਲਾ ਸਿਆਲਕੋਟ ਦੇ ਵਸਨੀਕ ਸਨ। ਇਨ੍ਹਾ ਦੀਆਂ ਘਾਲੀਆਂ ਘਾਲਨਾਵਾਂ ਪੰਥ ਅੰਦਰ ਪ੍ਰਸਿਧ ਤੇ ਉਜਾਗਰ ਹਨ। ਸ਼ਹੀਦ ਨੱਥਾ ਸਿੰਘ ਜੀ ਦਾ ਸ਼ਹੀਦ ਬੁੰਗਾ ਪਿੰਡ ਗਲੋਟੀਆ ਕਲਾ ਦੇ ਪੱਛਮ ਪਾਸੇ ਨਾਨਕ ਸਰ ਕਚੇ ਤਲਾ ਦੇ ਕੰਡੇ ਪਰ ਵਿਧਮਾਣ ਸੀ। ਇਸ ਬੁੰਗੇ ਨਾਲ ਮਹਾਰਾਜਾ ਰਣਜੀਤ ਸਿੰਘ ਵਲੋਂ ਕਾਫੀ ਜਮੀਨ ਨਾਮ ਲਗੀ ਹੋਈ ਸੀ ਜਿਸ ਦੀ ਫਸਲ ਦੀ ਪੈਦਾਵਾਰ ਨਾਲ ਹਰ ਰੋਜ ਚਵੀ ਘੰਟੇ ਲੰਗਰ ਵਰਤਦਾ ਸੀ। ਇਸ ਬੁੰਗੇ ਅੰਦਰ ਲਗੇ ਖੂਹ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਲਿਖਵਾ ਕੇ ਲਗਵਾਏ ਪੱਥਰ (ਸ਼ਿਲਾਲੇਖ) ਦੀ ਅਬਾਰਤ ਪੜਨ ਯੋਗ ਸੀ।

ਨਨਕਾਣਾ ਸਾਹਿਬ ਦਾ ਮੋਰਚਾ—

ਸੰਨ 1921 ਈ. ਵਿਚ ਸ੍ਰੀ ਨਨਕਾਣਾ ਸਾਹਿਬ ਵਿਖੇ ਮਹੰਤ ਨਰੈਣ ਦਾਸ ਉਦਾਸੀ ਕਾਬਜ਼ ਸੀ ਜਿਸ ਦੀਆਂ ਪੰਥ ਵਿਰੋਧੀ ਕਾਰਵਾਈਆਂ ਨੂੰ ਵੇਖ ਖਾਲਸਾ ਪੰਥ ਨੇ ਗੁਰਦੁਵਾਰਿਆਂ ਵਿਚ ਸੁਧਾਰ ਲਿਆਉਣ ਵਾਸਤੇ ਮੋਰਚਾ ਲਾਇਆ। ਇਸ ਮੋਰਚੇ ਵਿਚ ਆਮ ਸਿਖ ਸੰਗਤਾਂ ਨਾਲ ਭਾਟੜਾ ਸੰਪ੍ਰਦਾਇ ਵਿਚੋਂ ਸ੍ਰੀ ਸੰਤ ਅਤਰ ਸਿੰਘ ਜੀ (ਨਿਰਮਲ ਦਰਬਾਰ) ਅਤੇ ਸੰਤ ਹਵੇਲ ਸਿੰਘ ਜੀ ਗੜਗਜ (ਕੋਟਵਾਰ) ਨੇ ਵਿਸ਼ੇਸ਼ ਹਿਸਾ ਪਾਇਆ। ਇਸ ਮੋਰਚੇ ਵਿਚ ਮੋਗਾ ਮੰਡੀ ਨਨਕਾਣਾ ਸਾਹਿਬ ਤੋਂ ਭਾਈ ਹਰਾ ਸਿੰਘ ਜੀ ਲੱਖਣਪਾਲ ਨੇ ਭਾਈ ਲਛਮਨ ਸਿੰਘ ਦੇ ਜਥੇ ਵਿਚ ਸ਼ਾਮਲ ਹੋਕੇ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਸ਼ਹੀਦੀ ਪ੍ਰਾਪਤ ਕੀਤੀ।

ਨਾਨਕ ਸਤਿਗੁਰੂ ਦੇ ਭਾਟ ਸਿਖ—

ਸੰ. 1574 ਬਿ. ਨੂੰ ਲੰਕਾ ਅੰਦਰ ਮਹਾਰਾਜਾ ਸ਼ਿਵਨਾਭ ਅਤੇ ਬਾਬਾ ਚੰਗਾ ਭਾਟੜਾ ਦੀ ਸੰਗਤਿ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਨਾਮ ਜਪੋ ਤੇ ਵੰਡ ਛਕੋ ਦੇ ਉਤਮ ਉਪਦੇਸ਼ ਨਾਲ ਅਸਥਾਪਨ ਕੀਤਾ। ਫਿਰ ਸੰ. 1578 ਬਿ. ਨੂੰ ਪੰਜਾਬ ਅੰਦਰ ਸ਼ੈਦਪੁਰ ਸਡਿਆਲੀ ਦੀ ਕਤਲੇਆਮ ਸਮੇਂ ਬ੍ਰਹਿਮਾਨ ਭਾਟ ਤੇ ਤਰਾ ਭਾਟ ਨੂੰ ਸਿਖੀ ਪ੍ਰਦਾਨ ਕੀਤੀ। ਇਸੇ ਸਮੇਂ ਹੀ ਫਤਹਿਪੁਰ ਭਿੰਡਰ (ਗੁ: ਨਾਨਕ ਸਰ) ਸਿਆਲਕੋਟ ਪੰਜਾਬ ਵਿਖੇ ਭਾਟ ਸੰਗਤਿ ਨੂੰ ਦੀਖਿਆ ਦੇ ਕੇ ਤਾਰਿਆ ਅਤੇ ਉਭਾਰਿਆ। (ਦੇਖੋ : ਨਾਨਕ ਸਰ ਗੁਰਦੁਆਰਾ)

ਨੰਦ ਸਿੰਘ ਇੰਗਲਸ਼ ਮਾਸਟਰ—ਸ. ਨੰਦ ਸਿੰਘ ਜੀ ਭਾਟੜਾ ਸੰਪ੍ਰਦਾਇ ਵਿਚੋਂ ਲੱਖਣਪਾਲ ਵੰਸ ਪਿੰਡ ਧਾੜੀਵਾਲ ਜ਼ਿਲ੍ਹਾ ਸਿਆਲਕੋਟ ਦੇ ਵਸਨੀਕ ਸਨ। ਆਪ ਸਰਕਾਰੀ ਤੌਰ ਤੇ ਲਾਹੌਰ ਵਿਚ ਅੰਗਰੇਜ਼ ਬਚਿਆਂ ਨੂੰ ਅੰਗਰੇਜ਼ੀ ਪੜਾਉਂਦੇ ਸਨ। ਮਾ: ਨੰਦ ਸਿੰਘ ਜੀ ਅੰਗਰੇਜ਼ੀ ਤੇ ਸੰਸਕਰਿਤ ਭਾਸ਼ਾ ਦੇ ਉਤਮ ਵਿਦਵਾਨ ਸਨ। ਆਪ ਸੁਆਮੀ ਦਯਾ ਨੰਦ ਸਰਸ੍ਵਤੀ ਦੇ ਮੁਖ ਸਕੱਤਰ ਭੀ ਰਹੇ। ਜੰਮੂ ਤੋਂ ਸ੍ਰੀ ਨਗਰ (ਕਸ਼ਮੀਰ) ਵਾਲੀ ਪੱਕੀ ਸੜਕ ਬਨਣ ਸਮੇਂ ਆਪ ਨੇ ਐਸ. ਡੀ, ਓ ਦੀ ਪਦਵੀ ਤੇ ਰਹਿ ਕੇ ਬਹੁਤ ਲਗਨ ਨਾਲ ਕੰਮ ਕੀਤਾ। ਬਰਤਾਨੀਆਂ ਸਰਕਾਰ ਵਿਚ ਆਪ ਦਾ ਖਾਸ ਸਤਿਕਾਰ ਸੀ। ਉਚੀ ਵਿਦਿਆ ਕਾਰਨ ਆਪ ਨੂੰ ਰਿਆਸਤ ਨਾਭਾ ਦੇ ਮਹਾਰਾਜਾ ਹੀਰਾ ਸਿੰਘ ਵਲੋਂ ਤੀਹ ਰੁਪੈ ਮਾਸਕ ਪੈਨਸ਼ਨ ਮਿਲਦੀ ਸੀ।*

ਨਾਨਕਸਰ ਗੁਰਦਵਾਰਾ†— ਪਿੰਡ ਫਤਹਿ ਭਿੰਡਰ ਪ੍ਰਗਨਾ ਡਸਕਾ ਜ਼ਿਲ੍ਹਾ ਸਿਆਲਕੋਟ ਅੰਦਰ ਮੌਜੂਦ ਸੀ। ਇਥੇ ਸੰਸਾਰ ਦੇ ਸ਼੍ਰੋਮਣੀ ਸਤਿਗੁਰੂ ਨਾਨਕ ਸਾਹਿਬ ਜੀ ਨੇ ਚਰਨ ਪਾਕਰ ਭਾਟ ਸੰਗਤਿ ਨੂੰ ਸਿਖੀ ਦੀ ਅਮੋਲਕ

* ਪੜੋ ਭਾਟ ਪ੍ਰਕਾਸ਼ (ਪੰਨਾ 79) ਅਤੇ ਬਿਆਨ ਕੇਸਰ ਸਿੰਘ ਘਾਗੜ ਲੁਧਿਆਣਾ।

† ਪੜੋ—ਮਹਾਨ ਕੋਸ਼।

Digitized by Panjab Digital Library | www.panjabdigilib.org

ਦਾਤ ਬਖਸ਼ ਕੇ ਸਨਮਾਨਿਆ। ਇਹ ਪਿੰਡ ਚੌਧਰੀ ਫਤੇ ਚੰਦ ਦੇ ਨਾਮ ਪਰ 'ਫਤਹਿ ਭਿੰਡਰ' ਨਾਮ ਤੋਂ ਮਸ਼ਹੂਰ ਸੀ। ਇਸ ਗੁਰਅਸਥਾਨ ਦੇ ਪ੍ਰਸਿਧ ਸੇਵਕ ਸ: ਸ਼ਿਵਦੇਵ ਸਿੰਘ ਸਿਆਲਕੋਟੀ ਬਹੁਤ ਸਮਾਂ ਏਥੇ ਪ੍ਰਧਾਨਗੀ ਸੇਵਾ ਕਰਦੇ ਰਹੇ। ਹੁਣ ਇਹ ਅਸਥਾਨ ਨਾਨਕਸਰ ਗੁਰਦਵਾਰਾ ਨਾਮ ਤੋਂ ਮਸ਼ਹੂਰ ਹੈ।

(ਦੇਖੋ : ਨਾਨਕ ਸਤਿਗੁਰੂ ਦੇ ਭਾਟ ਸਿੱਖ)।

ਨਾਨਕ ਵਾੜਾ— ਗੁਰਦਵਾਰਾ ਨਾਨਕਵਾੜਾ ਮਹੱਲਾ ਆਗਮਪੁਰਾ ਮੁਲਤਾਨ ਸ਼ਹਿਰ ਵਿਚ ਦਿੱਲੀ ਦਰਵਾਜ਼ੇ ਤੋਂ ਬਾਹਰ ਫਤਹਿ ਬੁਰਜ ਤੋਂ ਦੋ ਫਰਲਾਂਗ ਉੱਤਰ ਵਲ ਸਥਿਤ ਸੀ। ਇਸ ਥਾਂ ਤੇ ਗੁਰੂ ਨਾਨਕ ਸਾਹਿਬ ਜੀ ਉਦੋਂ ਵਿਰਾਜੇ ਸਨ ਜਦੋਂ ਪੀਰ ਬਹਾਵਲ ਹਕ ਨੂੰ ਤਾਰਨ ਲਈ ਮੁਲਤਾਨ ਆਏ ਸਨ। ਸਮੇਂ ਦੇ ਫੇਰ ਨਾਲ ਇਸ ਪਵਿੱਤਰ ਥਾਨ ਪਰ ਉਦਾਸੀ ਸੰਤਾਂ ਦਾ ਕਈ ਸਾਲ ਕਬਜਾ ਰਹਿਣ ਕਰਕੇ, ਉਦਾਸੀ ਸਾਧ ਮਾਲਕ ਬਣ ਬੈਠੇ ਸਨ। ਉਦਾਸੀਆਂ ਨੇ ਲੋਕਾਂ ਨੂੰ ਭੁਲੇਖਾ ਪਾਣ ਲਈ ਇਥੇ ਇਕ ਵਾੜਾ ਜਿਹਾ ਬਣਾ ਲਿਤਾ ਜਿਸ ਕਰਕੇ ਇਹ ਥਾਂ ਸਾਧਵਾੜਾ ਵਜੋਂ ਮਸ਼ਹੂਰ ਹੋ ਗਿਆ। ਜਦੋਂ ਇਸ ਸਾਂਝੀ ਥਾਂ ਦੀ ਸਾਧ ਭਾਈਚਾਰੇ ਨੇ ਆਪਸੀ ਵੰਡ ਕੀਤੀ ਤਾਂ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਥਾਂ ਪ੍ਰਗਟ ਬੁਢੀ ਨਾਂ ਦੀ ਇਕ ਬਿਰਧ ਮਾਤਾ ਦੇ ਹਿੱਸੇ ਆ ਗਈ। ਬਾਕੀ ਚਾਰੇ ਪਾਸੇ ਵਾਂਦੜ ਜਮੀਨ ਸੀ, ਪਰ ਇਹ ਥਾਂ ਗੁਰੂ ਨਾਨਕ ਸਾਹਿਬ ਜੀ ਦੇ ਕੁਝ ਦਿਨ ਇਥੇ ਬਿਰਾਜਮਾਨ ਰਹਿਨ ਕਰਕੇ ਕਿਰਸਾਨੀ ਤੋਂ ਖਾਲੀ ਹੀ ਰਹੀ, ਜਿਸ ਕਰਕੇ ਇਹ ਬੰਜਰ ਹੋ ਗਈ ਸੀ। ਮਾਈ ਪ੍ਰਗਟ ਬੁਢੀ ਨੇ ਆਪਣੇ ਸਾਧ ਭਾਈਚਾਰੇ ਅਗੇ ਰੋਸ ਪ੍ਰਗਟ ਕੀਤਾ ਕਿ ਉਹ ਬੰਜਰ ਜਮੀਨ ਨਹੀਂ ਲਵੇਗੀ। ਰੌਲਾ ਪੈਣ ਤੇ ਅਸਲ ਭੇਦ ਖੁਲ ਗਿਆ। ਜਦ ਗੁਰੂ ਸਾਹਿਬ ਦੇ ਉਥੇ ਔਣ ਦੀ ਉਕਤ ਸਾਖੀ ਦਾ ਪਤਾ ਸ. ਬੁਧ ਸਿੰਘ ਰਠੌੜ ਨੂੰ ਲਗਾ ਤਾਂ ਉਹਨਾਂ ਪ੍ਰਗਟ ਬੁਢੀ ਪਾਸੋਂ ਇਹ ਜ਼ਮੀਨ ਮੁੱਲ ਲੈ ਲਈ ਤੇ ਨਾਲ ਹੀ ਸੁੰਦਰ ਦਾਸ ਉਦਾਸੀ ਆਦਿ ਸਾਧਾਂ ਪਾਸੋਂ ਮਲਕੀਅਤ ਨਾਮੇ* ਪਰ ਦਸਖਤ ਕਰਵਾ ਲਏ। ਮੁਲਤਾਨ ਦੀ ਭਾਟੜਾ ਸੰਗਤਿ ਨੂੰ ਇਕਤ੍ਰ ਕਰਕੇ ਗੁਰੂ ਨਾਨਕ ਸਾਹਿਬ ਦੀ ਯਾਦਗਾਰ ਉਸਾਰਨ ਹਿਤ ਸ. ਬੁਧ ਸਿੰਘ ਜੀ ਨੇ ਇਕ ਸੰਸਥਾ 'ਸੰਗਤਿ ਸਭਾ ਮੁਲਤਾਨ' ਹੋਂਦ ਵਿਚ ਲਿਆਕੇ ਇਹ ਇਤਿਹਾਸਕ ਥਾਂ ਭਾਟੜਾ ਸੰਗਤਿ ਨੂੰ ਅਰਪਨ ਕਰ ਦਿਤੀ।

ਨਰੈਣ ਸਿੰਘ ਗੌੜ— ਭਾਈ ਨਰੈਣ ਸਿੰਘ ਗੌੜ ਸਿਆਲਕੋਟੀਏ ਕਰਾਂਚੀ ਦੇ ਵਸਨੀਕ ਸਨ। ਕਰਾਂਚੀ ਵਿਚ ਗੁਰੂ ਨਾਨਕ ਸਾਹਿਬ ਜੀ ਦਾ ਅਸਥਾਨ ਅਕਾਲ ਬੁੰਗਾ ਉਸ ਸਮੇਂ ਉਦਾਸੀ ਸੰਤਾਂ ਦੇ ਕਬਜ਼ੇ ਵਿਚ ਸੀ। ਕਾਬਜ਼ ਸਾਧਾਂ ਦੀਆਂ ਮੰਦੀਆਂ ਚਾਲਾਂ ਵੇਖ ਕੇ ਭਾਈ ਨਰੈਣ ਸਿੰਘ ਜੀ ਨੇ ਇਸ ਧਰਮ ਮੰਦਰ ਦਾ ਅਪਮਾਨ ਨਾ ਸਹਾਰਦੇ ਹੋਏ ਸਾਧਾਂ ਨੂੰ ਵੰਗਾਰਿਆ। ਸਾਧਾਂ ਨੇ ਇਸ ਬੁੰਗੇ ਦੀ ਜਾਇਦਾਦ ਵੇਚਣ ਦਾ ਮਨਸੂਬਾ ਬਣਾ ਲਿਆ ਜਿਸ ਦੀ ਖਬਰ ਭਾਈ ਨਰੈਣ ਸਿੰਘ ਨੂੰ ਹੋ ਗਈ।

ਭਾਈ ਨਰੈਣ ਸਿੰਘ ਨੇ ਸਾਧਾਂ ਨੂੰ ਵੰਗਾਰ ਕੇ ਆਖਿਆ ਕਿ ਇਸ ਬੁੰਗੇ ਦੀ ਜਾਇਦਾਦ ਗੁਰਦਵਾਰਾ ਸਾਹਿਬ ਦੀ ਹੈ ਜੋ ਵੇਚਣ ਨਹੀਂ ਦਿਤੀ ਜਾਏਗੀ ਅਤੇ ਸਾਧਾਂ ਨੂੰ ਇਥੋਂ ਜਾਣਾ ਪਵੇਗਾ ਅਗੋਂ ਸਾਧ ਵੀ ਲੜਾਈ ਲਈ ਤਿਆਰ ਸਨ। ਭਾਈ ਜੀ ਸਵਾ ਲੱਖ ਹੁੰਦਿਆਂ ਹੋਇਆਂ ਵੀ ਸਾਧਾਂ ਅਗੇ ਡੱਟ ਗਏ ਅਤੇ ਗੁਰਅਸਥਾਨ ਦੀ ਜਾਇਦਾਦ ਦੇ ਬਚਾ ਲਈ ਗੁਰਦਵਾਰਾ ਸਿੰਘ ਸਭਾ ਰਤਨ ਤਲਾ ਕਰਾਂਚੀ ਵਿਖੇ ਜਾਕੇ ਜ਼ੋਰਦਾਰ ਅਪੀਲ ਰਾਹੀਂ ਸੰਗਤਾਂ ਤੇ ਸਿੰਘ ਸਭਾ ਦੇ ਪ੍ਰਬੰਧਕਾਂ ਨੂੰ ਸਾਧਾਂ ਦੇ ਕਾਰਨਾਮੇ ਤੋਂ ਜਾਣੂ ਕਰਵਾਇਆ। ਅਗੋਂ ਸਿੰਘ ਸਭਾ ਦੇ ਪ੍ਰਬੰਧਕਾ ਨੇ ਭਾਈ ਨਰੈਣ ਸਿੰਘ ਜੀ ਨੂੰ ਹੀ ਕੁਰਬਾਨੀ ਦਾ ਨਿਸ਼ਾਨਾ ਬਣਾ ਦਿਤਾ ਤੇ ਮੋਰਚਾ ਲਗੌਣ ਲਈ ਉਨ੍ਹਾਂ ਦੀ ਪਿਠ ਠੋਕ ਦਿਤੀ। ਭਾਈ ਜੀ ਨੇ ਸਵਾ ਲੱਖ ਹੀ

*ਨੋਟ — ਉਕਤ ਰਜਿਸਟਰੀ 1947 ਤਕ ਲੇਖਕ ਪਾਸ ਸੀ ਜੋ ਦੇਸ ਦੇ ਬਟਵਾਰੇ ਸਮੇਂ ਨਨਕਾਣਾ ਸਾਹਿਬ ਵਿਖੇ ਭਾਜੜ ਸਮੇਂ ਜਾਂਦੀ ਰਹੀ। (ਦੇਖੋ : ਬੁਧ ਸਿੰਘ ਬੰਗਲੇ ਵਾਲਾ ਤੇ ਸੰਗਤਿ ਸਭਾ ਮੁਲਤਾਨ)।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

1939-40 ਵਿਚ ਆਪਣੇ ਇੰਗਲੈਂਡ ਨਿਵਾਸ ਸਮੇਂ ਭਾਟੜਾ ਸੰਗਤ ਦੇ ਇਕ ਵਿਸ਼ੇਸ਼ ਇਕਠ ਵਿਚ ਸ. ਉਧਮ ਸਿੰਘ—
ਉਪਰਲੀ ਕਤਾਰ ਵਿਚ (ਸੱਜੇ ਹਥ ਦਰਵਾਜ਼ੇ ਸਾਹਮਣੇ) ਖੜੇ ਨਜ਼ਰ ਆਂਦੇ ਹਨ। (ਵੇਖੋ ਪੰਨਾ 49)

ਧੰਨਵਾਦ—ਇਹ ਇਤਿਹਾਸਕ ਚਿਤ੍ਰ ਅਜ ਤੋਂ ਤਕਰੀਬਨ ਪੰਜ ਸਾਲ ਪਹਿਲਾਂ ਇੰਗਲੈਂਡ ਦੀ 'ਦੇਸ ਪ੍ਰਦੇਸ' ਪਤ੍ਰਕਾ ਵਿਚ ਪਹਿਲੀਵਾਰ ਛਪਿਆ ਸੀ। ਸਾਨੂੰ ਇਹ ਚਿਤ੍ਰ ਭਾਈ ਗਰਬਖਸ਼ ਸਿੰਘ 'ਆਜ਼ਜ਼' ਜੀ ਦੇ ਸਹਿਯੋਗ ਨਾਲ ਸ: ਮੰਗਲ ਸਿੱਘ 'ਪਤਿਵਾਲ' ਪਾਸੋਂ ਪ੍ਰਾਪਤ ਹੋਇਆ ਹੈ।

Digitized by Panjab Digital Library | www.panjabdigilib.org

ਮਹੰਤਾਂ ਦੇ ਮੁਕਾਬਲੇ ਡਟ ਕੇ ਮੋਰਚਾ ਲਗਾ ਦਿੱਤਾ। ਇਹ ਵੇਖ ਮਹੰਤ ਘਬਰਾ ਗਏ ਕਿਉਂਕਿ ਗੁਰਦੁਆਰਾ ਲਹਿਰ ਨੇ ਕਈ ਸੰਤਾਂ-ਮਹੰਤਾਂ ਪਾਸੋਂ ਗੁਰ ਅਸਥਾਨ ਅਜ਼ਾਦ ਕਰਵਾ ਲਏ ਸਨ। ਮਹੰਤਾਂ ਨੇ ਸਿੰਧੀ ਸੇਠਾਂ ਨੂੰ ਵਿਚੋਲਾ ਬਨਾ ਕੇ ਭਾਈ ਨਰੈਣ ਸਿੰਘ ਨੂੰ ਪੰਜੀ ਹਜਾਰ ਰੁਪੈ ਦਾ ਲਾਲਚ ਵੀ ਦੇਣਾ ਚਾਹਿਆ। ਇਸ ਨਾਲ ਭਾਈ ਜੀ ਨੂੰ ਹੋਰ ਵੀ ਰੋਹ ਚੜ ਗਿਆ ਤੇ ਉਹਨਾਂ ਅਕਾਲ ਬੁੰਗਾ ਅਜ਼ਾਦ ਕਰਵਾਣ ਦੀ ਪੱਕੀ ਧਾਰ ਲਈ ਤੇ ਮੋਰਚਾ ਜਾਰੀ ਰਖਿਆ। ਉਹਨਾਂ ਲਾਠੀਆਂ ਝੱਲੀਆਂ, ਭੁਖੇ ਜੇਹਲ ਵਿਚ ਡਕੇ ਗਏ ਤੇ ਬੁੰਗੇ ਦੇ ਤੱਤੇ ਫਰਸ਼ ਤੇ ਘਸੀਟੇ ਗਏ ਪਰ ਉਹਆਪਣੇ ਇਰਾਦੇ ਤੋਂ ਡੋਲੇ ਨਹੀਂ।

ਆਖਰ ਅਨੇਕਾਂ ਕਸ਼ਟ ਝੱਲਕੇ ਭਾਈ ਨਰੈਣ ਸਿੰਘ ਜੀ ਸਫਲ ਹੋਏ। ਕਰਾਂਚੀ ਦੇ ਸਰਕਾਰੀ ਅਧਿਕਾਰੀਆਂ ਨੇ ਸਾਧਾਂ ਦਾ ਡੇਰਾ ਕੂਚ ਕਰਵਾਕੇ ਆਮ ਲੋਕਾਂ ਸਾਹਮਣੇ ਅਕਾਲ ਬੁੰਗਾ ਕਰਾਂਚੀ ਦਿਆਂ ਚਾਬੀਆਂ ਭਾਈ ਨਰੈਣ ਸਿੰਘ ਨੂੰ ਸੌਂਪਿਆਂ। ਇਸ ਮੋਰਚੇ ਦੀ ਜਿਤ ਭਾਟੜਾ ਸੰਪ੍ਰਦਾਇ ਦੇ ਮਹਾਨ ਸੂਰਬੀਰ ਅਕਾਲੀ ਭਾਈ ਨਰੈਣ ਸਿੰਘ ਗੌੜ ਨੇ ਪ੍ਰਾਪਤ ਕੀਤੀ ਤੇ ਗੁਰੂ ਸੰਗਤਿ ਦਾ ਜੱਸ ਵਧਾਇਆ।



ਪੱਗ ਭਾਰਤ ਦੀ*— 13 ਮਾਰਚ 1940 ਨੂੰ ਸ: ਉਧਮ ਸਿੰਘ ਨੇ ਸਰ ਮਾਇਕਲ ਓਡਵਾਇਰ ਨੂੰ ਆਪਣੀ ਗੋਲੀ ਦਾ ਨਿਸ਼ਾਨਾ ਬਨਾਇਆ। ਬਰਤਾਨਵੀ ਸਰਕਾਰ ਨੇ ਸ: ਉਤਮ ਸਿੰਘ ਤੇ ਕਤਲ ਦਾ ਮੁਕਦਮਾ ਚਲਾਇਆ ਤਾਂ ਬਰਤਾਨੀਆਂ ਵਿਚ ਰਹਿੰਦੇ ਭਾਰਤੀਆਂ ਨੇ ਉਹਨਾਂ ਦੇ ਬਚਾ ਲਈ ਇਕ ਕਮੇਟੀ ਬਣਾਈ ਜਿਸ ਦੇ ਪ੍ਰਧਾਨ ਸ: ਊਧਮ ਸਿੰਘ ਦੇ ਪਰਮ ਮਿੱਤਰ ਸ. ਸੰਤ ਸਿੰਘ ਪ੍ਰਦੇਸੀ ਬਣੇ।

ਇਸ ਕਮੇਟੀ ਨੇ ਸ: ਊਧਮ ਸਿੰਘ ਦੀ ਰਿਹਾਈ ਦੇ ਸਬ ਸਾਧਨ ਜੁਟਾਏ ਪਰ ਸ: ਊਧਮ ਸਿੰਘ ਆਪਣੇ ਬਿਆਨਾਂ ਵਿਚ ਪਰਪੱਕ ਰਹੇ। ਉਹਨਾਂ ਇਹ ਕਬੂਲ ਕੀਤਾ ਕਿ ਸਰ ਮਾਇਕਲ ਉਡਵਾਇਰ ਦੀ ਹੱਤਿਆ 1919 ਦੇ ਜਲ੍ਹਿਆਂ ਵਾਲਾ ਬਾਗ ਵਿਚ ਮਾਰੇ ਗਏ ਨਿਹੱਥੇ ਤੇ ਬੇ-ਕਸੂਰ ਭਾਰਤੀਆਂ ਦੀ ਮੌਤ ਦਾ ਬਦਲਾ ਲੈਣ ਲਈ ਉਹਨਾਂ ਮਿਥ ਕੇ ਕੀਤੀ ਹੈ। 11 ਜੂਨ 1940 ਨੂੰ ਸ: ਊਧਮ ਸਿੰਘ ਨੂੰ ਫਾਂਸੀ ਦਾ ਹੁਕਮ

*ਨੋਟ— ਸ. ਊਧਮ ਸਿੰਘ ਦੀ ਇਹ ਪੱਗ ਸ: ਸੰਤ ਸਿੰਘ ਪਾਸ ਕਾਫੀ ਅਰਸਾ ਸੰਭਾਲੀ ਰਹੀ। ਪਰ ਸ. ਸੰਤ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਦ ਉਸ ਦੀ ਹੋਂਦ ਦਾ ਕੋਈ ਪਤਾ ਨਹੀਂ ਲਗਦਾ। ਸ. ਊਧਮ ਸਿੰਘ ਜੀ ਸ. ਸੰਤ ਸਿੰਘ ਜੀ ਦੇ ਅਨਿਸ਼ਟ-ਮਿਤ੍ਰ ਸਨ ਤੇ ਉਨ੍ਹਾਂ ਦਾ ਭਾਟੜਾ ਸੰਗਤਿ ਨਾਲ ਸੰਪਰਕ ਬਹੁਤ ਡੂੰਘਾ ਸੀ। ਅਸਲ ਵਿਚ ਬਰਤਾਨੀਆਂ ਵਿਚ ਤਿਹਾਇਸ਼ ਦਾ ਲਗ ਭਗ ਸਾਰਾ ਸਮਾਂ ਸ. ਊਧਮ ਸਿੰਘ ਨੇ ਭਾਟ ਸਿਖਾ ਦੇ ਘਰਾਂ ਵਿਚ ਹੀ ਗੁਜ਼ਾਰਿਆ ਸੀ। ਭਾਟ ਸਿਖਾਂ ਦੀਆਂ ਇਕੱਤਰਤਾਵਾਂ ਵਿਚ ਤੇ ਖਾਸ ਕਰ ਗੁਰਦਵਾਰਿਆਂ ਦੇ ਇਕਠਾਂ ਵਿਚ ਉਹ ਬਰਾਬਰ ਹਿੱਸਾ ਲੈਂਦੇ ਸਨ। ਸ. ਸੰਤ ਸਿੰਘ ਪ੍ਰਦੇਸੀ, ਸ. ਝੰਡਾ ਸਿੰਘ ਪਟੇਲ, ਸ. ਸੁਦਾਗਰ ਸਿੰਘ ਰਠੌੜ ਤੇ ਸ. ਲਾਲ ਸਿੰਘ 'ਭਗਤ' ਲੱਖਣਪਾਲ ਆਦਿ ਭਾਟ ਸਿਖਾਂ ਨਾਲ ਸ. ਊਧਮ ਸਿੰਘ ਦੇ ਬਹੁਤ ਨਜ਼ਦੀਕੀ ਸਬੰਧ ਹੋਣ ਦੇ ਹਵਾਲੇ ਕਈ ਭਾਟ ਸਿਖਾਂ ਤੋਂ ਅਜ ਵੀ ਮਿਲਦੇ ਹਨ।

Digitized by Panjab Digital Library | www.panjabdigilib.org

ਹੋਇਆ।

ਆਖਰੀ ਮਿਲਣੀ ਸਮੇਂ ਸ. ਊਧਮ ਸਿੰਘ ਨੇ ਸ: ਸੰਤ ਸਿੰਘ ਪ੍ਰਦੇਸੀ ਨੂੰ ਆਪਣੀ ਪੱਗ ਦੀ ਸੌਂਪਣਾ ਭਾਰਤ ਦੀ ਇੱਜ਼ਤ ਦੀ ਪ੍ਰਤੀਕ ਕੀਤੀ ਅਤੇ (13 ਜੂਨ 1940 ਨੂੰ) * ਹੱਸਦੇ-ਹੱਸਦੇ ਫਾਂਸੀ ਦਾ ਫੰਦਾ ਆਪਣੇ ਹੱਥੀਂ ਆਪਣੇ ਗਲ ਪਾ ਕੇ ਦੇਸ਼ ਦੀ ਆਜ਼ਾਦੀ ਖਾਤਰ ਕੁਰਬਾਨ ਹੋ ਗਏ।**

ਪ੍ਰੇਮ ਸਿੰਘ ਵਹੀਰੀਆ ਬਾਬਾ :

ਬਾਬਾ ਪ੍ਰੇਮ ਸਿੰਘ ਜੀ ਵਹੀਰੀਆ ਨਿਹੰਗ ਸਿੰਘ ਚਲਦਾ ਵਹੀਰ ਬੁੱਢਾ ਦਲ ਚਕਰਵਰਤੀ ਦੇ ਇਕ ਸ਼ਰੋਮਣੀ ਜਥੇਦਾਰ, ਭਾਟੜਾ ਸੰਪ੍ਰਦਾਇ ਵਿਚੋਂ ਪਤਿਵਾਲ ਵੰਸੀ ਤੇ ਪਿੰਡ ਡਸਕਾ ਜ਼ਿਲਾ ਸਿਆਲਕੋਟ ਦੇ ਵਸਨੀਕ ਸਨ। ਇਹਨਾਂ ਨੂੰ ਸਿਖ ਪੰਥ ਵਲੋਂ ਬੁਢਾ ਦਲ ਦਾ ਵਹੀਰ ਚਲਾਉਣ ਦਾ ਅਧਿਕਾਰ ਪ੍ਰਾਪਤ ਹੋਇਆ ਸੀ। ਇਸ ਸਤਿਕਾਰ ਵਜੋਂ 1911 ਵਿਚ ਜਾਰਜ ਪੰਜਮ ਦੇ ਦਿੱਲੀ ਦਰਬਾਰ ਸਮੇਂ ਰਿਆਸਤ ਪਟਿਆਲਾ ਵਲੋਂ ਛੇ ਤੇਗਾਂ (ਸ੍ਰੀ ਸਾਹਿਬਾਂ) ਦਾ ਸਨਮਾਨ ਦਿੱਤਾ ਗਿਆ। ਸੱਚ ਖੰਡ ਸ੍ਰੀ ਹਜ਼ੂਰ ਸਾਹਿਬ ਤੋਂ ਆਪ ਜੀ ਨੂੰ ਸਾਹਿਬ-ਜ਼ਾਦਾ ਅਜੀਤ ਸਿੰਘ ਜੀ ਦਾ ਦਸਤੇ-ਮੁਬਾਰਕ ਖੰਡਾ - ਸਿਰੋਪਾਓ ਸਮੇਤ ਪ੍ਰਾਪਤ ਹੋਇਆ ਸੀ ਜੋ ਹੁਣ ਤਕ ਉਹਨਾਂ ਦੇ ਬੰਸ ਵਿਚ ਮੌਜੂਦ ਹੈ। ਆਪ ਜੀ ਅਖੰਡ ਭਾਰਤ ਅੰਦਰ ਹਰ ਇਕ ਮੇਲੇ-ਮਹੱਲਿਆਂ ਸਮੇਂ ਬੁੱਢਾ ਦਲ ਦਾ ਵਹੀਰ ਲੈ ਕੇ ਪੁਜਦੇ ਤੇ ਗੁਰਮਤ ਦਾ ਪ੍ਰਚਾਰ ਕਰਦੇ ਸਨ।

ਜਥੇਦਾਰ ਪ੍ਰੇਮ ਸਿੰਘ ਜੀ

ਬਾਬਾ ਪ੍ਰੇਮ ਸਿੰਘ ਵਹੀਰੀਆ

* ਪੜੋ— ਕੰਬੋਜ ਇਤਿਹਾਸ (ਪੰਨਾ 220)।

** ਬਿਆਨ ਬਾਬਾ ਗੰਡਾ ਸਿੰਘ 'ਕਲੇਵਰ'।

Digitized by Panjab Digital Library | www.panjabdigilib.org

ਵਹੀਰੀਆ ਨੇ ਬਾਰਾਂ ਸਾਲ ਵਹੀਰ ਚਲਾ ਕੇ ਜੰਬਰ ਕਲਾਂ ਤਹਿਸੀਲ ਚੂਹਨੀਆਂ ਜ਼ਿਲ੍ਹਾ ਲਾਹੌਰ ਵਿਚ ਗੁਰਦਵਾਰਾ ਬੰਮ ਸਾਹਿਬ ਤੇ ਕਾਬਜ ਲੋਕਾਂ ਤੋਂ ਰਣ ਜਿੱਤ ਕੇ ਇਹ ਗੁਰਸਥਾਨ ਪ੍ਰਾਪਤ ਕੀਤਾ।

ਇਸ ਅਮਰ ਸਾਕੇ ਤੋਂ ਬਾਦ ਇਸ ਗੁਰਅਸਥਾਨ ਦੀ ਪੁਰਾਣੀ ਇਮਾਰਤ ਢਾਹ ਕੇ ਨਵੀਂ ਤਿਆਰ ਕਰਵਾ ਬਾਬਾ ਜੀ ਇਥੇ ਪਕੇ ਤੌਰ ਤੇ ਟਿਕ ਗਏ। ਇਥੇ ਬਾਬਾ ਜੀ ਉਤਮ ਰੀਤੀ ਨਾਲ ਗੁਰੂ ਕਾ ਅਖੰਡ ਲੰਗਰ ਚਲੌਂਦੇ ਰਹੇ। ਜਥੇਦਾਰ ਬਾਬਾ ਪ੍ਰੇਮ ਸਿੰਘ ਜੀ ਦੀ ਅੜਦਲ ਵਿਚ ਪੰਜੀ ਸਿੰਘਾਂ ਦਾ ਜਥਾ ਹਰ ਵਕਤ ਤਿਆਰ ਬਰ ਤਿਆਰ ਰਹਿੰਦਾ ਸੀ। ਬੁੱਢਾ ਦਲ ਤੇ ਖਾਲਸਾ ਪੰਥ ਅੰਦਰ ਅਜ ਵੀ ਜਥੇਦਾਰ ਪ੍ਰੇਮ ਸਿੰਘ ਵਹੀਰੀਆ ਜੀ ਦਾ ਨਾਮ ਵਿਸ਼ਵ ਸਨਮਾਨ ਤੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਬਾਬਾ ਜੀ ਨੇ ਹੇਠ ਲਿਖੇ ਗੁਰਅਸਥਾਨਾਂ ਦੀ ਸੇਵਾ ਕੀਤੀ—

(1) ਗੁਰਦਵਾਰਾ ਬੰਮ ਸਾਹਿਬ ਜੰਬਰਾਂ ਲਾਹੌਰ।

(2) ਬਾਬਾ ਬਕਾਲੇ ਦੇ ਸਰੋਵਰ ਦੀ ਹੰਸਲੀ ਪੱਕੀ ਬਨਵਾਈ।

(3) ਸ੍ਰੀ ਅਨੰਦਪੁਰ ਸਾਹਿਬ ਤੋਂ ਕੀਰਤਪੁਰ ਸਾਹਿਬ ਨੂੰ ਆਉਂਦਿਆਂ ਮਿੱਠਾਸਰ ਨਾਮੀ ਬੰਲੀ ਨੁਮਾਂ ਚਸ਼ਮਾ ਪੱਕਾ ਬਨਵਾਇਆ।

(4) ਸ੍ਰੀ ਹਜੂਰ ਸਾਹਿਬ ਮਾਤਾ ਸਾਹਿਬ ਦੇਵਾਂ ਜੀ ਦੇ ਅਸਥਾਨ ਦੀ ਮੌਜੂਦਾ ਇਮਾਰਤ ਬਨਵਾਈ।

(5) ਜੰਬਰਾਂ ਤੋਂ ਤਿੰਨ ਮੀਲ ਪਰ ਇਕ 'ਖੂਹ ਨਿਹੰਗਾਂ ਸਿੰਘਾਂ ਦਾ' ਬਾਬਾ ਨੈਣਾ ਸਿੰਘ ਜੀ ਦੇ ਨਾਮ ਪਰ ਲੁਆ ਕੇ ਨਿਹੰਗ ਸਿੰਘ ਬਾਬਾ ਨੈਣਾਂ ਸਿੱਘ ਜੀ ਦੀ ਪੁਰਾਣੀ ਯਾਦ ਨਵੀਂ ਕਰ ਕੇ ਸਮਾਧ ਤਿਆਰ ਕਰਵਾਈ।

(6) ਬਾਬਾ ਨੈਣਾ ਸਿੰਘ ਦੀ ਯਾਦ ਵਿਚ ਦਿਵਾਨ ਅਸਥਾਨ ਗੁਰਦਵਾਰਾ ਬਬੇਕ ਸਰ ਸ੍ਰੀ ਅੰਮ੍ਰਿਤਸਰ—ਹਰਮੰਦਰ ਸਾਹਿਬ ਦੇ ਲਹਿੰਦੇ ਪਾਸੇ ਬਣਵਾਇਆ ਜੋ ਅਜ ਵੀ ਮੌਜੂਦ ਹੈ। ਪਰ ਅਜ ਕਲ ਉਥੇ ਇਕ ਸਮਾਧ ਬਣੀ ਦਿਖਾਈ ਦਿੰਦੀ ਹੈ ਜੋ ਬਾਅਦ ਵਿਚ ਬਨਾਈ ਪ੍ਰਤੀਤ ਹੁੰਦੀ ਹੈ।

ਜਥੇਦਾਰ ਬਾਬਾ ਪ੍ਰੇਮ ਸਿੰਘ ਜੀ ਵਹੀਰੀਆ ਨੇ ਪੰਥਕ ਪਿਆਰ ਦੀ ਪ੍ਰੀਤ ਅੰਦਰ ਪਰੁਚ ਕੇ ਉਕਤ ਧਰਮ ਅਸਥਾਨਾਂ ਦੀ ਸੇਵਾ ਸੰਭਾਲ ਦਾ ਉਤਮ ਜਸ ਖੱਟਿਆ ਹੈ। ਬਾਬਾ ਜੀ ਦੇ ਗੜਵਈ ਸਿੰਘ ਮਾਖਾ ਸਿੰਘ ਨਿਹੰਗ ਤੇ ਭਾਈ ਸਾਹਿਬ ਸਿੰਘ ਨਿਹੰਗ ਸਿੰਘ ਸਨ। ਭਾਈ ਸਾਹਿਬ ਸਿੰਘ ਅਨੁਸਾਰ ਬੁੱਢਾ ਦਲ ਦੀ ਬੰਸਾਵਲੀ ਹੇਠ ਲਿਖੇ ਅਨੁਸਾਰ ਹੈ—

1. ਨਵਾਬ ਕਪੂਰ ਸਿੰਘ ਜੀ ਵਿਰਕ ਫੈਜ਼ਲਪੁਰੀਆ।

2. ਬਾਬਾ ਜਸਾ ਸਿੰਘ ਜੀ ਪੁਤਰ ਸ. ਬਦਰ ਸਿੰਘ ਵਸਨੀਕ ਆਹਲੂਵਾਲ।

3. ਬਾਬਾ ਬਰਾਜ ਸਿੰਘ ਜੀ ਸ਼ਹੀਦ ਨਾਰੋਵਾਲ (ਸਿਆਲਕੋਟ)।

4. ਬਾਬਾ ਨੈਣਾ ਸਿੰਘ ਜੀ (ਮਿਸਲ ਸ਼ਹੀਦਾਂ)।

5. ਬਾਬਾ ਫੂਲਾ ਸਿੰਘ ਜੀ ਪੁਤਰ ਸ. ਈਸ਼ਰ ਸਿੰਘ ਪਿੰਡ ਸ਼ੀਹਾਂ (ਬਾਂਗਰ)।

6. ਬਾਬਾ ਪ੍ਰਹਿਲਾਦਾ ਸਿੰਘ ਜੀ।

7. ਬਾਬਾ ਹਨੂੰਮਾਨ ਸਿੰਘ ਜੀ (ਸ੍ਰੀ ਹਜੂਰ ਸਾਹਿਬ ਦੇ ਪੁਜਾਰੀਆਂ ਤੋਂ ਸ਼ਹੀਦ ਹੋਏ)।

8. ਬਾਬਾ ਪ੍ਰੇਮ ਸਿੰਘ ਜੀ ਵਹੀਰੀਆ (ਜੰਬਰ ਕਲਾਂ ਲਾਹੌਰ)।

9. ਬਾਬਾ ਸਾਧੂ ਸਿੰਘ ਜੀ (ਪਿੰਡ ਬੁਘੇ ਜ਼ਿਲਾ ਅੰਮ੍ਰਿਤਸਰ)।

Digitized by Panjab Digital Library | www.panjabdigilib.org

10. ਬਾਬਾ ਗਿਆਨ ਸਿੰਘ ਜੀ।

11. ਬਾਬਾ ਤੇਜਾ ਸਿੰਘ ਜੀ।

12. ਬਾਬਾ ਸਾਹਿਬ ਸਿੰਘ ਜੀ ਕਲਾਧਾਰੀ (ਵੱਡੀ ਖਮਾਣੋਂ ਜ਼ਿਲਾ ਲੁਧਿਆਣਾ)।

13. ਬਾਬਾ ਕਰਮ ਸਿੰਘ ਜੀ (ਡੰਡਿਆਂਵਾਲਾ —ਹੁਡਿਆਰਾ)।

14. ਬਾਬਾ ਚੇਤ ਸਿੰਘ ਜੀ (ਦਮਦਮਾ-ਗੁਰੂ ਕੀ ਕਾਂਸ਼ੀ)।

15. ਬਾਬਾਂ ਸੰਤਾ ਸਿੰਘ ਜੀ(ਕੋਟਕਪੂਰਾ)। ☆

ਪਤਿਵਾਲ ਗੋਤ— ਸੰਗਯਾ - ਪਤਿਵਾਲਾ, ਇਸਦਾ ਦੂਜਾ ਰੂਪ ਪੋਤੀਵਾਲ ਹੈ। ਪਤਿਵਾਲ ਤੇ ਪੋਤੀ-ਵਾਲ ਦੋਵੇਂ ਸ਼ਬਦ ਭਾਟੜਾ ਸੰਗਤਿ ਵਿਚ ਬਰਾਬਰ ਸਨਮਾਨੇ ਜਾਂਦੇ ਹਨ।

ਪ੍ਰਭਾਕਰ ਗੋਤ — ਸੰਗਯਾ - 1 ਪ੍ਰਕਾਸ਼ ਕਰਨ ਵਾਲਾ 2 ਚੰਦਰਮਾ 3 ਅਗਨਿ 4 ਸਮੁੰਦਰ*। ਪ੍ਰਭਾਕਰ ਗੋਤ ਦਾ ਵਿਕਾਸ ਸਾਰਸੁਤ ਬ੍ਰਹਮਨਾ ਦੀ ਇਕ ਜਾਤੀ ਤਥਾ ਪ੍ਰਭਾਕਰ ਬ੍ਰਹਮਨ ਸ਼ਾਖਾ (ਨਿਮਾਵਲੀ) ਤੋਂ ਹੋਇਆ।**

ਪੰਵਾਰ ਗੋਤ — ਸੰਗਯਾ - ਜਦੋਂ ਪ੍ਰਾਨੀ ਨੂੰ ਜਮਦੂਤ ਜਮਲੋਕ ਲੈ ਜਾਂਦੇ ਹਨ ਤਾਂ ਕਰਮਾਂ ਦਾ ਹਿਸਾਬ ਹੋਣ ਤੋਂ ਬਾਅਦ ਜੇ ਵਾਰੀ ਨਾ ਆਈ ਹੋਵੇ ਤਾਂ ਮੁਰਦੇ ਵਿਚ ਫਿਰ ਪ੍ਰਾਨ ਛੱਡੇ ਜਾਂਦੇ ਹਨ। ਯਥਾ: ਅਖੀ ਮੀਟ ਪਵਾਰਿ ਗਇਆ (ਵਾਰ ਮਾਝ ਮ. ੧)। ਇਉ ਭਾਗਵਾਨ ਪਵਾਰਿ ਮੜੇ ਮਨੁਖ ਤੋਂ ਪ੍ਰਚਲਿਤ ਹੋਇਆ ਪੰਵਾਰਿ ਗੋਤ ਭਾਟੜਾ ਸੰਪ੍ਰਦਇ ਅੰਦਰ ਜ਼ਿਲ੍ਹਾ ਬਿਜਨੌਰ (ਯੂ. ਪੀ.) ਵਿਚ ਪ੍ਰਾਪਤ ਹੈ।

ਪ੍ਰੇਮ ਦਾਸ ਉਦਾਸੀਨ— ਮਹੰਤ ਪ੍ਰੇਮ ਦਾਸ ਉਦਾਸੀ ਸ੍ਰੀ ਬ੍ਰਹੰਮ ਬੂਟਾ ਅੰਮ੍ਰਿਤਸਰ ਦੇ ਚਾਚਾ ਗੁਰੂ ਤੇ ਗੱਦੀ ਨਸ਼ੀਨ ਮਹੰਤ, ਇਕ ਉਤਮ ਤਜ਼ਰਬਾਕਾਰ ਵੈਦ ਭਾਟ ਸੰਗਤਿ ਵਿਚੋਂ ਪਤਿਵਾਲ ਵੰਸੀ ਤੇ ਪਿੰਡ ਭਾਡੇਵਾਲਾ ਜ਼ਿਲ੍ਹਾ ਸਿਆਲ ਕੋਟ ਦੇ ਵਸਨੀਕ ਸਨ। ਇਨਾਂ ਸੰਨ 1914 ਈ. ਦੀ ਪਹਿਲੀ ਵਿਸ਼ਵ ਜੰਗ ਸਮੇਂ ਆਪਣਾ ਫਰਜ਼ ਸਮਝਕੇ ਫੌਜੀ ਫੱਟੜਾ ਦੀ ਮਹਰਮ ਪੱਟੀ ਤੇ ਸੇਵਾ ਸੰਭਾਲ ਬੜੀ ਲਗਨ ਨਾਲ ਕੀਤੀ। ਆਪ ਆਪਣੇ ਔਸ਼ਧਾਲੇ ਵਿਚੋਂ ਔਸ਼ਧੀਆਂ ਨਾਲ ਬਿਮਾਰ ਤੇ ਨਿਢਾਲ ਰੋਗੀ ਫੌਜੀਆ ਨੂੰ ਅਰੋਗ ਕਰਦੇ ਰਹੇ। ਸੀਤਾ ਦੀ ਉਤਮ ਸੇਵਾ ਦੇਖਕੇ ਫੌਜੀ ਅਫਸਰ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੂੰ ਇਨਾਮ ਦੇਣਾ ਚਾਹਿਆ। ਪਰ ਸੰਤ ਜੀ ਨਿਸਕਾਮ ਸੇਵਾ ਕਰਦੇ ਰਹੇ। ਆਖਰ ਜੰਗ ਤੋਂ ਬਾਅਦ ਬਰਤਾਨੀਆ ਸਰਕਾਰ ਨੇ ਸੰਤ ਜੀ ਨੂੰ ਡੇਢ ਮਰੱਬਾ ਜ਼ਮੀਨ, ਗਰੋਮੰਡੀ ਪਾਸ, ਚੱਕ ਨੰ: 87 ਜ਼ਿਲ੍ਹਾ ਮਿੰਟ ਗੁੰਮਚੀ ਵਿਚ ਸਨਮਾਨ ਵਜੋਂ ਦਿਤੀ ਤੇ ਨਾਲ ਹੀ ਚੇਅਰਮੈਨ ਦਾ ਰੁਤਬਾ ਪ੍ਰਦਾਨ ਕੀਤਾ। ਸੰਤ ਜੀ ਗੁਰਮਤ ਦੇ ਗੌਹਜ ਭਾਵਾਂ ਨੂੰ ਸੁਖਿਆਰੇ ਰੂਪ ਵਿਚ ਪ੍ਰਚਾਰਕੇ ਜੱਸ ਪ੍ਰਾਪਤ ਕਰਦੇ ਰਹੇ। ★

☆ ਨੋਟ — ਏਹ ਸੰਖੇਪ ਬੰਸਾਵਲੀ ਜਥੇਦਾਰ ਬਾਬਾ ਪ੍ਰੇਮ ਸਿੰਘ ਜੀ ਵਹੀਰੀਆ ਦੇ ਗੜਵਈ ਭਾਈ ਸਾਹਿਬ ਸਿੰਘ (ਨਿਹੰਗ ਸਿੰਘ ਜੀ) ਤੋਂ ਪ੍ਰਾਪਤ ਹੋਈ। ਵੱਖ ਵੱਖ ਸ੍ਰੋਤਾਂ ਤੋਂ ਪ੍ਰਾਪਤ ਬੁੱਢਾ ਦਲ ਦੀਆਂ ਹੋਰ ਬੰਸਾਵਲੀਆਂ ਬਾਰੇ ਪੜੋ ਭੂਮਿਕਾ—ਕੋਸ਼ ਪਰੰਪਰਾ ਬਾਰੇ ਪੰਨਾ (ਹ)।

* ਮਹਾਨ ਕੋਸ਼ (ਪੰਨਾ 684)।

** ਨੋਟ - ਪ੍ਰਭਾਕਰ ਗੋਤ ਬਾਰੇ ਇਹ ਜਾਣਕਾਰੀ : ਬਾਬਾ ਲਾਲ ਸਿੰਘ ਪੁਤਰ ਭਾਈ ਤੇਗਾ ਸਿੰਘ ਉਮਰ 98 ਸਾਲ ਅੰਗੂਰਾਂ ਵਾਲੀ ਮਸਜਿਦ ਪਟਿਆਲਾ ਤੋਂ ਪ੍ਰਾਪਤ ਹੋਈ।

★ ਪੜੋ : ਭਾਟ ਪ੍ਰਕਾਸ਼—ਗਿ: ਗੁਰਮੁਖ ਸਿੰਘ ਮਹਿਤਾਬ (ਪੰਨਾ 61)

Digitized by Panjab Digital Library | www.panjabdigilib.org

ਫਤਹਿ ਬੁਰਜ— ਸੰਨ 1818 ਵਿਚ ਇਸ ਸਥਾਨ ਤੋਂ ਮਹਾਰਾਜਾ ਰਣਜੀਤ ਸਿੰਘ ਦੀਆਂ ਫੌਜਾਂ ਨੇ ਮੁਲਤਾਨ ਸ਼ਹਿਰ ਫਤਹਿ ਕਰਣ ਸਮੇਂ ਕਿਲੇ ਨੂੰ ਤੋਪਾਂ ਨਾਲ ਪਾੜ ਪਾਕੇ ਜਿਤ ਪ੍ਰਾਪਤ ਕੀਤੀ ਸੀ। ਜਿਤ ਤੋਂ ਬਾਦ ਖਾਲਸਾ ਫੌਜਾਂ ਨੇ ਇਸੇ ਜਗਹ ਇਕ ਬੁਰਜ ਉਸਾਰ ਕੇ ਮੁਲਤਾਨ ਫਤਹਿ ਦੀ ਯਾਦ ਵਿਚ ਇਸ ਦਾ ਨਾਮ ਫਤਹਿ ਬੁਰਜ ਰੱਖਿਆ। ਫਤਹਿ ਬੁਰਜ ਵਿਚ ਚਰਾਗ ਘਰ (ਜੋਤਾਂ ਜਗਾਨ ਵਾਸਤੇ ਆਲਾ) ਬਨਿਆ ਹੋਇਆ ਸੀ ਜਿਥੇ ਜੋਤਾਂ ਜਗਾਈਆਂ ਜਾਂਦੀਆਂ ਤੇ ਫੁਲਾਂ ਦੇ ਹਾਰ ਝੜ੍ਹਾਏ ਜਾਂਦੇ ਸਨ। ਸਿਖ ਰਾਜ ਦੀ ਫਤਹਿ ਕਾਰਨ ਇਸ ਥਾਂ ਦੇ ਸਤਿਕਾਰ ਵਾਸਤੇ ਇਕ ਫੌਜੀ ਦਸਤਾ ਇਥੇ ਰੱਖਵਾਲੀ ਲਈ ਬਠਾਇਆ ਗਿਆ ਸੀ। ਇਸ ਫੌਜੀ ਦਸਤੇ ਦਾ ਜਥੇਦਾਰ ਕਾਲਾ ਸਿੰਘ ਭਾਟ ਸਿਖ ਸੀ, ਜਿਸ ਕਰਕੇ ਫਤਹਿ ਬੁਰਜ ਦੀ ਮਾਨਤਾਂ 1947 ਤਕ ਭਾਟ ਸੰਗਤ ਵਿਚ ਬਣੀ ਰਹੀ ਭਾਵੇਂ ਸਿਖ ਰਾਜ ਤੋਂ ਬਾਦ ਮੁਸਲਮਾਨਾ ਦਾ ਜ਼ੋਰ ਹੋਣ ਕਾਰਨ ਇਸ ਬੁਰਜ ਪਰ ਇਕ ਫ਼ਰਜੀ ਕ਼ਬਰ ਬਣਾਕੇ ਧੱਕੇ ਨਾਲ ਮੁਸਲਮਾਨਾਂ ਨੇ ਕਬਜ਼ਾ ਕਰ ਲਿਆ ਸੀ।

ਫੇਰਾ ਭਾਈ— ਜੰਮੂ ਨਿਵਾਸੀ ਭਾਈ ਫ਼ੇਰਾ ਜੀ ਭਾਟ ਸਿਖ ਗੁਰੂ ਅਮਰ ਦੇਵ ਜੀ ਦਾ ਪਰਮ ਸਿੱਖ ਸੀ*। ਯਥਾ : ਬਾਰਵੀ ਮੰਜੀ ਭਾਈ ਫੇਰਾ ਜੀ ਮੀਰਪੁਰ ਪ੍ਰਗਨਾ ਰਿਆਸਤ ਜੰਮੂ ਨਿਵਾਸੀ-ਜੋਗ ਮਤ ਤੋਂ ਉਚਾਟ ਹੋਕੇ ਸਤਿਗੁਰੂ ਅਮਰ ਦੇਵ ਜੀ ਦਾ ਪਰਮ ਸਿਖ ਬਣਿਆ। ਇਸ ਨੇ ਪਹਾੜੀ ਲੋਕਾਂ ਨੂੰ ਗੁਰਮਤ ਗਿਆਨ ਰਾਹੀਂ ਪ੍ਰੇਰਕੇ ਸਿਖ ਸੰਗਤਾਂ ਵਿਚ ਲੀਨ ਕੀਤਾ। ਤਿਜੈ ਗੁਰਾਂ ਨੇ ਪ੍ਰਸੰਨ ਹੋਕੇ ਭਾਟ ਸਿੰਘ ਭਾਈ ਫੇਰਾ ਜੀ ਨੂੰ ਬਾਰਵੀਂ ਮੰਜੀ ਬਖਸ਼ੀ। ਇਹ ਸਰੋਤ ਸੰਖਿਆ ਕੋਸ਼ ਤੋਂ ਪ੍ਰਾਪਤ ਹੁੰਦਾ ਹੈ।**

ਫਤਹਿ ਸਿੰਘ ਨਾਮਧਾਰੀਆ— ਭਾਟੜਾ ਸੰਪ੍ਰਦਾਇ ਵਿਚੋਂ ਪਤਿਵਾਲ ਗੋਤ ਧਾੜੀ ਵਾਲ ਜ਼ਿਲ੍ਹਾ ਸਿਆਲਕੋਟ ਦੇ ਵਸਨੀਕ ਸਨ। ਨਾਮਧਾਰੀ ਸੰਪ੍ਰਦਾਇ ਵਿਚ ਪ੍ਰਵੇਸ਼ ਹੋਣ ਕਾਰਨ ਅੰਮ੍ਰਿਤਸਰ ਵਿਖੇ ਦੁਕਾਨ ਬਣਾਕੇ ਅੰਮ੍ਰਿਤਸਰ ਦੇ ਵਸਨੀਕ ਬਨ ਗਏ। ਇਹਨਾਂ ਨਾਮਧਾਰੀ ਮਿਸ਼ਨ ਅੰਦਰ ਕਾਫੀ ਪ੍ਰਸਿਧੀ ਪ੍ਰਾਪਤ ਕੀਤੀ। ਅੰਗਰੇਜਾਂ ਦੀ ਚੁਕ ਨਾਲ ਮੁਸਲਮਾਨ ਕਸਾਈਆਂ ਨੇ ਸ੍ਰੀ ਦਰਬਾਰ ਸਾਹਿਬ ਘੰਟਾ ਘਰ ਨੇੜੇ ਬੁਚੜਖਾਨਾਂ ਬਣਾਇਆ ਤਾਂ ਗਉ ਦਾ ਹਲਾਲ ਮਾਸ ਕਾਵਾਂ ਤੇ ਗਿਰਝਾਂ ਰਾਹੀਂ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿਚ ਡਿਗਨ ਲਗਾ। ਇਹ ਬੇ-ਅਦਬੀ ਨਾ ਸਹਾਰਦੇ ਹੋਏ ਫਤਹਿ ਸਿੰਘ ਆਦਿ ਨਾਮਧਾਰੀ ਸਿੰਘਾਂ, ਨੇ ਜੋ ਕਾਰਨਾਮਾ ਕੀਤਾ ਉਹ ਨਾਮਧਾਰੀ ਇਤਿਹਾਸ ਵਿਚੋਂ ਦਰਜ ਕੀਤਾ ਜਾਂਦਾ ਹੈ। ਯਥਾ...

ਦੋ ਅਗਸਤ ਨੂੰ ਕਰਨਲ ਬੇਲੀ-ਗੁਲਾਬ ਸਿੰਘ ਵਾਅਦਾ-ਮਾਫ਼ ਗੁਆਹ ਨੂੰ ਨਾਲ ਲੈਕੇ ਅੰਮ੍ਰਿਤਸਰ ਪਹੁੰਚ ਗਿਆ। ਗੁਰੂ ਰਾਮ ਸਿੰਘ ਜੀ ਪਾਸ ਇਨ੍ਹਾਂ ਮੁਕਦੱਮਿਆਂ ਦੀਆਂ ਖਬਰਾਂ ਭੈਣੀ ਪਹੁੰਚਦੀਆਂ ਰਹਿੰਦੀਆਂ ਸਨ। ਰਾਇਰੌਲ ਵਾਲੇ ਮੁਕਦੱਮੇ ਵਿਚ ਉਨ੍ਹਾਂ ਨੂੰ ਖੁਦ ਬੱਸੀਏ ਜਾਣਾ ਪਿਆ ਸੀ। ਜਿਥੇ ਉਨ੍ਹਾਂ ਨੇ ਗੁਲਾਬ ਸਿੰਘ ਵਾਅਦਾ ਮੁਆਫ ਦੇ ਝੂਠੇ ਪਾਜ ਉਧੇੜ ਕੇ ਰੱਖ ਦਿਤੇ ਸਨ। ਜਦ ਉਨ੍ਹਾਂ ਨੇ ਵੇਖਿਆ ਕਿ ਅੰਗਰੇਜ ਹਾਕਮ ਬੁਚੜਾਂ ਦੇ ਕਾਤਲਾਂ ਕਾਰਨ ਘਬਰਾਏ ਹੋਏ ਹਨ। ਅਤੇ ਨਾਮਧਾਰੀਆ ਨੂੰ ਤਬਾਹ ਕਰਨ ਦੇ ਜੋਸ਼ ਵਿਚ ਬੇ-ਦੋਸ਼ਿਆਂ ਨੂੰ ਹੀ ਫਾਂਸੀਆਂ ਤੇ ਟੰਗਨ ਲਗ ਪਏ ਹਨ।

* ਬਿਆਨਕਾਰ ਸੰਤ ਹਵੇਲ ਸਿੰਘ ਗੜਗਜ ਨਾਮਧਾਰੀਆ। **ਸੰਖਿਆ ਕੋਸ਼ (ਪੰਨਾ 208)।

Digitized by Panjab Digital Library | www.panjabdigilib.org

ਤਦ ਗੁਰੂ ਨੇ ਹੁਕਮ ਦੇ ਦਿਤਾ ਕਿ ਬੇਦੋਸ਼ਿਆਂ ਨੂੰ ਫਾਂਸੀਆਂ ਤੋਂ ਬਚਾਉਣ ਲਈ ਨਾਮਧਾਰੀ ਸਿੰਘ ਆਪਣੇ ਦੋਸ਼ ਦਾ ਇਕਬਾਲ ਕਰ ਲੈਣ। ਇਸ ਤੇ ਭਾਈ ਬੀਲਾ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਆਪ ਪੇਸ਼ ਹੋ ਕੇ ਅੰਮ੍ਰਿਤਸਰ ਵਾਲੇ ਕਾਤਲਾਂ ਦਾ ਇਕਬਾਲ ਕਰ ਲਿਆ। ਦੋ ਅਗਸਤ ਤੋਂ ਸਤ ਅਗਸਤ ਤਕ ਪੁਲੀਸ ਨੇ ਮੁਕਦਮਾਂ ਤਿਆਰ ਕਰਕੇ ਮੁਜਿਸਟਰੇਟ ਦੇ ਪੇਸ਼ ਕੀਤਾ।

ਮੁਜਿਸਟਰੇਟ ਨੇ ਗਵਾਹੀਆਂ ਲੈ ਕੇ ਬੀਲਾ ਸਿੰਘ ਸੰਧੂ ਪਿੰਡ ਨਾਹਲੀ, ੧. ਫਤਹਿ ਸਿੰਘ ਭਾਟੜਾ ਸਿੱਖ ਦੁਕਾਨਦਾਰ ਅੰਮ੍ਰਿਤਸਰ, ੨. ਹਾਕਮ ਸਿੰਘ ਪਟਵਾਰੀ ਮੋਹੜੇ ੩. ਲਹਿਨਾ ਸਿੰਘ ਪੁਤਰ ਮੁਸੰਦਾਂ ਸਿੰਘ ਤਰਖਾਣ ਅੰਮ੍ਰਿਤਸਰ ੪. ਲਹਿਨਾ ਸਿੰਘ ਲੋਪੋ ਦੇ ਵਾਅਦਾ ਮੁਆਫ ਨੂੰ (ਹਿੰਦ ਡੰਡਾਂ ਵਾਲੀ) ਦੀ ਧਾਰਾ 302 ਹੇਠ, ਲਾਲ ਸਿੰਘ ਲਹਿਣਾ ਸਿੰਘ ਨੂੰ ਹਿੰਦ ਡੰਡਾਵਲੀ ਦੀਆਂ ਧਾਰਾਂ 109 ਅਤੇ 302 ਹੇਠ ਸੈਸ਼ਨ ਜੱਜ ਪਾਸ ਚਲਾਨ ਕਰ ਦਿਤੇ। ਅਤੇ ਮੇਹਰ ਸਿੰਘ ਲੋਪੋ ਕੇ, ਝੰਡਾ ਸਿੰਘ ਪਿੰਡ ਠੱਠਾ ਅਤੇ ਲਛਮਨ ਸਿੰਘ ਪਿੰਡ ਚਾਹਲ ਜ਼ਿਲਾ ਗੁਰਦਾਸਪੁਰ ਤਿੰਨਾਂ ਨੂੰ ਭਗੌੜੇ ਕਰਾਰ ਦਿਤਾ ਗਿਆ। ਮਿਸਟਰ ਡਬਲਯੂ. ਜੇ. ਡੀਵਿਸ ਸ਼ੈਸਨ ਜੱਜ ਨੇ ਸ: ਰਣਜੋਧ ਸਿੰਘ, ਖਾਨ ਗੁਲਾਮ ਕਾਦਰ ਅਤੇ ਸ੍ਰੀ ਬਾਲ ਮੁਕੰਦ ਤਿੰਨਾਂ ਅਸੈਸਰਾ ਦੀ ਸੰਮਤੀ ਨਾਲ 31 ਅਗਸਤ 1871 ਨੂੰ ਬੀਰਾ ਸਿੰਘ ਜੱਟ ੧, ਫਤਹਿ ਸਿੰਘ ਭਾਟੜਾ ਸਿੱਖ ੨. ਹਾਕਮ ਸਿੰਘ ਬ੍ਰਾਹਮਨ ੩. ਲਹਿਨਾ ਸਿੰਘ ਤਰਖਾਣ ੪. ਇਹਨਾਂ ਚਾਰੇ ਨਾਮਧਾਰੀਆਂ ਨੂੰ ਫਾਂਸੀ ਦੀਆਂ ਸਜਾਵਾਂ ਦਿਤੀਆਂ। ਲਾਲ ਸਿੰਘ ਤੇ ਲਹਿਣਾ ਸਿੰਘ ਪੁਤਰ ਬੁਲਾਕਾ ਸਿੰਘ ਦੋਨਾਂ ਨੂੰ ਕਾਲੇ ਪਾਣੀ ਦੀਆਂ ਸਜਾਵਾਂ ਸੁਨਾਈਆਂ ਗਈਆਂ। 9 ਨਵੰਬਰ 1871 ਨੂੰ ਇਨ੍ਹਾਂ ਚਾਰ ਮੌਤ ਦੇ ਦੋਸ਼ੀਆਂ ਦੀ ਮਿਸਾਲ ਪੰਜਾਬ ਚੀਫ ਕੋਰਟ ਦੇ ਜੱਜ ਮਿਸਟਰ ਜੇ. ਐਸ. ਕੈਮਪਬੈਲ ਦੇ ਸਾਹਮਣੇ ਪੇਸ਼ ਹੋਈ। ਕਿਉਂਕਿ ਮੌਤ ਦੀ ਸਜਾ ਨੂੰ ਚੀਫ ਕੋਰਟ ਨੇ ਪੱਕਿਆਂ ਕਰਨਾ ਸੀ। ਜੱਜ ਸਾਹਿਬ ਨੇ ਮੌਤ ਦੀ ਸਜਾ ਨੂੰ ਬਹਾਲ ਰੱਖਿਆ। 11 ਸਤੰਬਰ ਨੂੰ ਮਿਸਟਰ ਸੀ. ਆਰ. ਲਿੰਡਰਾਂ ਨੇ ਮਿਸਟਰ ਕੈਮਪਬੈਲ ਦੇ ਫੈਸਲੇ ਦੀ ਤਸਦੀਕ ਕਰ ਦਿਤੀ। 15 ਸਤੰਬਰ 1871 ਵਾਲੇ ਦਿਨ ਉਕਤ ਚਾਰ ਨਾਮਧਾਰੀ ਸਿੰਘਾਂ ਨੂੰ ਅੰਮ੍ਰਿਤਸਰ ਵਿਖੇ ਰਾਮਬਾਗ ਦੇ ਇਕ ਵਡੇ ਬੋਹੜ ਨਾਲ ਆਮ ਲੋਕਾਂ ਸਾਹਮਣੇ ਫਾਂਸੀਆਂ ਦਿਤੀਆਂ ਗਈਆਂ।*

ਉਕਤ ਨਾਮਧਾਰੀ ਸ਼ਹੀਦਾਂ ਸਿੰਘਾਂ ਦਾ ਜ਼ਿਕਰ ਅਨ-ਛਪੀ ਪੁਸਤਕ ਗੁਰ ਬਿਲਾਸ ਵਿਚ ਇਸ ਪ੍ਰਕਾਰ ਕੀਤਾ ਹੋਇਆ ਹੈ। ਯਥਾ.. ਫਾਂਸੀ ਵਾਲੇ ਸਿੰਘਾਂ ਨੂੰ ਫਰੰਗੀ ਨੇ ਕਿਹਾ ਜੋ ਕੁਝ ਖਾਣਾ ਹੈ ਖਾਏ ਲਵੋ। ਜਿਸਨੂੰ ਮਿਲਨਾ ਹੈ ਉਸਨੂੰ ਮਿਲ ਲਵੇ। ਸਿੰਘਾਂ ਨੇ ਕਿਹਾ ਸਾਡਾ ਅੱਬ ਨਾਮ ਹੈ। ਅਕਾਲ ਪੁਰਖ ਮਰਨ ਥੀ ਸਾਨੂੰ ਕੋਈ ਡਰ ਨਹੀਂ ਹੈ। ਕਿਉਂਕਿ ਸਾਡੇ ਵਡਿਆਂ ਨੇ ਧਰਮ ਹੇਤ ਸੀਸ ਦਿਤੇ ਹਨ, ਤੇ ਸੀ ਨਹੀਂ ਕੀਤੀ। ਇਸੇ ਤਰ੍ਹਾਂ ਅਸੀਂ ਸੀਸ ਦੇਵਾਂਗੇ। ਧਾਕ ਸੈਨ ਭੀ ਸਾਡਾ ਧਰਮ ਹੈ। ਅਸੀਂ ਕਿਸੇ ਨੂੰ ਨਹੀਂ ਮਿਲਨਾ ਹੈ। ਸੁਣ ਕੇ ਫਰੰਗੀ ਚੁਪ ਕਰ ਰਿਹਾ। ਕੋਈ ਉਤਰ ਨਾ ਫੁਰਿਆ। ਸਿੰਘਾਂ ਨੇ ਅੰਮ੍ਰਿਤਸਰ ਤਲਾ ਵਿਚ ਇਸ਼ਨਾਨ ਕਰਕੇ ਗੁਰੂ ਗ੍ਰੰਥ ਸਾਹਿਬ ਕਾ ਜੋ ਭੋਗ ਪਾਇਆ (ਸ਼ਬਦ ਚੜਾਈ ਕਾ ਪੜਕੇ) ਤਾਂ ਉਸੇ ਵਕਤ ਸਿਪਾਹੀਆਂ ਨੇ ਹਕਮ ਆਇ ਸੁਨਾਇਆ : ਕਿ ਚਲੋ ਸਿੰਘੋ, ਸਿੰਘ ਢੋਲਕੀ ਬਜਾਇ ਕੇ ਸ਼ਬਦ ਪੜ੍ਹਦੇ ਗਏ।

ਯਥਾ...ਤੇਰੀ ਸਰਨ ਮੇਰੇ ਦੀਨ ਦਿਆਲਾ। ਧੁਖ ਸਾਗਰ ਮੇਰੇ ਗੁਰ ਗੁਪਾਲਾ। ਕਰ ਕਿਰਪਾ ਨਾਨਕ ਗੁਣ ਗਾਵੈ, ਰਾਖਹੁ ਸਰਮ ਅਸਾਡੀ ਜੀਉ। ਬੜੀ ਛਬ ਨਾਲ ਸ਼ਬਦ ਪੜਿਆ ਔਰ ਚਲੇ। ਬੀਲਾ ਸਿੰਘ ਨੇ ਅਰਦਾਸਾ ਕੀਤਾ, ਔਰ ਟੁਰੇ ਆਇ ਫਾਂਸੀ ਵਾਲੀ ਜਗਾਹ ਤੇ। ਸਿੰਘਾਂ ਦੇ ਚੇਹਰਿਆਂ ਤੇ ਲਾਲੀਆਂ ਦਿਸਦੀਆਂ ਸਨ।

* ਪੜੋ : ਨਾਮਧਾਰੀ ਇਤਿਹਾਸ—ਲੇਖਕ ਨਾਹਰ ਸਿੰਘ ਐਮ. ਏ. ਪੰਨਾ 308 ਤੋਂ 312 ਤਕ

Digitized by Panjab Digital Library | www.panjabdigilib.org

ਬੇ ਗ਼ਮ ਹੈ, ਜਿਹਨਾਂ ਕੇ ਮਨ ਮੈਂ ਮੌਤ ਕਾ ਭੈ ਨਹੀਂ ਹੈ। ਨਿਰਤ ਸੇ ਸ਼ਬਦ ਪੜਦੇ ਹੈ। ਤੱਖਤ ਪਰ ਚੜੇ ਅਰਦਾਸਾ ਚੜਾਈ ਦਾ ਕੀਤਾ। ਤੇ ਬੋਲਾ ਇਹ ਕੀਤਾ। ਜੋ ਮੈਂ ਤੇਰੇ ਪ੍ਰਤਾਪ ਸੇ ਤੱਖਤ ਪਰ ਚੜਿਆ ਹਾਂ। ਬੜੀ ਨੇਕ ਨਾਮੀ ਪਾਈ ਹੈ। ਬੜਾ ਅੰਹਦਾ ਹੋਇਆ ਹੈ। ਬੜੇ ਹੌਸਲੇ ਵਾਲਿਆਂ ਨੇ ਚੂੜਾ ਨੇੜੇ ਨਹੀਂ ਆਉਣ ਦਿਤਾ। ਆਪਣੇ ਹੱਥੀ ਰਸੇ ਗਲਾਂ ਮੈ ਪਾਇ। ਚਿਟੀਆਂ ਪੁਸ਼ਾਕਾਂ ਹੰਸਾ ਵਰਗੀਆਂ ਸ਼ਕਲਾਂ। ਸਤ ਸ੍ਰੀ ਅਕਾਲ ਬੁਲਾਈ। ਪੈਰਾਂ ਹੇਠੋ ਪਟੜਾ ਖਿਚਿਆ। ਅੰਤ ਕਾ ਝੂਟਾ ਆਇਆ। ਪ੍ਰਾਣ ਜੁਦਾ ਹੋਏ। ਫਾਂਸੀ ਉਤੋਂ ਲੱਸਾਂ ਲਾਹਕੇ ਦਾਹ ਕੀਤੀਆਂ! ਸਿਧੇ ਮੂੰਹ ਹੋਏ, ਸੀਸ ਦੀਏ ਸੀ ਨਹੀਂ ਕੀਤੀ। ਸੂਰਮਿਆਂ ਨੇ ਅਗੇ ਹੀ ਪੈਰ ਪਰਨੇ। ਨਾਮਧਾਰੀ ਸਿੰਘਾਂ ਦੇ ਆਪਣੇ ਆਪ ਜੁਰਮ ਇਕਬਾਲ ਕਰ ਲੈਣ ਤੇ ਮਿਸਟਰ ਕ੍ਰਿਸਟੀ ਦੀ ਬੜੀ ਬੇਇਜ਼ਤੀ ਹੋਈ। ਲੋਕੀ ਪੁਲਿਸ ਦੀ ਤਫਤੀਸ਼ ਅਤੇ ਅੰਗ੍ਰੇਜ਼ੀ ਹਕੂਮਤ ਦੇ ਇਨਸਾਫ ਸਬੰਧੀ ਕਰੜੀਆਂ ਗੱਲਾਂ ਕਹਿਣ ਲਗ ਪਏ। ਸ਼ਹਿਰ ਵਿਚ ਰੌਲਾ ਪੈ ਗਿਆ। ਨਾਮਧਾਰੀ ਅਤੇ ਗੁਰੂ ਰਾਮ ਸਿੰਘ ਜੀ ਦੀ ਜੈ ਜੈ ਕਾਰ ਹੋਣ ਲਗ ਪਈ।*

ਬ

ਬੀੜ ਭਾਈ ਬੰਨੋ ਜੀ—ਸਭ ਤੋਂ ਪਹਿਲੀ ਲਿਖੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਜਿਸਨੂੰ ਭਾਈ ਗੁਰਦਾਸ ਜੀ ਨੇ ਲਿਖਿਆ ਤੇ ਗੁਰੂ ਅਰਜਨ ਸਾਹਿਬ ਨੇ ਆਪਣੀ ਦੇਖ ਰੇਖ ਵਿਚ ਸੰਪਾਦਨ ਕੀਤਾ ਸੀ। ਜਿਲਦ ਬਨਾਣ ਸਮੇਂ ਨਾਲ ਹੀ ਭਾਈ ਬੰਨੋ ਜੀ ਨੇ ਦੂਸਰਾ ਉਤਾਰਾ ਕੀਤਾ। ਉਤਾਰੇ ਵਾਲੀ ਆਦਿ ਬੀੜ ਪਰ ਹੀ ਗੁਰੂ ਅਰਜਨ ਸਾਹਿਬ ਦੀ ਲਿਖੀ ਵਾਰਤਕ ਬਾਣੀ 'ਹਕੀਕਤ ਰਾਹੁ ਮੁਕਾਮ ਤਾਜ ਸ਼ਿਵਨਾਭ ਕੀ' (ਜੋ ਭਾਈ ਪੈੜਾ ਜੀ ਦੀ ਲੰਕਾ ਫੇਰੀ ਨਾਲ ਸਬੰਧਤ ਸੀ) ਗੁਰੂ ਆਗਿਆ ਅਨੁਸਾਰ ਭਾਈ ਬੰਨੋ ਜੀ ਨੇ ਲਿਖ ਕੇ ਸੁਰਖਿਅਤ ਕੀਤੀ। ਇਸੇ ਬਾਣੀ ਵਿਚ ਭਾਟੜਾ ਸੰਗਤਿ ਦਾ ਸੰਖੇਪ ਤੇ ਮੂਲ ਇਤਿਹਾਸ ਦਰਜ ਹੈ। ਭਾਈ ਬੰਨੋ ਜੀ ਲਿਖਤ ਇਸੇ ਆਦਿ ਗ੍ਰੰਥ ਸਾਹਿਬ ਨੂੰ ਹੀ ਇਤਿਹਾਸਕ ਪੱਖੋਂ ਭਾਟੜਾ ਸੰਗਤਿ ਤਥਾ ਸਿੱਖ ਸੰਸਾਰ ਵਾਸਤੇ ਗੁਰੂ ਗ੍ਰੰਥ ਸਾਹਿਬ ਦਾ ਅਧਿਕਾਰ ਪ੍ਰਾਪਤ ਹੈ।

ਬ੍ਰਹਿਮ ਭਾਟ—ਭਾਟ ਸੰਗਤਿ ਵਿਚੋਂ ਮਹਾਨ ਕਵੀ ਭਾਈ ਬ੍ਰਹਿਮ ਭਾਟ ਜੀ ਕਵਿ ਕੁਵਰੇਸ਼ ਦੇ ਸਮਕਾਲੀ ਕੁਰਕਸ਼ੇਤਰ ਨਿਵਾਸੀ ਸਨ। ਬ੍ਰਹਿਮ ਸ਼ਬਦ-(ਸੰਸਕ੍ਰਿਤ)- ਸਭ ਤੋਂ ਵਧਿਆ ਹੋਇਆ 2. ਵਿਦਿਆ ਨਿਪੁੰਨ। ਭਾਟ ਸ਼ਬਦ ਦੇ ਆਮ ਅਰਥ ਹਨ ਵਿਦਵਾਨ। ਬ੍ਰਹਿਮ ਭਾਟ ਜੀ ਚੰਗੇ ਵਿਦਵਾਨ ਕਵੀ, ਇਕਾਂਤ ਪ੍ਰੇਮੀ, ਨਿਰਲੇਪ ਤੇ ਤਿਆਗੀ ਸੰਤ ਸਨ। ਇਹਨਾਂ ਦਾ ਜਿਕਰ ਗੁਰੂ ਗੋਬਿੰਦ ਸਿੰਘ ਜੀ ਦੇ ਕਵੀਆਂ (ਬਵੰਜਾ ਕਵੀਆਂ ਤੋਂ ਇਲਾਵਾ) ਵਿਚ ਲਿਖਿਆ ਮਿਲਦਾ ਹੈ। ਯਥਾ...ਦਯਾ ਸਿੰਘ, ਅਚਲ ਦਾਸ, ਸੇਖਾ, ਰਾਜ ਚੰਦ, ਤਨਸੁਖ, ਲੱਖਣ, ਭੋਜ ਰਾਜ, ਬ੍ਰਹਿਮ ਭਾਟ; ਸੁੰਦ੍ਰ, ਸਾਰਦਾ, ਜਾਨ, ਠਾਕੁਰ ਆਦਿ ਕਵੀ ਅਨੰਦਪੁਰ ਦਰਬਾਰ ਵਿਚ ਸਾਹਿਤ ਰਚਨਾ ਕਰਦੇ ਰਹੇ।**

ਬੁਲਾਕਾ ਸਿੰਘ ਭਾਈ—ਭਾਈ ਬੁਲਾਕਾ ਸਿੰਘ ਜੀ ਪਿੰਡ ਗਲੋਟੀਆਂ ਜ਼ਿਲ੍ਹਾ ਸਿਆਲਕੋਟ ਦੇ ਧਾਰਮਿਕ

---

* ਗੁਰ ਬਲਾਸ ਲਿਖਤੀ ਪੱਤੀ ਵਿਚੋਂ।

ਨੋਟ : ਸੈਦਪੁਰ ਸਡਿਆਲੀ ਵਾਲੇ ਬ੍ਰਹਿਮ ਭਾਟ ਵਖਰੇ ਸਨ।

** ਪੜੋ : ਸੰਖੇਪ ਸਿੱਖ ਇਤਿਹਾਸ—ਸ. ਪਿਆਰ ਸਿੰਘ ਪਦਮ (ਪੰਨਾ 63)।

Digitized by Panjab Digital Library | www.panjabdigilib.org

ਜਥਿਆਂ ਦੇ ਮੁਖ ਜਥੇਦਾਰ ਤੇ ਪ੍ਰਬੰਧਕ ਸਨ। ਆਪ ਭਾਟ ਸਮਾਜ ਦੇ ਸੁਧਾਰਵਾਦੀ, ਏਕਤਾ ਉਪਾਸ਼ਕ, ਸ਼ੁੱਧ ਵਿਚਾਰਾਂ ਵਾਲੇ ਉਤਸ਼ਾਹੀ ਬਜ਼ੁਰਗ ਸਨ। ਇਨ੍ਹਾਂ ਦੀਆਂ ਚਲਾਈਆਂ ਗੁਰਮਤ ਪਲੀਆਂ ਸਦ ਨਵੇਲੀਆਂ ਬਣੀਆਂ ਰਹਿਣਗੀਆਂ।

ਬੁਧ ਸਿੰਘ ਬੰਗਲੇ ਵਾਲਾ—ਸ. ਬੁਧ ਸਿੰਘ ਜੀ ਰਠੌਰ ਦਾ ਜਨਮ ਪਿਤਾ ਦਿਤ ਸਿੰਘ ਤੇ ਮਾਤਾ ਸੋਭ ਕੌਰ ਦੇ ਘਰ ਹੋਇਆ। ਇਨ੍ਹਾਂ ਭਰ ਜਵਾਨੀ ਤਕ ਗੁਰਮੁਖੀ, ਹਿੰਦੀ, ਲੰਡੇ, ਸੰਸਕ੍ਰਿਤ, ਫਾਰਸੀ, ਉਰਦੂ ਤੇ ਅੰਗਰੇਜ਼ੀ ਵਿਚ ਵਿਦਿਆ ਪ੍ਰਾਪਤ ਕੀਤੀ। ਆਲਾ ਹਕੀਮ ਹੋਣ ਕਾਰਣ ਆਪ ਨੇ ਹਿਕਮਤ ਬਾਰੇ ਦੋ ਗ੍ਰੰਥ 'ਤਿੱਬ ਹਕੀਕੀ' ਤੇ 'ਵੈਦਕ ਵਿਦਿਆ' ਲਿਖੇ ਜੋ ਦੇਸ਼ ਬਟਵਾਰੇ ਦੀ ਤਬਾਹੀ ਵਿਚ ਨਸ਼ਟ ਹੋ ਗਏ। ਸ. ਬੁਧ ਸਿੰਘ ਜੀ ਨੇ 'ਹਕੀਮ-ਉਲ-ਹੁਕਮਾਂ' ਤੇ 'ਆਜ਼ੁਰ ਵੇਦ ਆਚਾਰੀਆ' ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਸੰਮਤ 1940 ਬਿ. ਵਿਚ ਆਪ ਨੇ ਮਹਾਂਮਾਰੀ ਸਮੇਂ ਭਿਆਨਕ ਰੋਗ ਨਾਲ ਗ੍ਰਸੇ ਲੱਖਾਂ ਰੋਗੀਆਂ ਨੂੰ ਮੌਤ ਤੋਂ ਬਚਾਇਆ। ਮੌਤ ਦੇ ਇਸ ਤੂਫਾਨ ਵਿਚ ਜਦ ਆਪਣੇ ਵੀ ਨਹੀਂ ਬਣਦੇ ਸਨ, ਤੇ ਰੋਗੀਆਂ ਨੂੰ ਲੋਕ ਘਰਾਂ ਤੋਂ ਕੱਢ ਜੰਗਲਾਂ ਵਿਚ ਛੱਡ ਆਉਂਦੇ, ਸ੍ਰ: ਬੁਧ ਸਿੰਘ ਜੀ ਰੋਗੀਆਂ ਦੀ ਘਰ ਘਰ ਖਬਰ ਲੈਂਦੇ ਤੇ ਦੁਆਈਆਂ ਵੰਡਦੇ ਸਨ। ਇਹ ਦੇਖ ਸ੍ਰ: ਬੁਧ ਸਿੰਘ ਜੀ ਨੂੰ ਲੋਕਾ ਰੱਬ ਦਾ ਰੂਪ ਆਖਿਆ ਤੇ ਜਾਣਿਆ। ਜੋ ਲੋਕ ਮਹਾਮਾਰੀ ਤੋਂ ਬਚ ਗਏ ਉਹਨਾਂ ਨੇ ਆਪਣਾ ਸਹਾਇਕ ਜਾਣਕੇ ਇਸ ਸੇਵਾ ਬਦਲੇ ਆਪ ਨੂੰ ਆਪਣਾ ਆਗੂ ਮਿਥ ਲਿਆ। ਸ: ਬੁਧ ਸਿੰਘ ਜੀ ਨੇ ਸਿਆਲਕੋਟ, ਮੁਲਤਾਨ, ਮੁਜੱਫਰ ਗੜ੍ਹ, ਕਰਾਂਚੀ, ਕਾਬਲ, ਕੰਧਾਰ ਤੇ ਲਾਹੌਰ ਤੱਕ ਵਿਚਰ ਕੇ ਗੁਰਮਤ ਪ੍ਰਚਾਰ ਨਾਲ ਵੈਦਕ ਦਾ ਭੰਡਾਰ ਵੀ ਵੇਂਡਿਆ। ਇਨ੍ਹਾਂ ਮੁਲਤਾਨ ਸ਼ਹਿਰ ਅੰਦਰ ਇਕ ਮਸੀਤ ਤੇ ਇਕ ਗੁਰਦਵਾਰਾ (ਨਾਨਕ ਵਾੜਾ) ਆਪਣੇ ਖਰਚੇ ਤੇ ਬਣਵਾਏ।

ਆਪ ਆਮ ਬਚਿਆਂ ਨੂੰ ਵਿਦਿਆ ਪੜ੍ਹਨ ਦੀ ਪ੍ਰੇਰਨਾ ਕਰਦੇ ਤੇ ਕੈਦੇ (ਬਾਲ ਉਪਦੇਸ਼) ਮੁਫ਼ਤ ਵੰਡਦੇ ਸਨ। ਸਰਦਾਰ ਬੁਧ ਸਿੰਘ ਜੀ ਲੱਕੜ ਦੇ ਕੰਮ ਦੇ ਵੀ ਚੰਗੇ ਕਲਾਕਾਰ ਸਨ। ਇਨ੍ਹਾਂ ਆਪਣੇ ਤਜਰਬੇ ਨਾਲ ਇਕ ਲੱਕੜ ਦਾ ਬੰਗਲਾਂ ਤਿਆਰ ਕੀਤਾ ਜਿਸ ਵਿਚ ਇਕੋ ਜਗਾਂਹ ਪੁਰਸ਼ ਅਤੇ ਇਸਤਰੀਆਂ ਨੂੰ ਵਖ ਵਖ ਕੰਮ ਇਸ ਤਰ੍ਹਾਂ ਕਰਦਿਆਂ ਦਿਖਾਇਆ ਗਿਆ ਸੀ—

1. ਪਹਿਲੇ ਕਲਾਦਾਨ ਨਾਲ-- ਸਿੱਖ ਫੌਜਾਂ ਨੇ ਗਤਕਾ ਖੇਡਨਾ ਤੇ ਪਰੇਡ ਕਰਨੀ।
2. ਦੂਜੇ " " ਬੈਂਡ ਵਾਜਾ ਵੱਜਨਾ ਤੇ ਜਨੇਤ ਦਾ ਦਰਿਸ਼ ਦਿਖਾਣਾ।
3. ਤੀਜੇ " " ਕੁੜੀਆਂ ਤ੍ਰਿੰਞਣ ਕਤਨਾ ਤੇ ਢੋਲਕ ਵਜਾਣੀ।
4. ਚੌਥੇ " " ਬਚਿਆਂ ਸਕੂਲੇ ਪੜਨਾ ਤੇ ਖਿਦੋ ਦੀ ਖੇਡ ਖੇਡਨੀ।
5. ਪੰਜਵੇਂ " " ਨੰਬਰਦਾਰਾ ਤੇ ਪੰਚਾਇਤ ਨੇ ਪਿੰਡ ਦੇ ਫੈਸਲੇ ਕਰਨੇ।

ਇਸੇ ਕਰਕੇ ਸ. ਬੁਧ ਸਿੰਘ ਜੀ ਦਾ ਉਪਨਾਮ 'ਬੰਗਲੇ ਵਾਲਾ' ਪੈ ਗਿਆ। ਆਪ ਚੰਗੇ ਸਰਦੇ-ਪੁਜਦੇ ਤੇ ਦਿਲਾਵਰ ਪੁਰਸ਼ ਸਨ ਤੇ ਅਥਿੱਤੀ ਸਤਿਕਾਰ ਲਈ ਮਸ਼ਹੂਰ ਸਨ। ਹਰ ਲੋੜ ਵੰਦ ਨਾਲ ਸਾਧਕੀ ਵਰਤਾਉ ਰੱਖਣ ਕਰਕੇ ਆਮ ਲੋਕਾਂ ਵਿਚ ਬੜੇ ਸਤਕਾਰੇ ਜਾਂਦੇ ਸਨ। ਇਨਾਂ ਦਾ ਅੰਤਮ ਅੰਗੀਠਾ ਚੂਹਨੀਆ ਖੁਡੀਆ ਇਲਾਕਾ ਕਸੂਰ ਜ਼ਿਲਾ ਲਹੌਰ ਵਿਖੇ ਬਣਿਆ ਜੋ 1947 ਤਕ ਉਥੇ ਮੌਜੂਦ ਸੀ।

Digitized by Panjab Digital Library | www.panjabdigilib.org

ਬਬੇਕ ਸਿੰਘ ਪੰਡਿਤ—ਸ੍ਰੀ ਮਾਨ ਪੰਡਿਤ ਬਬੇਕ ਸਿੰਘ ਜੀ ਡਸਕਾਕੋਟ ਦੇ ਗੌੜ ਵੰਸੀ ਭਾਟੜਾ ਸੰਪ੍ਰਦਾਇ ਵਿਚੋਂ ਨਿਹੰਗ ਸਿੰਘ ਸਨ। ਆਪ ਪੰਚ ਖਾਲਸਾ ਦਿਵਾਨ ਭਸੌੜ ਦੇ ਧੜੱਲੇਦਾਰ ਤੇ ਉਘੇ ਵਿਦਵਾਨ ਪ੍ਰਚਾਰਕ ਸਨ। ਆਪ ਨੇ ਕੁਝ ਸਮਾਂ ਘਰਝਾਖ ਸਿੰਘ ਸਭਾ ਗੁਜਰਾਂਵਾਲਾ ਵਿਚ ਗੁਰਮਤ ਪ੍ਰਚਾਰ ਕੀਤਾ। ਇਕ ਪ੍ਰਚਾਰਕ ਦੇ ਤੌਰ ਤੇ ਆਪ ਨੂੰ ਭਾਰਤ ਦੇ ਦੂਰ ਦੂਰ ਪ੍ਰਗਨਿਆ ਵਿਚ ਜਾ ਕੇ ਗੁਰਮਤ ਪ੍ਰਚਾਰ ਦਾ ਸੁਭਾਗ ਸਮਾਂ ਪ੍ਰਾਪਤ ਹੋਇਆ।*

ਬਾਘ ਭੱਟ—ਸ੍ਰੀ ਬਾਘ ਭੱਟ ਜੀ ਭਾਟ ਸੰਗਤਿ ਦੇ ਆਯੁਰਵੇਦ ਆਚਾਰੀਆ ਬਣਵਾਸੀ ਤੇ ਤਪੱਸੀ ਮਹਾਤਮਾ ਸਨ। ਇਹ ਮਹਾਂਭਾਰਤ ਦੇ ਜ਼ਮਾਨੇ, ਮਹਾਰਾਜਾ ਯੁਧਿਸ਼ਟਰ ਦੇ ਮੁੱਖ ਰਾਜਵੈਦ ਸਨ। ਇਨ੍ਹਾਂ ਧਨੰਤਰ ਵੈਦ ਵਾਂਗ ਇਕ ਅਨੋਖਾ ਸੰਸਕ੍ਰਿਤ ਗ੍ਰੰਥ 'ਬਾਘ ਭੱਟ' ਆਪਣੇ ਨਾਮ ਪਰ ਰਚਕੇ ਅਮੋਲਕ ਸੇਵਾ ਕੀਤੀ। ਸ੍ਰੀ ਬਾਘ ਭੱਟ ਜੀ ਦਾ ਲਿਖਿਆ ਇਹ ਗ੍ਰੰਥ ਵੈਦਕ ਦਾ ਬਹੁਤ ਪ੍ਰਸਿੱਧ ਗ੍ਰੰਥ ਹੈ।**

ਬੱਡ ਗੁਜਰ ਗੋਤ—ਦੋ ਸ਼ਬਦਾਂ ਦੀ ਸੰਧੀ ਤੋਂ ਬਣੀ ਇਕ ਵਰਨ ਸ਼ਾਖ-ਬੱਡ (ਸੰਗਿਆ)-ਵੱਡਾ ਯਥਾ—ਬਡ ਪ੍ਰਤਾਪ ਸੁਨਿਓ ਪ੍ਰਭ ਤੁਮਰੋ (ਬਿਲਾ. ਮ. ੫) ਗੁਜਰ (ਸੰਗਿਆ)-ਗੋ ਚਾਰਕ, ਛੱਤਰੀਆਂ ਵਿਚੋਂ ਇਕ ਗੋਤ। ਅਰਥ ਛੱਤਰੀ ਸ਼ਾਖਾ ਵਿਚ ਵਡਕਾ ਪੁਰਸ਼ ਜਿਸਦੇ ਸਨਮਾਨ ਵਿਚ ਇਸ ਗੋਤ ਦੀ ਵਿਆਖਿਆ ਕੀਤੀ ਗਈ। ਭਾਟੜਾ ਸੰਪ੍ਰਦਾਇ ਵਿਚ ਬਡ ਗੁਜਰ ਗੋਤ ਗੁਜਰਾਂ ਤੇ ਗੁਜਰ ਨਾਮਾਂ ਤੋਂ ਉਜਾਗਰ ਹੈ। ਬੋਲਨ ਸਮੇਂ ਬੱਡ ਨੂੰ ਛੱਡਕੇ ਕੇਵਲ ਗੁਜਰਾ ਹੀ ਸੰਖੇਪ ਕਰਕੇ ਬੋਲਿਆ ਜਾਂਦਾ ਹੈ।

ਬੈਸ ਗੋਤ—(ਸੰਗਯਾ)-ਵੈਸ਼ਯ ਖੇਤੀ ਅਤੇ ਵਪਾਰ ਕਰਨ ਵਾਲਾ। ਹਿੰਦੂ ਮਤ ਅਨੁਸਾਰ ਤੀਜਾ ਵਰਨ ਯਥਾ...ਐਸੇ ਹੀ ਐਸ ਸੋ ਬੈਸ ਬਿਰਾਜੋ (ਅਕਾਲ ਉਸਤਤ) ✠ ਮੰਨੂ ਸਿਮਰਤੀ ਅਨੁਸਾਰ ਮਾਨਵ ਵੰਡ ਯਥਾ...ਖਤ੍ਰੀ, ਬ੍ਰਾਹਮਨ, ਸੂਦ, ਬੈਸ (ਗਉੜੀ ਥਿੱਤੀ ਮ. ੪)। ਇਸ ਗੋਤ ਵਿਚੋਂ ਗਿਆਨੀ ਗੁਰਮੁਖ ਸਿੰਘ ਡਸਕਾ (ਕਰਤਾ ਭਾਟ ਪ੍ਰਕਾਸ਼) ਗੁਰਮਤ ਦੇ ਚੰਗੇ ਵਿਦਵਾਨ ਹੋਏ ਹਨ।

ਬਾਬਾ ਜਾਗਾ ਜੀ—ਬਾਬਾ ਜਗਤ ਸਿੰਘ ਜੀ ਗੁਜਰਾ ਗੋਤ ਵਿਚੋਂ ਪਿੰਡ ਗਲੋਟੀਆਂ ਜ਼ਿਲ੍ਹਾ ਸਿਆਲਕੋਟ ਦੇ ਮਹਾਨ ਤਪੱਸੀ, ਬ੍ਰਹਮ ਰਿਸ਼ੀ ਮਹਾਂ ਪੁਰਖ ਸਨ। ਇਹ ਹਰ ਧਰਮ ਦੇ ਲੋਕਾਂ ਵਿਚ ਬਿਨਾਂ ਵਿਤਕਰੇ ਵਿਚਰਦੇ ਸਨ। ਆਪ ਕਦੇ ਵੀ ਗਰਮੀ ਸਰਦੀ ਦਾ ਕਸ਼ਟ ਨਹੀਂ ਸੀ ਮੰਨਦੇ। ਰੋਗ ਰਹਿਤ ਮੇਰਾ ਸਤਿਗੁਰ ਜੋਗੀ, ਅਨੁਸਾਰ ਸਦਾ ਸ਼ਾਂਤ ਚਿਤ ਅਤੇ ਸਿਮਰਨ ਵਿਚ ਮਸਤ ਰਹਿੰਦੇ ਸਨ। ਆਪ ਜੀ ਦੇ ਸਤਵਾਦੀ ਪੁਰਸ਼ ਹੋਣ ਦੀਆਂ ਕਈ ਸਾਖੀਆਂ ਮਸ਼ਹੂਰ ਸਨ। +ਪਿੰਡ ਘੁਕਲਾ (ਸਿਆਲਕੋਟ) ਦੇ ਸ਼ਾਹ ਉਤਮ ਸਿੰਘ ਦੇ ਘਰ ਸੰਤਾਨ ਨਿਰਾਸਤਾ ਸਮੇਂ ਬਾਬਾ ਜਾਗਾ ਜੀ ਦੇ ਵਰ ਨਾਲ ਪੰਜ ਪੁਤਰ ਹੋਏ। ਸਾਖੀ ਇਉਂ ਹੈ: ਸ਼ਾਹ ਉਤਮ ਸਿੰਘ ਦੀ ਧਰਮ ਪਤਨੀ ਨੇ ਬਾਬਾ ਜਾਗਾ ਜੀ ਨੂੰ ਪ੍ਰਸ਼ਾਦਾ ਛਕਾਣ ਸਮੇਂ ਇਕੋ ਵਾਰ

---

* ਪੜੋ: ਭਾਟ ਪ੍ਰਕਾਸ਼ ਪੰਨਾ 83।

** ਪੜੋ: ਲਿਖਤੀ ਬਾਘ ਭਟ ਦੀ ਭੂਮਿਕਾ ਵੈਦ ਵਿਸ਼ਾਰਦ, ਅਕਤੂਬਰ 1852 (ਪੰਨਾ 20)।

✠ ਪੜੋ: ਮਹਾਨ ਕੋਸ਼ ਪੰਨਾ 664।

+ ਨੋਟ: ਇਹ ਪ੍ਰਸੰਗ ਬਾਬਾ ਗੰਡਾ ਸਿੰਘ ਕਲੇਵਰ ਪਾਸੋਂ ਪ੍ਰਾਪਤ ਹੋਏ ਤੇ ਇਨ੍ਹਾਂ ਦੀ ਪੁਸ਼ਟੀ ਸ. ਪਿਆਰਾ ਸਿੰਘ ਲੱਖਣ ਪਾਲ ਅਬਚਲ ਨਗਰ ਪਟਿਆਲਾ ਨੇ ਵੀ ਕੀਤੀ ਹੈ। ਉਪਰੋਕਤ ਪ੍ਰਸੰਗਾਂ ਤੋਂ ਪਤਾ ਲਗਦਾ ਹੈ ਕਿ ਬਾਬਾ ਜਾਗਾ ਜੀ ਮਨੋ-ਵਿਗਿਆਨ ਦੇ ਬੱਲ ਨਾਲ ਹੀ ਲੋਕਾਂ ਦੇ ਕਸ਼ਟ ਨਿਵਾਰ ਦਿੰਦੇ ਸਨ।

Digitized by Panjab Digital Library | www.panjabdigilib.org

ਪੰਜ ਪ੍ਰਸ਼ਾਦੇ ਧਰ ਕੇ ਨਿੰਪ੍ਰਤਾ ਨਾਲ ਥਾਲ ਬਾਬਾ ਜੀ ਦੇ ਅਗੇ ਰੱਖ ਦਿਤਾ। ਮਨ ਵਿਚ ਪੁਤਰ ਪ੍ਰਾਪਤੀ ਦੀ ਭਾਵਨਾ ਸੀ। ਬਾਬਾ ਜੀ ਨੇ ਪ੍ਰਸ਼ਾਦ ਛਕ ਕੇ ਅਰਦਾਸਾ ਕਰਦਿਆਂ ਕਿਹਾ ਕਿ ਗੁਰਦੇਵ ਜੀਉ ਮਾਈ ਨੇ ਪੰਜ ਪ੍ਰਸ਼ਾਦੇ ਭਾਵਨਾ ਨਾਲ ਛਕਾਏ ਹਨ, ਇਨ੍ਹਾਂ ਦੀ ਭਾਵਨਾ ਪੰਜ ਪੁਤਰ ਬਖਸ਼ ਕੇ ਪੂਰੀ ਕਰਨੀ ਜੀ। ਸੋ ਇਸੇ ਤਰ੍ਹਾਂ ਹੋਇਆ।

ਇਕ ਵਾਰ ਡਸਕੇ ਦੇ ਥਾਣੇਦਾਰ ਅਰਜਨ ਸਿੰਘ ਦਾ ਪੁਤਰ ਹੈਜੇ ਨਾਲ ਸਖਤ ਬਿਮਾਰ ਸੀ। ਡਾਕਟਰਾਂ ਦੇ ਜੁਆਬ ਦੇਣ ਤੇ ਮਰੀਜ ਦੇ ਬਚਣ ਦੀ ਆਸ ਨਾ ਰਹੀ। ਅਰਜਨ ਸਿੰਘ ਨੇ ਝਟ ਗਲੋਟੀਆਂ ਪੁਜਕੇ ਬਾਬਾ ਜਾਗਾ ਜੀ ਅਗੇ ਤਰਲਾ ਲੈਦਿਆਂ ਅਰਜ ਗੁਜਾਰੀ ਕਿ ਬੱਚਾ ਹੈਜੇ ਨਾਲ ਜਾ ਰਿਹਾ ਹੈ ਆਪ ਬਹੁੜੀ ਕਰੋ; ਤਾਂ ਅਗੋਂ ਬਾਬਾ ਜੀ ਨੇ ਉਸਨੂੰ ਕਿਹਾ ਕਿ ਭਾਈ ਘਬਰਾ ਨਹੀਂ, ਤੇਰਾ ਪੁਤਰ ਤਾਂ ਘਰ ਅਰਾਮ ਨਾਲ ਸੁੱਤਾ ਪਿਆ ਹੈ। ਜਦ ਅਰਜਨ ਸਿੰਘ ਘਰ ਪੁਜਾ ਤਾਂ ਬੱਚਾ ਬਿਲਕੁਲ ਰਾਜੀ ਦੇਖਿਆ। ਇਸ ਖੁਸ਼ੀ ਵਿਚ ਚਾਂਦੀ ਦੇ 101 ਰੁਪੈ ਬਾਬਾ ਜੀ ਨੂੰ ਭੇਟ ਹੋਏ। ਜੋ ਬਾਬਾ ਜੀ ਨੇ ਉਸੇ ਵਕਤ ਬਚਿਆਂ ਨੂੰ ਵੰਡ ਦਿਤੇ। ਇਸੇ ਤਰ੍ਹਾਂ ਜਲੰਧਰ ਦੇ ਇਕ ਮੁਸਲਮਾਨ ਨੇ ਬਾਬਾ ਜਾਗਾ ਜੀ ਪਾਸ ਆਕੇ ਫਰਿਆਦ ਕੀਤੀ ਕਿ ਉਹ ਸਰੀਰ ਵਿਚ ਦਰਦਾਂ ਹੋਣ ਤੇ ਬੜਾ ਦੁਖੀ ਤੇ ਤੁਰਨ ਫਿਰਨ ਤੋਂ ਸਖਤ ਤੰਗ ਹੈ। ਬਾਬਾ ਜੀ ਨੇ ਕੋਲ ਹੀ ਖੇਡ ਰਹੇ ਬਚਿਆਂ ਨੂੰ ਆਖਿਆ ਕਿ ਆਖੋ ਜਲੰਧਰੋਂ ਆਇਆ ਰੋਗੀ ਰਾਜੀ ਹੋ ਜਾਏ। ਬਚਿਆਂ ਦੇ ਇਵੇਂ ਹੀ ਕਹਿਣ ਤੇ ਉਹ ਰੋਗੀ ਮੁਸਲਮਾਨ ਉਸੇ ਵਕਤ ਰਾਜੀ ਹੋ ਗਿਆ।

ਭਾਟ ਸੰਗਤਿ ਦੀਆਂ ਪੁਰਾਣੀਆਂ ਆਬਾਦੀਆਂ : ਕਾਬਲ, ਕੰਧਾਰ, ਪਸ਼ੌਰ, ਕਰਾਚੀ, ਸਿਵੀ, ਬੰਨੂ ਘੂਆਟ, ਰਾਵਲ ਪਿੰਡੀ ਖਾਸ, ਗੁਜਰ ਖਾਂ, ਕਲਰ ਸਹਿਬ, ਚਕਵਾਲ, ਭੌਣ, ਬਲਕਸਰ, ਧੱਨੀ, ਦੁਭੇਰਨ ਤਸੀਲ ਕਹੂਟਾ, ਮੁਲਤਾਂਨ, ਸੂਅਜਾ ਬਾਅਦ, ਲਾਇਲਪੁਰ ਖਾਸ, ਸਮੁੰਦਰੀ, ਸ਼ੇਖੂਪੁਰਾ ਖਾਸ, ਨਨਕਾਣਾ ਸਾਹਿਬ, ਮਾਨਾਵਾਲਾ ਬਾਰ, ਚੂੜਕਾਨਾ, ਸਿਆਲਕੋਟ, ਗਲੋਟੀਆਂ, ਨਿਕਾ ਕੈਲਾ ਨਾਰੋਵਾਲ, ਧਾੜੀਵਾਲ; ਗੋਤਾ, ਸਰਾਜ, ਡਡੀਆਂ, ਅੰਮ੍ਰਿਤਸਰ; ਕੁਲਛੇਤਰ, ਫਿਰੋਜਪੁਰ ਖਾਸ, ਗੁਰਦਾਸਪੁਰ, ਤਿਬੜ ਆਦਿ ਬਾਣੀ ਪਿੰਡ, ਯੂ. ਪੀ. ਵਿਚ ਬਿਜਨੌਰ ਆਦਿ ਬਿਆਸੀ ਪਿੰਡ, ਦੱਖਣੀ ਭਾਰਤ ਵਿਚ ਬਿਦਰ ਤੇ ਲੰਕਾ। ✂

ਭੱਟ : ਇਹ ਸ਼ਬਦ ਰਿੱਗ ਸਾਹਿੰਤਾ (ਰਿਗਵੇਦ) ਵਿਚ ਲਿਖਿਆ ਮੌਜੂਦ ਹੈ। ਇਸਦਾ ਬਦਲਿਆ ਰੂਪ ਪੁਰਾਣਾਂ ਅਤੇ ਸਿਮਰਤੀਆਂ ਵਿਚ ਹਿੰਦੀ ਸ਼ਬਦ ਭਾਟ ਹੈ। ਪੰਜਾਬੀ ਵਿਚ ਪ੍ਰਚਲਤ ਭਾਟੜਾ ਸ਼ਬਦ ਭੱਟ-ਭਾਟ ਦਾ ਹੀ ਇਕ ਸਵਰੂਪ ਹੈ। ਭੱਟ, ਭਾਟ ਤੇ ਭਾਟੜਾ ਤਿੰਨੇ ਸ਼ਬਦ ਗੁਰੂ ਗ੍ਰੰਥ ਸਾਹਿਬ (ਬੀੜ ਭਾਈ ਬੰਨੋ ਜੀ) ਵਿਚ ਗੁਰੂ ਅਰਜਨ ਸਾਹਿਬ ਦੇ ਪ੍ਰਵਾਨਤ ਕੀਤੇ ਅਮਰ ਹਨ। ਭਾਟ ਸੰਗਤਿ ਦੇ ਮਹਾਨ ਵਿਦਵਾਨ ਸਤਾਰਾਂ ਭੱਟਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ 'ਭੱਟਾਂ ਦੇ ਸਵੈਯੇ' ਸਿਰਲੇਖ ਹੇਠ ਵਿਦਮਾਨ ਹੈ। ਉਦਾਹਰਣ ਵਜੋਂ--ਜਿਵੇਂ

✂ ਨੋਟ ਭਾਰਤ ਦੇ ਵਖ-ਵਖ ਸ਼ਹਿਰਾਂ ਤੇ ਕਸਬਿਆਂ ਤੋਂ ਸਿਵਾ ਉਪਰੋਕਤ ਸਥਾਨਾ ਤੇ ਮੌਜੂਦਾ ਸਮੇਂ ਭਾਟ ਸੰਗਤ ਦਾ ਕਿਤੇ ਵੀ ਨਿਵਾਸ ਨਹੀਂ ਹੈ।

Digitized by Panjab Digital Library | www.panjabdigilib.org

ਪੰਜਾਬ ਵਿਚ ਜੱਟ, ਦਿੱਲੀ ਪ੍ਰਾਂਤ ਵਿਚ ਜਾਟ ਤੇ ਮਹਾਂ ਰਾਸ਼ਟਰ ਵਿਚ ਜਾਟਰੋ, ਤਿੰਨਾਂ ਸ਼ਬਦਾਂ ਦਾ ਨਿਰਣਾ ਕਰਨ ਤੇ ਇਕੋ ਅਰਥ ਬਣਦਾ ਹੈ, ਤਿਵੇਂ ਭੱਟ ਸਮਾਜ, ਭਾਟ ਸੰਗਤਿ ਤੇ ਭਾਟੜਾ ਸੰਪ੍ਰਦਾਯ ਇਕੋ ਸਮਾਜ (ਸ਼ਾਖ) ਦੇ ਹੀ ਸੂਚਕ ਹਨ। ਭੱਟਾਂ ਦੀ ਕਾਵਿ ਤਰੰਗ ਦੇ ਵਾਕ ਅੰਸ਼ ਪੁਰਾਣੀ ਹਿੰਦੀ (ਬ੍ਰਿਜ ਭਾਸ਼ਾ) ਵਿਚ ਵੀ ਪ੍ਰਾਪਤ ਹਨ। ਦੋਹਰੇ, ਕਬਿੱਤ, ਸਵੈਯੇ, ਝੂਲਨਾ ਛੰਦ, ਰਡ ਛੰਦ ਆਦਿ ਪੰਜਾਬੀ ਤੇ ਭੱਟ ਅਖਸ਼ਰੀ ਲਿਪੀ ਵਿਚ ਅਨੇਖੀ ਕਿਸਮ ਦੀ ਕਾਵਿ ਰਚਨਾ ਪ੍ਰਾਪਤ ਹੈ। ਭੱਟ ਸ਼ਬਦ ਦੇ ਅਰਥ :

1. ਵੇਦ ਵਿਆਖਿਕ (ਵੇਦਾਂ ਦੀ ਵਿਆਖਿਆ ਕਰਨ ਵਾਲਾ, ਵੇਦ ਪੰਡਿਤ)।

2. ਜੰਗੇ ਬਹਾਦਰ (ਰਣ ਸੰਗਰਾਮੀਆਂ, ਸਨਮੁਖ ਸ਼ਹੀਦੀ ਪਾਉਣ ਵਾਲਾ ਯੋਧਾ)।

3. ਗੁਰ ਜੱਸ ਕਰਤਾ (ਜਿਹਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ)।

4. ਰਾਜ ਦਰਬਾਰ ਵਿਚ ਰਾਜਾ।

ਭੱਟ ਸ਼ਬਦ ਦੀ ਵਧੇਰੇ ਵਿਆਖਿਆ ਬਾਰੇ ਹਵਾਲੇ ਉਨ੍ਹਾਂ ਮਹਾਨ ਵਿਦਵਾਨਾਂ ਦੇ ਹੇਠਾਂ ਦਿਤੇ ਜਾਂਦੇ ਹਨ ਜਿਨ੍ਹਾਂ ਦੀ ਵਿਦਵਤਾ ਦਾ ਸਨਮਾਨ ਸੰਸਾਰ ਪੱਧਰ ਤੇ ਉਜਾਗਰ ਹੋ ਰਿਹਾ ਹੈ

1. ਕਲਮ ਦੇ ਅਵਤਾਰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਭੱਟ ਸ਼ਬਦ ਬਾਰੇ ਇਉਂ ਲਿਖਦੇ ਹਨ। ਯਥਾ—

ਭਟ-ਸੰਗਯਾ-ਸੰਸਕ੍ਰਿਤ-ਭਟ ਵਿਦਵਾਨ-ਪੰਡਿਤ ਜੱਸ ਕਰਤਾ, ਪੰਜਾਬੀ ਭੱਟ। ਹਿੰਦੀ ਭਾਟ ਇਕ ਸਤਕਾਰ ਦਾ ਖਿਤਾਬ ਹੈ, ਜੋ ਪਹਿਲਾਂ ਸ਼ਾਹਜ਼ਾਦਿਆਂ ਤੇ ਫੇਰ ਬੜੇ ਬੜੇ ਵਿਦਵਾਨਾਂ ਨੂੰ ਦਿਤਾ ਜਾਂਦਾ ਸੀ। ਫੇਰ ਉਨ੍ਹਾਂ ਮਹਾਂ ਕਵੀਆਂ ਦਾ ਨਾਮ ਹੋ ਗਿਆ ਜੋ ਕੀਰਤਨ ਉਚਾਰਦੇ ਸਨ। ਉਹ ਕਵੀ ਜਿਨ੍ਹਾਂ ਦੇ ਸਵੈਯੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਨ, ਭਟ ਕਰਕੇ ਲਿਖੇ ਹਨ, ਏਹ ਸਚ ਦੇ ਮੁਤਲਾਸ਼ੀ ਤੇ ਮਹਾਨ ਵਿਦਵਾਨ ਸੇ। ਉਨ੍ਹਾਂ ਦੇ ਨਾਮ ਸਤਾਰਾਂ ਹਨ।

੧. ਮਥਰਾ ੨. ਜਾਲਪ ੩. ਬਲ ੪. ਹਰਬੰਸ ੫. ਟਲਯ ੬. ਸਲਯ ੭. ਜਲਯ ੮. ਭਲ ੯. ਕਲ ਸਹਾਰ ੧੦. ਕਲ ੧੧. ਜਲ ੧੨. ਨਲ ੧੩. ਕੀਰਤਿ ੧੪. ਦਾਸ ੧੫. ਗਯੰਦ ੧੬. ਸਦੰਗ ੧੭. ਭਿਖਾ। ਯਥਾ : ਦਾਸ ਭਟ ਬੇਨਤਿ ਕਹੈ।

ਭਾਟ—ਦੇਖੋ ਉਪਰਲਾ ਪਦ, ਭੱਟ ਕਵੀ, ਯਥਾ ਅਬ ਰਾਖਹੁ ਦਾਸ ਭਾਟ ਕੀ ਲਾਜ।*

2. ਦੂਸਰਾ ਹਵਾਲਾ ਸ. ਗੁਰਬਖਸ਼ ਸਿੰਘ ਜੀ ਕੇਸਰੀ ਦਾ ਦੇਣਾ ਯੋਗ ਹੈ ਕਿਉਂਕਿ ਆਪ ਰਿਆਸਤ ਪਟਿਆਲਾ ਦੇ ਸ੍ਰੋਮਣੀ ਇਨਾਮ ਜੇਤੂ ਵਿਦਵਾਨਾਂ ਵਿਚੋਂ ਸਭ ਤੋਂ ਮੋਹਰੀ ਸਨ।

ਭਟ (ਸਤਾਰਾਂ) ਜਿਨ੍ਹਾਂ ਦੀ ਬਾਣੀ ਸਵੈਯੇ ਦੇ ਸਿਰਲੇਖ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਦਮਾਨ ਹੈ। ਭੱਟ ਸ਼ਬਦ ਦਾ ਅਰਥ ਹੈ ਵੇਦ ਗਿਆਤਾ; ਪੰਡਿਤ, ਰਾਜ ਦਰਬਾਰ ਵਿਚ ਰਾਜਾ ਅਤੇ ਯੋਧਿਆਂ ਦਾ ਜੱਸ ਵਰਨਣ ਕਰਨ ਵਾਲਾ ਤੇ ਉਸਤਤੀ ਕਰਨ ਵਾਲਾ ਕਵੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਜਿਨ੍ਹਾਂ ਭੱਟਾਂ ਦੀ ਬਾਣੀ ਦਰਜ ਹੈ। ਉਹ ਗਿਣਤੀ ਵਿਚ ਸਤਾਰਾਂ ਹੈ। ਇਨ੍ਹਾਂ ਨੇ ਪੰਜਾਂ ਪਾਤਸ਼ਾਹਾਂ ਦੀ ਮਹਿਮਾਂ ਵਿਚ ਬਾਣੀ ਰਚੀ ਜੋ ਡਾਢੀ ਮਨੋਹਰ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਨੂੰ ਪਹਿਲੇ ਨਮੂਨਾ ਆਪ ਰਚ ਕੇ ਦਸਿਆ ਸੀ। ਇਸ ਪਰ ਭੱਟਾਂ ਨੇ ਆਪਣੀ ਭਾਸ਼ਾ ਮਿਲਾ ਕੇ ਰਚਨਾ ਰਚੀ। ਇਨ੍ਹਾਂ ਪੰਡਿਤਾਂ ਦੇ ਪਵਿਤਰ ਨਾਮ ਇਹ ਹਨ :

੧੭. ਕਲਯ—ਗੁਰ ਰਾਮ ਦਾਸ ਕਲ੍ਯਚਰੈ ਤੈ ਸਬਦ ਨੀਸਾਨੁ ਬਜਾਇਓ॥

* ਪੜੋ : ਸ੍ਰੀ ਗੁਰੂ ਗ੍ਰੰਥ ਕੋਸ਼, ਭਾਗ ੩ ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਪੰਨਾ 954।

Digitized by Panjab Digital Library | www.panjabdigilib.org

੨. ਕਲ ਸਹਾਰ—ਕਹ ਕੰਰਤਿ ਕਲਸਹਾਰ ਸਪਤ ਦੀਪ ਮਝਾਰ ਲਹਣਾ ਗੁਰ ਪਰਸ ਮੁਹਾਰਿ ।।

੩. ਟਲਯ—ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸ ਸਹਿਜ ਸੁਭਾਇ ।।

੪. ਜਾਲਪ—ਸਕਯਥ ਸੋ ਸਿਰ ਜਾਲਪ ਭਣੈ ਜੁ ਸਿਰ ਨਿਵੈ ਗੁਰ ਅਮਰ ਨਿਤ ॥

੫. ਜਲਯ—

੬. ਕੀਰਤਿ—ਇਕ ਅਰਦਾਸ ਭਾਟ ਕੀਰਤ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥

੭. ਸਲਯ—ਗੁਰ ਅਮਰ ਦਾਸ ਸਚਿ ਸਲ ਭਣਿ ਤੈ ਦਲੁ ਜਿਤਉ ਇਵ ਜੁਧ ਕਰ ॥

੮. ਭਲਯ—ਕਵਿਜਨ ਭਲਯ ਉਨਹ ਜੋ ਗਾਵੈ (ਸਵੈਯੇ ਮ: ੩ ਕੇ)

੯. ਨਲਯ—ਨਲੁ ਕਵਿ ਪਾਰਸ ਪਰਸ ਕਚ ਕੰਚਨਾ ਹੁਇ ਚੰਦਨਾ ਸੁਬਾਸ ਜਾਸੁ ਸਿਮਰਤ ਅਨਤਰ ।।

੧੦. ਭਿਖਾ—ਗੁਰ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥

੧੧. ਜਲਨ—ਗੋਬਿੰਦਵਾਲ ਗੋਬਿੰਦ ਪੁਰੀ ਸਮ ਜਲੁਨ ਤੀਰ ਬਿਪਾਸ ਬਨਾਯਉ ।।

੧੨. ਦਾਸ—ਜੋ ਗੁਰੂ ਗੁਰੂ ਅਹਿਨਿਸ ਜਪੈ ਦਾਸੁ ਭਟੁ ਬੇਨਤਿ ਕਹੈ ।।

੧੩. ਗਯੰਦ—ਨਾਮ ਸਾਰੁ ਹੀਏ ਧਾਰ ਤਜੁ ਬਿਕਾਰੁ ਮਨ ਗਯੰਦ ਸਤਿਗੁਰੂ ਸਤਿਗੁਰੂ ਸਤਿਗੁਰੂ ਗੁਬਿੰਦ ਜੀਉ ॥

੧੪. ਸੇਵਕ—

੧੫. ਮਥੁਰਾ—ਭਨਿ ਮਥੁਰਾ ਕਛੁ ਭੇਦ ਨਹੀ ਗੁਰ ਅਰਜਨ ਪਰਤਖ ਹਰਿ ॥

੧੭. ਬਲਯ—ਕਰਮ ਕਹਿ ਤੁਅ ਦਰਸ ਪਰਸ ਪਾਰਸ, ਸਰ ਬਲ੍ਹ ਭਟ ਜਸੁ ਗਾਇਓ ॥

੧੮. ਹਰਬੰਸ—ਹਰਿਬੰਸ ਜਗਤਿ ਜਸੁ ਸੰਚਰਉ ਸੁ ਕਵਣ ਕਹੈ ਸ੍ਰੀ ਗੁਰ ਮੁਯਉ ॥*

3. ਤੀਸਰਾ ਹਵਾਲਾ ਮਹਾਂਕਵੀ ਭਾਈ ਸੰਤੋਖ ਸਿੰਘ ਜੀ ਵਲੋਂ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚੋਂ ਦਿਤਾ ਜਾਂਦਾ ਹੈ। ਕਵੀ ਜੀ 16 ਭਟਾਂ ਨੂੰ ਵੇਦਾਂ ਦਾ ਅਵਤਾਰ ਤੇ ਸਤਾਰ੍ਹਵੇਂ ਭਿਖੇ ਨੂੰ ਬ੍ਰਹਮਾਂ ਦਾ ਅਵਤਾਰ ਲਿਖਦੇ ਹਨ। ਭਟਾਂ ਦੀ ਵਿਦਿਆ (ਪੰਡਿਤਾਈ) ਨੂੰ ਮੁਖ ਰਖਕੇ ਇਨ੍ਹਾਂ ਮਹਾਨ ਵਿਦਵਾਨਾਂ ਨੂੰ ਜੋ ਵੀ ਪਦਵੀ ਦਿਤੀ ਜਾਵੇ ਉਹ ਯਥਾਰਤ ਹੈ। ਉਕਤ ਗ੍ਰੰਥ ਵਿਚ ਭਟਾਂ ਦੀ ਗਿਣਤੀ ਸਤਾਰਾਂ ਇਸ ਪ੍ਰਕਾਰ ਲਿਖੀ ਮਿਲਦੀ ਹੈ। ਯਥਾ...ਇੱਕ ਇੱਕ ਵੇਦ ਚਤੁਰ ਵਪੁ ਧਾਰੇ, ਪ੍ਰਗਟ ਨਾਮ ਤਿਨ ਕਹੋਂ ਅਸੰਸ।

ਪੂਰਬ ਸ਼ਾਮ ਵੇਦ ਕੇ ਇਹ ਭੇ (੧) ਮਥਰਾ (੨) ਜਾਲਪ (੩) ਬਲ (੪) ਹਰਬੰਸ ਪੁਨਿ ਰਿਗ ਵੇਦ (੫) ਕਲਯ (੬) ਜਲ (੭) ਨਲ ਤਰੈ (੮) ਕਲ ਸਹਾਰ ਚੌਥੇ ਗਿਨਿ ਅੰਸ, ਭਏ ਯਜੁਰ ਕੇ (੯) ਟਲਯ (੧੦) ਸਲਯ ਪੁਨਿ (੧੧) ਜਲਯ (੧੨) ਭਲਯ ਉਪਜ ਦਿਜ ਬੰਸ ਬਹੁਰ ਅਥਰਵਣ (੧੩) ਦਾਸਰੁ (੧੪) ਕੀਰਤਿ ਗਨਿ (੧੫) ਗਯੰਦ (੧੬) ਸਦਰੰਗ ਸੁਚਾਰ ਕਮਲਾਸਨ ਕੇ (੧੭) ਭਿੱਖਾ ਨਾਮ ਸੁ ਇਹ ਸਭ ਤੇ ਭਾ ਅਧਿਕ ਉਧਾਰ।**

4. ਚੌਥਾ ਹਵਾਲਾ ਬਾਣੀ ਬਿਉਰਾ ਵਿਚੋਂ ਦਰਜ ਕੀਤਾ ਜਾਂਦਾ ਹੈ ਜੋ ਮਹਾਨ ਮਹਾਤਮਾ ਡਾਕਟਰ ਚਰਨ ਸਿੰਘ ਜੀ ਦੀ ਪ੍ਰਕਾਸ਼ਤ ਪ੍ਰਮੁਖ ਲਿਖਤ ਹੈ। ਯਥਾ... ਕਬਿਤ।

ਪ੍ਰਿਥਮ ਸਵੈਯੇ ਰਚੇ ਸ੍ਰੀ ਮੁਖ ਵਾਕ ਆਪ, ਰਚੇ

* ਪੜੋ : ਸੰਖਿਆ ਕੋਸ਼ ਸ. ਗੁਰਬਖਸ਼ ਸਿੰਘ ਕੇਸਰੀ ਪੰਨਾ 197-98

** ਪੜੋ : ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ ੩ ਅ: ੪੮।

Digitized by Panjab Digital Library | www.panjabdigilib.org

ਪੁਨ ਭਾਟਨ ਨੇ ਤੈਸੇ ਤਾਹੀ ਭਾਤ ਹੈ।

(੧) ਕਲਯ (੨) ਕਲਸਹਾਰ (੩) ਟਲਯ (੪) ਜਲਯਨ (੫) ਜਾਲਪ (੬) ਜਲ (੭) ਕੀਰਤ ਕੀ ਕੀਰਤਿ ਨਾ ਕਹੀ ਕਛੂ ਜਾਤ ਹੈ। (੮) ਬਲਯਐਂ (੯) ਗਯੰਦ (੧੦) ਭਿੱਖਾ (੧੧) ਮਥਰਾ ਐਂ (੧੨) ਸੇਵਕ ਜਾਨ ਰਚਨਾ ਬਚਿੱਤਰ ਜਾਕੀ ਮਹਾਂ ਬਿਖਯਾਤ ਹੈ। (੧੩) ਭਲਯ (੧੪) ਸਲਯ (੧੫) ਨਲਯ (੧੬) ਹਰਿਬੰਸ ਏ ਸਤਾਰਾ ਨਾਮ (੧੭) ਦਾਸਰ ਭਾਖਾ ਮਾਂਹ ਬਾਣੀ ਰਚੀ ਅਵਦਾਤ ਹੈ।*

(5) ਪੰਜਵਾਂ ਹਵਾਲਾ ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ ਦੀ ਲਿਖਤ ਵਿਚੋਂ ਦਿੱਤਾ ਜਾਂਦਾ ਹੈ ਕਿਉਂਕਿ ਇਨ੍ਹਾਂ ਦਾ ਲਿਖਿਆ ਗੁਰਬਾਣੀ ਕੋਸ਼ ਇਕ ਸਰਲ ਅਤੇ ਮਨੋਹਰ ਰਚਨਾ ਹੈ। ਯਥਾ...ਭਟ, ਗਵਈਏ ਕਵੀ ਜਿਨ੍ਹਾਂ ਆਪਣੇ ਅਲੰਕਾਰਕ ਢੰਗ ਨਾਲ ਪੰਜ ਗੁਰੂਆਂ ਦੀ ਮਹਿਮਾ ਗਾਈ।**

(6) ਛੇਵਾਂ ਹਵਾਲਾ ਪੰਡਿਤ ਤਾਰਾ ਸਿੰਘ ਜੀ ਨਰੋਤਮ ਦੀ ਲਿਖਤ ਤੋਂ ਹੈ। ਪੰਡਿਤ ਜੀ ਨੇ ਭੱਟਾਂ ਦੇ ਸੰਕੇਤ ਅਤੇ ਗਿਣਤੀ ਬਾਰੇ ਇਉਂ ਫੁਰਮਾਇਆ ਹੈ। ਯਥਾ

ਮਥਰਾ, ਜ਼ਾਲਪ, ਬਲਪੁਨ,
ਹਰਬੰਸੇ ਲਖ ਸ਼ਾਮ
ਟਲਯ ਸਲਯ ਪੁਨ ਜਲਯ ਸਹ,
ਭਲਯ ਜੁਜਰ ਬਪ ਕਾਮ
ਕਲਸਹਾਰ, ਕਲ ਜਲ ਪੁਨ ਨਲ,
ਸਾਰਿੰਗ ਸਰੂਪ
ਕੀਰਤਿ ਦਾਸ ਗਯੰਦ ਸਦਰੰਗ
ਅਥਰਬਨ ਅਨੂਪ

ਭਿੱਖਾ ਬ੍ਰਹਮਾ ਸਤ੍ਰਵਾਂ ਭੱਟ ਭਗਤ ਗੁਰ ਕੇ।ੴ

ਭਾਟ—(ਸੰਗਯਾ)--੧. ਰਾਜਾ ੨. ਰਾਜ ਕਵੀ ੩. ਵੇਦ ਪਾਠੀ ੪. ਭੱਟ ਪੁਤਰ ੫. ਸੂਰਬੀਰ ਯੋਧਾ।

ਅਰਥ—ਭੱਟ ਸ਼ਬਦ ਦਾ ਹੀ ਦੀਰਘ ਸਰੂਪ ਹੈ। ਉਦਾਹਰਣ ਵਜੋਂ, ਯਥਾ...ਅਬ ਰਾਖਹੁ ਦਾਸ ਭਾਟ ਕੀ ਲਾਜ (ਸਵੈਯੇ ਮ: ੪)। (ਦੇਖੋ ਭਾਟੜਾ ਸ਼ਬਦ)

ਭਾਟ ਪ੍ਰਕਾਸ਼ ਗ੍ਰੰਥ—ਗਿ. ਗੁਰਮੁਖ ਸਿੰਘ ਜੀ ਡਸਕਾ ਦੀ ਪਹਿਲੀ ਰਚਨਾ ਹੈ ਜਿਸ ਨੂੰ ਉਨ੍ਹਾਂ ਨੇ 1952 ਵਿਚ ਛਪਵਾਇਆ। ਇਸ ਰਚਨਾ ਦੇ ਪਹਿਲੇ ਹਿੱਸੇ ਵਿਚ ਪ੍ਰੈਸ ਦੀ ਗਲਤੀ ਨਾਲ ਮੰਡਨ ਦਾ ਖੰਡਨ ਹੋ ਗਿਆ ਹੈ ਕਿਉਂਕਿ ਗਿ. ਜੀ ਭਾਟ ਪ੍ਰਕਾਸ਼ ਪ੍ਰੈਸ ਵਿਚ ਛਪਨਾ ਦੇ ਕੇ ਆਪ ਬੰਬਈ ਚਲੇ ਗਏ ਸਨ। ਪਰ ਦੂਜੇ ਹਿੱਸੇ ਵਿਚ ਜਿਉਂ ਦੀ ਤਿਉਂ ਸ਼ੁਧ ਰਚਨਾ ਲਿਖੀ ਮਿਲਦੀ ਹੈ। ਵਖ ਵਖ ਵਿਦਵਾਨਾਂ ਨੇ ਭਾਟ ਪ੍ਰਕਾਸ਼ ਦੀ ਪ੍ਰਸੰਸਾ ਇਉਂ ਕੀਤੀ : ਸੰਤ ਅਤਰ ਸਿੰਘ (ਮਹੰਤ ਨਿਰਮਲ ਦਰਬਾਰ ਨਨਕਾਣਾ ਸਾਹਿਬ) ਯਥਾ...ਸੰਗਤਿ ਸਾਹਮਣੇ ਅਸਲ ਵਾਕਿਆਤ ਰੱਖਣ ਦੀ ਪਹਿਲ ਭਾਟ ਪ੍ਰਕਾਸ਼ ਨੇ ਹੀ ਕੀਤੀ ਹੈ।

ਗਿ. ਮੱਖਣ ਸਿੰਘ ਮ੍ਰਿਗਿੰਦ— ਯਥਾ...ਭਾਟ ਪ੍ਰਕਾਸ਼ ਮੂੰਹ ਬੋਲਦੀ ਤਸਵੀਰ ਹੈ। ਪੁਸਤਕ ਨੂੰ ਗੰਭੀਰਤਾ ਨਾਲ ਪੜ੍ਹਿਆ ਤੇ ਵਿਚਾਰਿਆ ਜਾਵੇ।

ਡਾ. ਮਦਨ ਗੋਪਾਲ ਸਿੰਘ ਗਿਆਨੀ-ਯਥਾ... ਗਿ. ਗੁਰਮੁਖ ਸਿੰਘ ਪ੍ਰਸਿਧ ਪ੍ਰਚਾਰਕ ਨੇ ਆਪਣੇ ਖੋਜ ਭਰੇ ਨੋਟ ਭਾਟ ਪ੍ਰਕਾਸ਼ ਵਿਚ ਲਿਖ ਕੇ ਸ਼ਲਾਘਾ ਯੋਗ ਯਤਨ ਕੀਤਾ ਹੈ।

ਡਾ. ਹਰਨਾਮ ਸਿੰਘ ਤਾਲਬ— ਯਥਾ... "ਮੈਂ ਆਪਣੇ ਵਲੋਂ ਜੋਰਦਾਰ ਅਪੀਲ ਕਰਦਾ ਹਾਂ -- ਭਾਟ ਪ੍ਰਕਾਸ਼ ਛੋਟੀ ਜਹੀ ਪੁਸਤਕ ਨੂੰ ਪੜ ਕੇ ਪਾਠਕ ਅਸਲੀਅਤ ਦੇ ਪਹਿਰੇਦਾਰ ਬਨਣ। ਭਾਟ ਪ੍ਰਕਾਸ਼ ਦੀ ਦੂਜੀ ਐਡੀਸ਼ਨ ਸੋਧ ਸੁਆਰ ਕੇ ਪ੍ਰਕਾਸ਼ਨ ਦੇ ਵਿਚਾਰਾਂ ਵਿਚ ਹੀ ਗਿ. ਗੁਰਮੁਖ ਸਿੰਘ ਜੀ ਪ੍ਰਲੋਕ

* ਪੜੋ : ਸੰਖਿਆ ਕੋਸ਼—ਸ. ਗੁਰਬਖਸ਼ ਸਿੰਘ ਕੇਸਰੀ (ਪੰਨਾ 197-98)।

** ਪੜੋ : ਗੁਰਬਾਣੀ ਕੋਸ਼, ਸ. ਪਿਆਰਾ ਸਿੰਘ ਪਦਮ (ਪੰਨਾ 131)।

ੴ ਪੜੋ : ਗੁਰੂ ਖਾਲਸਾ ਤਵਾਰੀਖ (ਪੰਨਾ 272)।

Digitized by Panjab Digital Library | www.panjabdigilib.org

ਪਿਆਨਾ ਕਰ ਗਏ ।''

ਭਾਟ ਸੁਧਾਰ ਸਭਾ - ਇਹ ਸਭਾ ਬਸੀ ਬਲੋ ਜ਼ਿਲ੍ਹਾ ਹੁਸ਼ਿਆਰਪੁਰ ਵਿਚ 1932 ਨੂੰ ਬਣੀ । ਇਸ ਦੇ ਪਹਿਲੇ ਪ੍ਰਧਾਨ ਸ.ਾ. ਦੀਨਾ ਨਾਥ ਜੀ ਸਨ ਜਿਨ੍ਹਾਂ ਸੁਧਾਰਵਾਦੀ ਵਿਚਾਰਾਂ ਦਾ ਰਜਵਾਂ ਪ੍ਰਚਾਰ ਕੀਤਾ । ਉਹਨਾਂ ਭਾਟ ਸੰਗਤਿ ਵਿਚ ਸੁਧਾਰਕ ਲਹਿਰ ਲਈ ਉਚ ਪੱਧਰੀ ਯਤਨ ਕੀਤੇ ਜਿਨ੍ਹਾਂ ਸਦਕਾ ਸਿਆਲਕੋਟ ਤੇ ਸ਼ੇਖੂਪੁਰਾ ਆਦਿ ਥਾਵਾਂ ਪਰ ਭਾਟ ਸੰਗਤਿ ਦੀਆਂ ਪੰਚਾਇਤਾਂ ਦਾ ਵਿਕਾਸ ਹੋਇਆ ।

***ਭਾਟ ਭਾਸ਼ਾ**-- (ਸੰਗਯਾ)...ਭਾਟ ਸੰਗਤਿ ਦੀ ਨਿੱਜੀ ਵਰਤੋਂ ਦੀ ਬੋਲੀ, ਜਿਸ ਨੂੰ ਕੇਵਲ ਭਾਟ ਹੀ ਬੋਲ ਜਾਂ ਸਮਝ ਸਕਦੇ ਸਨ । ਇਸ ਬੋਲੀ ਦੀਆਂ ਕੇਵਲ ਨਮੂਨੇ ਮਾਤਰ ਪੰਜ ਉਦਾਹਰਣਾਂ ਗੁਰੂ ਗ੍ਰੰਥ ਸਾਹਿਬ ਵਿਚੋਂ ਹੇਠਾਂ ਲਿਖੀਆਂ ਹਨ । ਜਿਨ੍ਹਾਂ ਦੇ ਟਕਸਾਲੀ ਤਥਾ ਸੰਪ੍ਰਦਾਈ ਅਰਥ ਕਰੀਏ ਤਾਂ ਅਰਥ ਭਿੰਨ ਵੀ ਹੋ ਸਕਦੇ ਹਨ ।

1. ਲੂਕ (ਸੰਗਯਾ)—ਪਨਾਹ, ਓਟ ਲੈਣੀ, ਵੈਰੀ ਤੋਂ ਬਚਣ ਲਈ ਲੁਕਣਾ, ਲੁਕ ਕੇ ਕਰਨਾ, ਲੁਕਾ ਛਪਾ ਕੇ ਕਰਨ ਵਾਲੀ ਕਿਰਿਆ । ਯਥਾ...ਲੂਕ ਕਰਤ ਬਿਕਾਰ ਬਿਖੜੇ । ਪੁਨਾ ਦ੍ਰਿੜ ਕਰ ਗਈ ਤੁਮਾਰੀ ਲੂਕ (ਜੈਤ ਮ. ੫) । ਫਿਰ ਤਿਸ ਸਿਉ ਲੂਕ ਜੋ ਸਦ ਹੀ ਸੰਗੀ (ਆਸਾ ਮ. ੫) ।

2. ਨਿਕਸੁ (ਕ੍ਰਿਯਾ)— ਬਾਹਰ ਨਿਕਲਣਾ, ਨੱਠ ਜਾਣਾ, ਸੰਕਟ ਨਿਕਲ ਜਾਨਾ, ਯਥਾ...ਨਿਕਸ ਰੇ ਪੰਖੀ ਸਿਮਰ ਹਰਿ ਪਾਂਖ ।

3. ਹਠੇ ਕਰਮ (ਸੰਗਯਾ)—ਮਨਹਠ ਨਾਲ ਕਿਸੇ ਪੁਰਬ ਮਮੇਂ ਸ਼ੁਭ ਕੰਮ ਕਰਨੇ ਜਾਂ ਕਰਾਉਣੇ, ਜਿਸ ਨਾਲ ਉਧਰ ਪੂਰਨਾ ਤੇ ਪਰਮ ਪ੍ਰਾਪਤੀ ਵੀ ਹੋਵੇ । ਯਥਾ...ਹਠੇ ਕਰਮ ਕਰ ਉਧਰ ਕਰੇ ।

4 ਚਉਕੜ (ਸੰਗਯਾ)—ਫੜਨਾ, ਚਾਰ ਕੌੜਾਂ ਤੋਂ ਮੁਲ ਫੜਾਇਆ ਜਾਂ ਲਿਆਂਦਾ । ਯਥਾ...ਚਉਕੜ ਮੁਲ ਅਣਾਇਆ (ਵਾਰ ਆਸਾ) ।

5. ਅਲਗਉ-- ਨਿਰਾਲਾ, ਜੁਦਾ, ਵੱਖ, ਵੱਖਰਾ ਜਾਂ ਵੱਖ ਹੋਕੇ ਆਇਆ, ਆ ਜਾਉ, ਆ ਗਿਆ । ਯਥਾ---ਅਲਗਉ ਜੋਇ ਮਪੁਕੜਓ ਸਾਰੰਗ ਪਾਣਿ ਸਬ ਇ । (ਗੁਰੂ ਗ੍ਰੰਥ ਸਾਹਿਬ ਪੰਨਾ ੧੯੯੦)

ਭਾਟੜਾ ਮਹਾਂ ਸਭਾ (ਪਟਿਆਲਾ) : ਸੰਨ 19 0 ਵਿਚ ਇਹ ਸਭਾ ਪਟਿਆਲਾ ਵਿਖੇ ਸਰਬ ਹਿੰਦ ਭਾਟੜਾ ਮਹਾਂ ਸਭਾ ਦੇ ਨਾਮ ਹੇਠ ਸਥਾਪਤ ਕੀਤੀ ਗਈ । ਇਸ ਦੀ ਪਹਿਲੀ ਪ੍ਰਬੰਧਕ ਕਮੇਟੀ ਦੀ ਬਨਤ ਇਸ ਤਰ੍ਹਾਂ ਸੀ :

ਪ੍ਰਧਾਨ	—	ਸ. ਸੁਜਾਨ ਸਿੰਘ
ਮੀਤ ਪ੍ਰਧਾਨ	—	ਸ. ਕੇਸਰ ਸਿੰਘ
ਸਕਤ੍ਰ	—	ਗਿ. ਹਰਦਿਤ ਸਿੰਘ
ਖਜਾਨਚੀ	—	ਸ. ਜੀਤ ਸਿੰਘ ਅਜ਼ਾਦ

1947 ਦੇ ਦੇਸ਼ ਬਟਵਾਰੇ ਕਾਰਨ ਬੇਘਰ ਹੋਏ ਸੰਗਤ ਭਾਈਚਾਰੇ ਦੇ ਸ਼ਰਨਾਰਥੀਆਂ ਨੂੰ ਮੁੜ ਵਸਾਉਣ ਲਈ ਉਪਰਾਲੇ ਕਰਨਾ ਇਸ ਸਭਾ ਦਾ ਪਹਿਲਾ ਮੁਖ ਕੰਮ ਸੀ । 1958 ਵਿਚ ਇਸ ਸਭਾ ਦੇ ਮੈਂਬਰਾਂ ਨੇ ਭਾਟੜਾ ਸੰਗਤ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਇਕ ਭਾਰੀ ਕਾਨਫਰੰਸ ਪਟਿਆਲੇ ਵਿਖੇ ਕੀਤੀ, ਜਿਸ ਵਿਚ ਉਸ ਸਮੇਂ ਦੇ ਪੰਜਾਬ ਦੇ ਮੁਖ ਮੰਤ੍ਰੀ ਸ. ਪ੍ਰਤਾਪ ਸਿੰਘ ਕੈਰੋਂ ਅਤੇ ਉਨ੍ਹਾਂ ਦੀ ਸਰਕਾਰ ਦੇ ਅਨੇਕ ਉੱਚ

*ਨੋਟ— ਭਾਟ ਸੰਗਤਿ ਚਾਹੇ ਤਾਂ ਭਾਟ ਭਾਸ਼ਾ (ਜੋ ਆਦਿ ਤੋਂ ਮੌਜੂਦਾ ਸਮੇਂ ਤਕ ਆਈ ਹੈ) ਦੀ ਸੰਪੂਰਨ ਸ਼ਬਦਾ-ਵਲੀ ਦੇ ਆਦਿ ਗ੍ਰੰਥ, ਦਸਮ ਗ੍ਰੰਥ, ਵਾਰਾਂ, ਸਵੈਯੇ, ਭਾਈ ਗੁਰਦਾਸ, ਗੁਰ ਇਤਿਹਾਸ ਤੇ ਅਨੇਕਾ ਕਾਵਿ ਗ੍ਰੰਥਾਂ ਵਿਚੋਂ ਪ੍ਰਵਾਨਤ ਪ੍ਰਮਾਣ ਪ੍ਰਾਪਤ ਕਰਕੇ ਹਜ਼ਾਰਾਂ ਸਾਲ ਪੁਰਾਣੀ ਇਸ ਬੋਲੀ (ਭਾਸ਼ਾ) ਨੂੰ ਪ੍ਰਕਾਸ਼ਤ ਕੀਤਾ ਜਾ ਸਕਦਾ ਹੈ ।

Digitized by Panjab Digital Library | www.panjabdigilib.org

ਅਧਿਕਾਰੀ ਵਿਸ਼ੇਸ਼ ਸੱਦੇ ਤੇ ਸ਼ਾਮਲ ਹੋਣ ਆਏ। ਯੂ. ਕੇ. ਤੋਂ ਸ੍ਰ. ਭੀਲ ਸਿੰਘ ਜੀ ਸੰਗਤ ਦੇ ਪ੍ਰਤਿਨਿਧੀ ਦੇ ਤੌਰ ਤੇ ਉਚੇਚੇ ਇਸ ਕਾਨਫਰੰਸ ਵਿਚ ਹਿੱਸਾ ਲੈਣ ਭਾਰਤ ਆਏ। ਸ੍ਰ. ਪ੍ਰਤਾਪ ਸਿੰਘ ਕੈਰੋਂ ਨੇ ਭਾਟੜਾ ਮਹਾਂ ਸਭਾ ਦੀਆਂ ਪਛੱੜੀਆਂ ਸ਼੍ਰੇਣੀਆਂ ਸਬੰਧੀ ਰਾਖਵੀਆਂ ਮਦਾ ਬਾਰੇ ਮੰਗਾਂ ਪ੍ਰਵਾਨ ਕਰਕੇ ਸਭਾ ਨੂੰ ਲਿਖਤੀ ਭਰੋਸਾ ਦਿੱਤਾ।*

1959 60 ਵਿਚ ਭਾਟੜਾ ਮਹਾ ਸਭਾ ਦੇ ਉਪਰਾਲੇ ਨਾਲ ਹੀ ਭਾਟੜਾ ਸੰਗਤ ਨੂੰ ਪੰਜਾਬ ਦੀਆਂ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਕੀਤਾ ਗਿਆ। ਇਸ ਮੰਤਵ ਲਈ ਸਭਾ ਵਲੋਂ 22 ਅਪ੍ਰੈਲ 1959 ਨੂੰ ਮੁਖ ਮੰਤ੍ਰੀ ਪੰਜਾਬ ਨੂੰ ਲਿਖੇ ਪਤ੍ਰ ਦਾ ਉਤ੍ਰ ਉਨ੍ਹਾਂ ਦੇ ਪਤ੍ਰ ਡੀ. ਓ. ਨੰ: 2180 ਸੀ. ਐਮ. ਪੀ. ਦਵਾਰਾ ਦਿਤਾ ਗਿਆ। ਇਸ ਪਤ੍ਰ ਵਿਚ ਮੁਖ ਮੰਤ੍ਰੀ ਨੇ ਭਾਟੜਾ ਸੰਗਤ ਨੂੰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਕਰਨ ਬਾਰੇ ਸਰਕਾਰ ਵਲੋਂ ਵਿਚਾਰ ਕਰਨ ਦਾ ਭਰੋਸਾ ਦਿਵਾਇਆ ਸੀ। ਪੰਜਾਬ ਸਰਕਾਰ ਨੇ ਮਿਤੀ 23-12-59 ਨੂੰ ਪੱਤ੍ਰ ਨੰ: 9139-w-11-59/38353 ਰਾਹੀਂ ਭਾਟੜਾ ਸੰਗਤ ਨੂੰ ਪੰਜਾਬ ਦੀਆਂ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਕਰਾਰ ਦੇ ਦਿੱਤਾ। ਇਸ ਦੀ ਸੂਚਨਾ 12 ਜਨਵਰੀ 1960 ਨੂੰ ਉਸ ਸਮੇਂ ਪੰਜਾਬ ਦੇ ਮੁਖ ਸਕਤ੍ਰ ਸ੍ਰੀ ਈ. ਐਨ. ਮੰਗਤ ਰਾਏ I. C. S. ਨੇ ਪਤ੍ਰ ਨੰ: 885/w 11-59/1310 ਰਾਹੀਂ ਮਹਾ ਸਭਾ ਦੇ ਪ੍ਰਧਾਨ ਸ੍ਰ: ਸੁਜਾਨ ਸਿੰਘ ਨੂੰ ਦਿੱਤੀ।

ਬਾਦ ਵਿਚ ਸਰਕਾਰ ਨਾਲ ਲਿਖਾ-ਪੜੀ ਕਰਕੇ ਮਹਾ ਸਭਾ ਨੇ ਭਾਟੜਾ ਸੰਗਤ ਲਈ ਪੱਛੜੀਆਂ ਸ਼੍ਰੇਣੀਆਂ ਨੂੰ ਮਿਲਣ ਵਾਲੀਆਂ ਰਿਆਇਤਾਂ ਬਾਰੇ ਵੇਰਵੇ ਪ੍ਰਾਪਤ ਕੀਤੇ ਤੇ ਇਨ੍ਹਾਂ ਬਾਰੇ ਸੰਗਤਿ ਵਿਚ ਪ੍ਰਚਾਰ ਕੀਤਾ।

ਭਟਾਂਬਰ --(ਸੰਗਯਾ) ੧. ਭੱਟ ਅੰਬਰ, ੨. ਕਵਚ, ੩. ਸੰਜੋਯ, ੪. ਯੋਧਿਆਂ ਦਾ ਜੰਗ ਸਮੇਂ ਪਹਿਨਣ ਵਾਲਾ ਲਿਬਾਸ, ਯਥਾ...(ਕੌਣ ਧੀਰ ਧਰੇ ਭਟਾਂਬਰ, ਪਰਸਾਵ)।

ਭਟੇਂਦ੍ਰ—(ਸੰਗਯਾ) ੧. ਫੌਜ ਦਾ ਪ੍ਰਧਾਨ ੨. ਯੋਧਿਆਂ ਦੀ ਸੈਨਾ ਦਾ ਸਿਪਾ-ਸਿਲਾਰ।

ਭੱਟ ਅਖ਼ਸ਼ਰੀ—ਭਾਟ ਸੰਗਤਿ ਦੀ ਆਪਣੀ ਨਿੱਜੀ ਲਿੱਪੀ ਜਿਸਦਾ ਨਿਕਾਸ ਚਿੱਤਰ ਲਿੱਪੀ ਦੇ ਪਿਛੋਕੜ ਤੋਂ ਹੋਇਆ ਜਾਪਦਾ ਹੈ। ਕਿਉਂਕਿ ਚਿੱਤਰ ਲਿੱਪੀ ਤੋਂ ਬਾਅਦ ਜਲਦੀ ਹੀ ਵੇਦ ਸੰਸਕ੍ਰਿਤ ਵਿਚ ਲਿਖੇ ਗਏ ਜੋ ਭਾਰਤੀ ਰਿਸ਼ੀਆਂ ਦੀ ਸਾਂਝੀ ਕਿਰਤ ਤੇ ਸ਼ੁਧ ਕਾਢ ਸੀ। ਵੇਦਾਂ ਵਿਚ ਭੱਟ ਤਥਾ ਅਚਾਰੀਆਂ ਦਾ ਉਲੇਖ ਪ੍ਰਾਪਤ ਹੈ ਅਤੇ ਭੱਟ ਅਖਸ਼ਰੀ ਉਹਨਾਂ ਆਚਾਰੀਆਂ ਦੀ ਲਿੱਪੀ ਮੰਨੀ ਜਾਂਦੀ ਹੈ ਜਿਨ੍ਹਾਂ ਵੇਦਾਂ ਦੀ ਵਿਆਖਿਆ ਕੀਤੀ।

ਭੱਟਲ ਪੁਰਾਨ— ਭਾਟ ਸੰਪ੍ਰਦਾਇ ਦਾ ਆਪਣਾ ਨਿੱਜੀ ਗ੍ਰੰਥ। ਜੋ ਅਠਾਰਾਂ ਪੁਰਾਣਾਂ ਦੀ ਨਿਸਬਤ ਲਿਖਿਆ ਪਿਆ ਹੈ। ਏਸਦੇ ਲੇਖਕ ਗਰਾਮੀਨ ਭੱਟ ਵਿਦਵਾਨ ਕਵੀ ਸਨ। ਸੰਮਤ 1669 ਦੀ ਭੱਟਿਲ ਪੁਰਾਨ ਦੀ ਇਕ ਲਿੱਖਤੀ ਪੱਤੀ ਵਿਦਿਆ ਪ੍ਰਚਾਰਨੀ, ਜੈਨ ਸਭਾ ਜੈ ਪੁਰ ਦੇ ਪੁਸਤਕਾਲੇ ਵਿਚ ਪ੍ਰਾਪਤ ਹੈ।**

ਭਟਿਆਨੀ ਅਤੇ ਬਾਂਗਰੀ ਬੋਲੀ—ਜਿਸ ਵਿਚ ਕਰਨਾਲ ਦੇ ਆਸ ਪਾਸ ਦੀ ਬਾਂਗਰੀ, ਰਾਠੀ, ਭਟਿਆਨੀ ਅਤੇ ਪੰਜਾਬੀ ਬੋਲੀ ਦਾ ਸੁਮੇਲ ਤਥਾ ਕੁਰਕਛੇਤਰ,

---

* ਨੋਟ : 1958 ਦੀ ਕਾਨਫਰੰਸ ਵਿਚ ਮੁਖ ਮੰਤ੍ਰੀ ਵਲੋਂ ਦਿੱਤਾ ਗਿਆ ਭਰੋਸਾ ਪਤ੍ਰ ਸ੍ਰ: ਸੁਜਾਨ ਸਿੰਘ ਪਾਸ ਸੁਰਖਿਅਤ ਹੈ। ਇਸ ਕਾਨਫਰੰਸ ਵਿਚ ਅਨੇਕ ਸਥਾਨਾਂ ਤੋਂ ਸੰਗਤਾਂ ਸ਼ਾਮਲ ਹੋਈਆਂ ਸਨ। ਕਾਨਫਰੰਸ ਦੀ ਸਫਲਤਾ ਲਈ ਪ੍ਰਚਾਰ ਸਕਤ੍ਰ ਦੀ ਸੇਵਾ ਲੇਖਕ ਨੇ ਨਿਭਾਈ, ਜਦ ਕਿ ਸਟੇਜ ਸਕਤ੍ਰ ਦੀ ਜਿੰਮੇਵਾਰੀ ਡਾ. ਹਰਨਾਮ ਸਿੰਘ ਤਾਲਬ ਜੀ ਨੇ ਬੜੇ ਸੁਚੱਜੇ ਢੰਗ ਨਾਲ ਨਿਭਾਈ।

** ਪੜ੍ਹੋ : ਨਾਵਾਂ ਤੇ ਥਾਵਾਂ ਦਾ ਕੋਸ਼।

Digitized by Panjab Digital Library | www.panjabdigilib.org

ਪਾਣੀਪਤ ਆਦਿ ਇਲਾਕੇ ਦੀ ਬੋਲੀ ਦੇ ਪ੍ਰਭਾਵ ਮਿਲਦੇ ਹਨ। ਭਟਿਆਨੀ ਬੋਲੀ ਉਹਨਾਂ ਭੱਟੀ ਰਾਜਪੂਤਾਂ (ਭਾਟਾਂ) ਦੀ ਬੋਲੀ ਹੈ ਜੋ ਇਸ ਇਲਾਕੇ ਵਿਚ ਰਹਿੰਦੇ ਸਨ। ਡਾ. ਜਾਰਜ ਗ੍ਰੀਅਰਸਨ ਵੀ ਇਸ ਮਤ ਦੇ ਅਨੁਆਈ ਹਨ। ਵਿਦਵਾਨਾਂ ਦਾ ਮਤ ਹੈ ਕਿ ਰਾਠੀ ਅਤੇ ਭਟਿਆਨੀ ਦੀ ਸੰਯੁਗਤ ਬੋਲੀ ਬਾਂਗਰੀ ਹੈ।**

ਭਾਟੜਾ ਇਤਿਹਾਸ ਸੁਧਾਰ ਬੋਰਡ : ਇਹ ਬੋਰਡ ਅੰਬਾਲਾ ਸ਼ਹਿਰ ਵਿਖੇ 1960 ਵਿਚ ਸਥਾਪਤ ਕੀਤਾ ਗਿਆ, ਜਿਸਦੇ ਮੁਖ ਪ੍ਰਬੰਧਕ ਬਾਬਾ ਗੰਡਾ ਸਿੰਘ ਕਲੇਵਰ, ਸ. ਮੁਨਸ਼ਾ ਸਿੰਘ ਮਸਕੀਨ ਤੇ ਭਾਈ ਜਗੀਰ ਸਿੰਘ ਜਥੇਦਾਰ ਸਨ। ਅਕਾਲੀ ਸੁਦਾਗਰ ਸਿੰਘ ਸਾਦਿਕ ਇਸ ਬੋਰਡ ਦੇ ਖਜਾਨਚੀ ਤੇ ਸ. ਅਵਤਾਰ ਸਿੰਘ ਜੀ ਲੰਡਨ ਸਲਾਹਕਾਰ ਸਨ। ਭਾਟੜਾ ਸੰਗਤਿ ਦੇ ਵਿਰੁਧ ਲਿਖਣ ਵਾਲੇ ਲੇਖਕਾਂ ਨੂੰ ਅਖਬਾਰਾਂ ਤੇ ਇਸ਼ਤਿਹਾਰਾਂ ਰਾਹੀਂ ਚਿਤਾਵਨੀ ਕਰਾਕੇ ਢੁਕਵੇਂ ਉੱਤਰ ਦੇਣਾ ਇਸ ਬੋਰਡਾ ਦਾ ਮੁਖ ਕੰਮ ਸੀ।

ਭਿਖਾ ਤੇ ਤੋਡਾ ਭੱਟ—ਯਥਾ...ਭਿੱਖਾਂ ਤੋਡਾ ਭੱਟ ਜੋਇ, ਧਾਰੋ ਸੂਦ ਮਹਿਲ ਤਿਸ ਭਾਗ (ਭਾ. ਗੁ.)। ਇਹ ਦੋਵੇਂ ਭਰਾ ਸੁਲਤਾਨ ਪੁਰ ਦੇ ਰਹਿਣ ਵਾਲੇ ਰਾਗੀ ਸਿੱਖ ਸਨ। ਤਿਜਾ ਇਨ੍ਹਾਂ ਨਾਲ ਧਾਰੋ ਨਾਮ ਤੋਂ ਸੂਦ ਜਾਤੀ ਵਿਚੋਂ ਸਿੱਖ ਸੀ। ਆਦਿ ਗੁਰੂ ਗ੍ਰੰਥ ਸਾਹਿਬ ਵਿਚ ਸਵੈਯਾਂ ਦੇ ਰਚੇਤਾ ਭਿਖਾ ਭੱਟ ਹੋਰ ਸਨ। ਪੁਸ਼ਟੀ ਲਈ ਦੇਖੋ ਗਿਆਨ ਰਤਨਾਵਲੀ ਭਾਈ ਮਨੀ ਸਿੰਘ ਤੇ ਤਵਾਰੀਖ ਗਿ. ਲਾਲ ਸਿੰਘ ਸੰਗਰੂਰ।

ਭਾਰਤ ਦਾ ਦੂਜਾ ਦੌਰਾ--(ਪੁਸਤਕ)-15. 10. 19/2 ਨੂੰ ਪ੍ਰਕਾਸ਼ਤ ਹੋਈ ਗਿ. ਮੱਖਣ ਸਿੰਘ ਮ੍ਰਿਗਿੰਦ ਦੀ ਪਹਿਲੀ ਰਚਨਾ ਹੈ। ਇਸ ਵਿਚ ਯੂ. ਪੀ. ਦੇ ਬਿਜਨੌਰ ਪ੍ਰਗਨੇ ਵਿਚ ਭਾਟੜਾ ਸੰਪ੍ਰਦਾਇ ਦੇ ਕੁਝ ਇਤਿਹਾਸਕ ਸਰੋਤਾਂ ਬਾਰੇ ਸੁੰਦਰ ਜਾਣਕਾਰੀ ਇਕੱਤ੍ਰ ਕੀਤੀ ਗਈ ਹੈ।

ਭਾਟਿ, ਭਾਟੀ ਤੇ ਭਾਟੀਆ — ਰਾਜਪੂਤਾਂ ਵਿਚੋਂ ਵਿਕਾਸ ਹੋਈ ਇਕ ਜਾਤੀ ਜਿਸਦਾ ਪਿਛੋਕੜ ਭਾਟੜਾ ਸੰਪ੍ਰਦਾਇ ਦੇ ਵਿਧਾਨ ਨਾਲ ਸਬੰਧਤ ਹੈ।

ਭਟਿਆਨੀ ਜਾਂ ਭਟਿਆਣੀ — (ਸੰਗਯਾ) ਭੱਟ ਸਮਾਜ ਵਿਚੋਂ ਇਕ ਇਸਤਰੀ ਜਿਸ ਦਾ ਜਿਕਰ ਸੈਦਪੁਰ ਦੀ ਕਤਲੇ-ਆਮ ਸਮੇਂ ਇਉਂ ਆਉਂਦਾ ਹੈ। ਯਥਾ—

ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ (ਆਸਾ ਮ: ੧ -ਆਦਿ ਗ੍ਰੰਥ ਪੰਨਾ ੪੧੮)।

ਭੱਟਨ— (ਸੰਗਯਾ)— ਭੱਟ ਯੋਧਿਆਂ ਦੀ ਸੈਨਾ ਤਥਾ ਫੌਜ।

ਭੱਟੀ ਗੋਤ— ਯਦੂ ਵੰਸੀ—ਰਾਜਪੂਤ (ਜੈਸਲ-ਮੇਰ ਦੇ ਰਹਿਣ ਵਾਲੇ) ਭੱਟੀ ਜਾਤੀ ਵਿਚੋਂ ਹਨ। ਫੂਲ ਵੰਸ (ਰਾਜ ਪਟਿਆਲਾ-ਨਾਭਾ ਆਦਿ) ਦਾ ਨਿਕਾਸ ਵੀ ਭੱਟੀ ਵੰਸ ਤੋਂ ਹੀ ਹੋਇਆ। ਮੁਗਲ ਰਾਜ ਸਮੇਂ ਭੱਟੀ ਰਾਜਪੂਤ ਜਬਰੀਂ ਮੁਸਲਮਾਨ ਬਣਾਏ ਗਏ ਜਿਹਨਾਂ ਵਿਚੋਂ ਦੁੱਲਾ ਭੱਟੀ (ਗੁਜਰਾਤ) ਤੇ ਰਾਇ ਭੋਇ ਭੱਟੀ (ਤਲਵੰਡੀ ਨਨਕਾਣਾ ਸਾਹਿਬ) ਪ੍ਰਸਿੱਧ ਹਨ। ਇਸੇ ਭੱਟੀ ਗੋਤ ਵਿਚੋਂ ਭਾਟੜਾ ਸੰਗਤ ਦੇ ਮਹਾਨ ਤਪੀਸਰ ਸੰਤ ਅਤਰ ਸਿੰਘ ਮਹੰਤ ਗੁਰਦਵਾਰਾ ਪੱਟੀ ਸਾਹਿਬ (ਨਨਕਾਣਾ ਸਾਹਿਬ) ਹੋਏ ਹਨ ਜਿਹਨਾਂ ਗੁਰਬਾਣੀ ਤੇ ਗੁਰ ਇਤਿਹਾਸ ਦਾ ਰੱਜਵਾਂ ਪ੍ਰਚਾਰ ਕੀਤਾ ਤੇ ਆਯੁਰਵੈਦ ਰਾਹੀਂ ਅਨੇਕਾਂ ਰੋਗੀਆਂ ਨੂੰ ਅਰੋਗ ਕਰ ਕੇ ਜੱਸ ਖੱਟਿਆ।

ਭਾਗ ਸਿੰਘ ਬਾਬਾ --- ਬਾਬਾ ਭਾਗ ਸਿੰਘ ਜੀ ਭਾਟੜਾ ਸੰਪ੍ਰਦਾਇ ਵਿਚੋਂ ਸੂਰਬੀਰ ਨਿਹੰਗ ਸਿੰਘ ਸਨ ਜਿਹਨਾਂ ਦਾ ਉੱਚਾ ਫਰਲਾ ਤੇ ਬਹੁਤ ਵਡਾ ਦਮਾਲਾ ਸੀ। ਯਥਾ : ਗੁਰ ਮਿਲ ਉਚ ਦਮਾਲੜਾ।

** ਪੜੋ : ਮੈਂ ਧਰਤੀ ਪੰਜਾਬ ਦੀ—ਨਰੇਦਰ ਧੀਰ (ਪੰਨਾ 53-54)।

Digitized by Panjab Digital Library | www.panjabdigilib.org

ਬਾਬਾ ਜੀ 213-ਚੱਕ ਲਾਇਲਪੁਰ ਵਿਖੇ ਖਾਲਸਾ ਕਾਲਜ ਦੇ ਪਾਸ ਗੁਰਦਵਾਰਾ ਸਾਹਿਬ ਵਿਚ ਨਿਵਾਸ ਰੱਖਦੇ ਸਨ ਜਿਥੇ ਉਹ ਆਈਆਂ ਸੰਗਤਾਂ ਦੀ ਸੇਵਾ ਸੰਭਾਲ ਵਡੇ ਸਨਮਾਨ ਨਾਲ ਕਰਦੇ। ਆਪ ਹਰ ਸਾਲ ਮੇਲਾ ਦੁਸਹਿਰਾ ਲਗਵਾ ਕੇ ਬੜੀ ਧੂਮ ਧਾਮ ਨਾਲ ਧਰਮ ਪ੍ਰਚਾਰ ਕਰਦੇ ਸਨ। ਇਹਨਾਂ ਦੀ ਪ੍ਰਸਿੱਧੀ ਸੁਣਕੇ ਇਕ ਵਾਰ ਲਾਇਲਪੁਰ ਦੇ ਅੰਗਰੇਜ਼ ਡਿਪਟੀ ਕਮਿਸ਼ਨਰ ਅਹਿਲਕਾਰਾਂ ਸਮੇਤ ਬਾਬਾ ਜੀ ਦੇ ਦਰਸ਼ਨ ਕਰਨ ਆਏ। ਇਲਾਕਾ ਲਾਇਲਪੁਰ ਦੇ ਸਰਦਾਰ, ਅਫਸਰ ਤੇ ਆਮ ਸੰਗਤਾਂ ਨੂੰ ਬਾਬਾ ਜੀ ਦੇ ਸਨਮਾਨ ਵਿਚ ਜੁੜੇ ਹੋਏ ਵੇਖ ਕੇ ਡਿਪਟੀ ਸਾਹਿਬ ਬੜੇ ਪ੍ਰਸੰਨ ਹੋਏ। ਬਾਬਾ ਜੀ ਨੇ ਸਣੇ ਸੰਗਤਿ ਗੂੰਜਦਾਰ ਜੈਕਾਰੇ ਛੱਡ ਕੇ ਆਈਆਂ ਸੰਗਤਾਂ ਦਾ ਸਨਮਾਨ ਕੀਤਾ ਤਾਂ ਡਿਪਟੀ ਸਾਹਿਬ ਨੇ ਬਾਬਾ ਜੀ ਨੂੰ ਟੋਪ ਲਾਹਕੇ ਵਡੇ ਸਨਮਾਨ ਨਾਲ ਨਮਸਕਾਰ ਕੀਤਾ ਅਤੇ ਇਕ ਉਮਦਾ ਘੋੜਾ ਭੇਟ ਕੀਤਾ। ਉਨ੍ਹਾਂ ਲੰਗਰ ਆਦਿ ਦਾ ਪ੍ਰਬੰਧ ਹੋਰ ਵਧੇਰੇ ਕਰਨ ਖਾਤਰ ਇਲਾਕੇ ਦੇ ਮੁਖੀਆਂ ਨੂੰ ਸਹਾਇਕ ਹੋਣ ਲਈ ਪ੍ਰੇਰਨਾ ਵੀ ਕੀਤੀ।*

ਭਾਟੜਾ ਕੁਲੀਸ਼ਨ ਬੋਰਡ—ਇਹ ਬੋਰਡ ਗੁਆਲ ਮੰਡੀ ਲਹੌਰ ਵਿਖੇ 16-1-1947 ਈ. ਨੂੰ ਬਣਿਆ। ਇਸਦੇ ਪ੍ਰਥਮ ਪ੍ਰਧਾਨ ਸ. ਜੀਵਾ ਸਿੰਘ ਜੀ ਅਤੇ ਸਕੱਤਰ ਸ. ਮੂਲ ਸਿੰਘ ਜੀ ਬਣਾਏ ਗਏ। ਇਸ ਬੋਰਡ ਦੀ ਸਥਾਪਨਾ 'ਸਰਬ ਹਿੰਦ ਭਾਟਰਾ ਯੂਨੀਅਨ' ਅਤੇ 'ਭਾਟੜਾ ਜਨਰਲ ਕਮੇਟੀ' ਵਿਚਾਰਲਾ ਵਿਰੋਧ ਸਮਾਪਤ ਕਰਕੇ ਦੋਵਾਂ ਦੀ ਏਕਤਾ ਲਈ ਕੀਤੀ ਗਈ। (ਵੇਖੋ—ਭਾਟੜਾ ਜਨਰਲ ਕਮੇਟੀ)

ਭਾਈ ਫੇਰੂ ਦਾ ਮੋਰਚਾ—ਇਹ ਮੋਰਚਾ ਜੁਲਾਈ 1932 ਈ. ਵਿਚ ਖਾਲਸਾ ਪੰਥ ਵਲੋਂ ਲਾਇਆ ਗਿਆ। ਇਸ ਮੋਰਚੇ ਵਿਚ ਭਾਟੜਾ ਸੰਗਤਿ ਦੇ ਜਥੇਦਾਰ ਫੌਜਾ ਸਿੰਘ ਦਿਗਪਾਲ, ਜਥੇਦਾਰ ਭਗਤ ਸਿੰਘ ਲੱਖਣਪਾਲ ਤੇ ਜਥੇਦਾਰ ਭਾਈ ਹੁਕਮ ਸਿੰਘ ਦਿਗਪਾਲ ਪੁਤਰ ਭਾਈ ਹਰਨਾਮ ਸਿੰਘ (ਕੁੱਪੀ ਨਿਹੰਗ) ਆਪੋ ਆਪਣੇ ਜਥੇ ਲੈਕੇ ਗਏ। ਮੋਰਚੇ ਅੰਦਰ ਭਾਟ ਸਿੰਘਾਂ ਨੇ ਅਨੇਕਾਂ ਮੁਸੀਬਤਾਂ ਝੱਲ ਕੇ ਬੜੀ ਬੀਰਤਾ ਨਾਲ ਜਿਤ ਪ੍ਰਾਪਤ ਕੀਤੀ। ਜੈਕਾਰੇ ਛੱਡਦੇ ਘਰ ਆਏ ਸਿੰਘਾਂ ਨੂੰ ਸੰਗਤਾਂ ਵਲੋਂ ਫੁੱਲਾਂ ਦੇ ਹਾਰ ਪਹਿਨਾ ਕੇ ਸਤਿਕਾਰਿਆ ਗਿਆ। ਜੋ ਸਿੰਘ ਮੋਰਚੇ ਵਿਚ ਸ਼ਹੀਦ ਹੋਏ ਉਹਨਾਂ ਦੀ ਸਦਗਤੀ ਵਾਸਤੇ ਸੰਗਤਾਂ ਵਲੋਂ ਗੁਰਬਾਣੀ ਦਾ ਪਾਠ ਕਰਾਇਆ ਗਿਆ।

ਭੀਲ ਸਿੰਘ ਸਰਦਾਰ—ਸ. ਭੀਲ ਸਿੰਘ ਜੀ ਧਾਰਮਿਕ ਕਾਵਾਂ ਦੇ, ਲੋਕ ਹਮਦਰਦ ਵਿਅਕਤੀ ਸਨ। ਇਨ੍ਹਾਂ ਗੁਣਾਂ ਸਦਕਾ ਦੇਸ ਤੇ ਪ੍ਰਦੇਸ ਦੋਹਾਂ ਵਿਚ ਉਨ੍ਹਾਂ ਦੇ ਸੰਪਕ ਵਿਚ ਆਏ ਵਿਅਕਤੀਆਂ ਨਾਲ, ਉਨ੍ਹਾਂ ਦੀ ਸਾਂਝ ਬਣੀ ਰਹੀ। ਆਪ ਪੰਜਾਬੀ ਵਿਚ ਭਾਟੜਾ ਸੰਪ੍ਰਦਾਇ ਦਾ ਮਾਸਕ ਪੱਤਰ ਪ੍ਰਕਾਸ਼ ਕੇ ਸੰਗਤੀ ਪ੍ਰਚਾਰ ਕਰਨ ਦੇ ਬੜੇ ਇੱਛਕ ਸਨ। ਯੂ. ਕੇ. ਵਿਚ ਆਪ ਨੇ ਮਾਨਚੈਸਟਰ ਸ਼ਹਿਰ ਵਿਖੇ ਗੁਰਦਵਾਰਾ ਨਾਨਕ ਨਿਰੰਕਾਰੀ ਬਨਾਣ ਵਿਚ ਵਧਵਾਂ ਹਿੱਸਾ ਪਾਇਆ।

1958 ਵਿਚ ਪਟਿਆਲੇ ਵਿਚ ਭਾਟੜਾ ਸੰਪ੍ਰਦਾਇ ਲਈ ਪੱਛੜੀਆਂ ਸ਼੍ਰੇਣੀਆਂ ਦੇ ਅਧਿਕਾਰ ਪ੍ਰਾਪਤ ਕਰਨ ਲਈ ਜੋ ਕਾਨਫ਼ਰੰਸ ਕੀਤੀ ਗਈ ਉਸ ਵਿਚ ਸ. ਭੀਲ ਸਿੰਘ ਜੀ ਯੂ. ਕੇ. ਤੋਂ ਸ਼ਾਮਲ ਹੋਣ ਆਏ। ਸ. ਭੀਲ ਸਿੰਘ ਜੀ ਨੇ ਮਾਨਚੈਸਟਰ ਤੋਂ 'ਸਿੱਖ ਮਿਸ਼ਨਰੀ' ਨਾਮ ਹੇਠ ਮਾਸਕ ਪੱਤਰ ਕੱਢਕੇ ਪੰਜਾਬੀ ਤੇ ਗੁਰਮਤ ਦੇ ਪ੍ਰਚਾਰ ਦਾ ਯੂ. ਕੇ. ਵਿਚ ਮੁਢ ਬੰਨਿਆ। ਆਪ ਹਰਮਨ ਪਿਆਰੇ ਸਮਾਜ ਸੁਧਾਰਕ ਨੇਤਾ ਸਨ।

ਭਾਟੜਾ ਸੰਪ੍ਰਦਾਇ—ਸੰਗਯਾ---ਦੋ ਸ਼ਬਦਾਂ ਦੀ ਸੰਧੀ ਤੋਂ ਪਹਿਲ, ਪ੍ਰਥਮ ਚਲਿਆ ਵਿਦਿਆ ਕ੍ਰਮ।

ਭਾਟੜਾ—ਸੰਗਯਾ- 1. ਗੋਹਜ ਗ੍ਰੰਥਾਂ ਦਾ ਵਿਆਖਿਆ ਕਾਰ, 2. ਰੱਣ (ਸੰਗਰਾਮ) ਵਿਚ ਸਨਮੁਖ ਲੜਨ ਵਾਲਾ 3. ਉਤਮ ਯੋਧਾ 4. ਵੇਦ ਵਿਆਖਿਕ

* ਪੜੋ : ਭਾਟ ਪ੍ਰਕਾਸ਼ ਗਿ. ਗੁਰਮੁਖ ਸਿੰਘ, (ਪੰਨਾ 62)।

Digitized by Panjab Digital Library | www.panjabdigilib.org

ਪੰਡਿਤ 5. ਸੰਪ੍ਰਦਾਇ ਗਿਆਨੀ।

ਸੰਪ੍ਰਦਾਯ--ਸੰਗਯਾ, ੧. ਸਿਲਸਿਲੇ ਵਾਰ ਵਿਦਿਆ ਪ੍ਰਚਾਰਨ ਦਾ ਕਰਮ ੨. ਪਰੰਪਰਾ ਤੋਂ ਉਪਦੇਸ਼ ਦੇਣ ਦੀ ਚਲੀ ਆਈ ਰੀਤੀ ੩. ਗੁਰੂ ਚੇਲੇ ਦੀ ਪੱਧਤੀ ੪. ਗੁਰ ਉਪਦੇਸ਼ ਧਾਰਨ ਵਾਲੀ ਜਮਾਤ ੫. ਟਕਸਾਲ (ਪਾਠਸ਼ਾਲਾ, ਸਤਸੰਗ) ਜੋ ਉਤਮ ਸਿਖਿਆ ਸਿਖਾਵੇ।

ਅਰਥ -- ਵਿਦਿਆ ਪੜ੍ਹਨ, ਪੜ੍ਹਾਉਣ ਵਾਲੀ, ਇਕ ਸੁੰਦਰ ਸੰਸਥਾ; ਗੁਰੂ ਚੇਲੇ ਦੀ ਚਲੀ ਉਹ ਜਮਾਤ ਜੋ ਸਿਲਸਿਲੇ ਵਾਰ ਮਰਿਯਾਦਾ ਅੰਦਰ ਗੁਰਮਤ ਦਾ ਟਕਸਾਲੀ ਪ੍ਰਚਾਰ ਕਰੇ। ਜਿਵੇਂ ਸੋਲ੍ਹਵੀਂ ਸਦੀ ਵਿਚ ਪਹਿਲ, ਪ੍ਰਥਮ, ਬਾਬਾ ਚੰਗਾ ਭਾਟੜਾ ਜੀ ਨੇ ਇਸ ਉਤਮ ਰੀਤੀ ਨਾਲ ਸ੍ਰੀ ਲੰਕਾ ਤੇ ਦੱਖਣੀ ਭਾਰਤ ਵਿਚ ਗੁਰਮਤ ਪ੍ਰਚਾਰਨ ਵਾਲੀ ਟਕਸਾਲ (ਭਾਟੜਾ ਸੰਪ੍ਰਦਾਇ) ਚਲਾਕੇ ਜੱਸ ਖੱਟਿਆ। ਇਹ ਟਕਸਾਲ ਮੌਜੂਦਾ ਸਮੇਂ ਗੁਰੂ ਗੋਬਿੰਦ ਸਿੰਘ ਜੀ ਤੋਂ ਲੈਕੇ, ਭਾਈ ਭਗਵਾਨ ਸਿੰਘ ਜੀ ਤਕ ਹੂ-ਬ-ਹੂ ਚੱਲੀ ਆਈ ਮੰਨੀ ਜਾਂਦੀ ਹੈ। ਇਸ ਪ੍ਰਾਚੀਨ ਟਕਸਾਲ ਬਾਰੇ, ਕਲਮ ਦੇ ਅਵਤਾਰ, ਭਾਈ ਵੀਰ ਸਿੰਘ ਜੀ ਇਉਂ ਸੰਕੇਤ ਕਰਦੇ ਹਨ। ਯਥਾ... ਹਿੰਦ ਦੇ ਦੱਖਣ ਵਿਚ ਜੋ ਟਿਕਾਣੇ ਰਹਿ ਗਏ ਹਨ ਉਥੇ ਗੁਰਸਿਖੀ ਤੇ ਗੁਰੂ ਕੇ ਕਰਿਸ਼ਮਿਆਂ ਦੇ ਪ੍ਰਸੰਗ ਉਸ ਵੇਲੇ ਤਕ ਮੌਜੂਦ ਸਨ। ਜਿਨ੍ਹਾਂ ਦਾ ਜ਼ਿਕਰ ਹਕੀਕਤ ਰਾਹੁ ਮੁਕਾਮ ਵਿਚ ਹੈ। ਨਵੀਂ ਖੋਜ ਲਈ ਹਕੀਕਤ ਰਾਹੁ ਮੁਕਾਮ ਵਿਚ ਚੰਗੀ ਵਾਕਫ਼ੀ ਹੈ।* (ਦੇਖ: ਟਕਸਾਲ)

ਭਾਟੜਾ ਜਨਰਲ ਕਮੇਟੀ—ਇਹ ਕਮੇਟੀ 1943 ਵਿਚ ਗੁਆਲ ਮੰਡੀ ਲਹੌਰ ਵਿਖੇ ਸਥਾਪਤ ਹੋਈ। ਇਸ ਕਮੇਟੀ ਦੇ ਪ੍ਰਬੰਧਕ ਸ. ਜੀਵਾ ਸਿੰਘ (ਪ੍ਰਧਾਨ), ਸ. ਭੀਲ ਸਿੰਘ (ਮੀਤ ਪ੍ਰਧਾਨ) ਤੇ ਸ. ਬਲਵੰਤ ਸਿੰਘ ਗਾਡ (ਸਕੱਤਰ) ਸਨ। ਇਸ ਕਮੇਟੀ ਦੀ ਸਥਾਪਨਾ ਨਾਲ ਸਰਬ ਹਿੰਦ ਭਾਟਰਾ ਯੂਨੀਅਨ ਤੇ ਜਨਰਲ ਕਮੇਟੀ ਦੇ ਮੈਂਬਰਾਂ ਵਿਚਕਾਰ ਵਿਰੋਧ ਭਾਵਨਾ ਜਾਗਰਤ ਹੋ ਗਈ, ਜੋ ਜਨਵਰੀ 1947 ਵਿਚ ਭਾਟੜਾ ਕੁਲੀਸ਼ਨ ਬੋਰਡ ਬਣਨ ਤੇ ਸਮਾਪਤ ਹੋਈ।

ਭਾਟ ਸੰਗਤਿ - ਪ੍ਰੋਫੈਸਰ ਸਾਹਿਬ ਸਿੰਘ ਜੀ ਭਾਟ ਭਗਤ ਤਥਾ ਭਾਟ ਸੰਗਤਿ ਨੂੰ ਪੰਜਾਬ ਨਿਵਾਸੀ ਮੰਨਦੇ ਹਨ। ਯਥਾ...ਪੰਜਾਬ ਵਿਖੇ ਬਹੁਤੀ ਥਾਈਂ ਭਾਟ (ਸਿੱਖ) ਵਸਦੇ ਹਨ। ਜਿਵੇਂ ਦੁਆਬਾ, ਗੁਰਦਾਸਪੁਰ, ਤਿਬੜ, ਪਟਿਆਲਾ, ਲੁਧਿਆਣਾਂ, ਫ਼ਿਰੋਜਪੁਰ, ਅੰਮ੍ਰਿਤਸਰ ਆਦਿ। 'ਵਿਸ਼ਵ ਸਭਿਅਤਾ' ਵਿਚ ਇਉਂ ਲਿਖਿਆ ਹੈ। ਯਥਾ...ਮੁਢਲੇ ਆਰੀਆਂ ਲੋਕ, ਥਾਂ-ਪਰ-ਥਾਂ ਵਸ਼ਣ ਵਾਲੇ, ਗਾਣ ਵਜਾਣ ਦੇ ਬੜੇ ਸ਼ੁਕੀਨ ਸਨ। ਉਕਤ ਆਰੀਆ ਨਾਲ ਵਿਚਰਨ ਵਾਲੇ, ਇਨ੍ਹਾਂ ਦੇ ਅਚਾਰੀਆ (ਵਿਦਵਾਨ, ਭੱਟ) ਜੋ ਇਨ੍ਹਾਂ ਦੇ ਵੰਸ, ਵਰਿਖ਼ਾਂ ਦੇ ਪੁਰਾਤਨ ਇਤਿਹਾਸ ਯਾਦ ਰਖਦੇ ਸਨ, ਨਾਲ ਹੀ ਵਸ ਕੇ, ਪੰਜਾਬ ਦੇ ਵਸਨੀਕ ਬਣੇ। ਇਨ੍ਹਾਂ ਉਦਾਹਰਣਾਂ ਤੋਂ ਸਿੱਧ ਹੁੰਦਾ ਹੈ ਕਿ ਆਦੀ ਅਬਾਦੀ ਨਾਲ ਵਸਣ ਵਾਲਾ ਭੱਟ ਸਮਾਜ ਪੰਜਾਬੀ ਅਤੇ ਭਾਰਤੀ ਹੈ ਜੋ ਬਾਅਦ ਵਿਚ ਕਈ ਦੇਸ਼ਾਂ ਅੰਦਰ ਵੱਖ ਵੱਖ ਥਾਵਾਂ ਪਰ ਫੈਲ ਗਿਆ।

ਭਾਟੜਾ— (ਸੰਗਯਾ)— ਭਾਟੜਾ ਸੰਪ੍ਰਦਾਇ ਵਿਚੋਂ ਇਕ ਵਿਅਕਤੀ 2 ਪ੍ਰਚਾਰਕ 3 ਵਿਆਖਿਆਕਾਰ 4 ਸਨਮੁਖ ਸੰਗਰਾਮੀਆਂ 5 ਸਰਿਸ਼ਟ 6 ਸੰਪ੍ਰਦਾਇ ਮੁਖੀ 7 ਸਿਰਮੌਰ 8 ਸ਼੍ਰੋਮਣੀ।

(ਦੇਖੋ— ਭਾਟੜਾ ਸੰਪ੍ਰਦਾਇ ਅਤੇ ਭਾਟੜਾ ਸੰਗਤ ਭਾਈ ਚਾਰਾ)।

ਭਾਟੜਾ ਸੰਗਤਿ--- ਸ੍ਰੀ ਭਾਟੜਾ ਸੰਗਤਿ ਦੇ ਜਨਮਦਾਤਾ ਜਗਤ ਗੁਰੂ ਨਾਨਕ ਦੇਵ ਜੀ ਸਨ ਜਿਨ੍ਹਾਂ ਪੰਜਾਬ ਤਥਾ ਲੰਕਾਂ ਵਾਸੀਆਂ ਨੂੰ ਗੁਰੂ ਬਾਣੀ ਉਪਦੇਸ਼ ਰਾਹੀਂ ਅਕਤਰ ਕਰਕੇ 'ਭਾਟੜਾ-ਸੰਗਤਿ' ਦੀ ਪਦਵੀ ਪ੍ਰਦਾਨ ਕੀਤੀ। ਸ੍ਰੀ ਲੰਕਾ ਵਿਚ ਮਹਾਰਾਜਾ ਸ਼ਿਵਨਾਭ ਨੂੰ ਭਾਟੜਾ ਸੰਗਤਿ ਦਾ ਜਥੇਦਾਰ ਥਾਪ ਕੇ ਲੰਗਰ

* ਪੜ੍ਹੋ : ਗੁਰੂ ਨਾਨਕ ਚਮਤਕਾਰ (ਪੰਨਾ 6)

Digitized by Panjab Digital Library | www.panjabdigilib.org

ਚਲਵਾ ਕੇ ਸੰਗਤਿ ਪੰਗਤਿ ਦੀ ਪਰਮ ਮਰਯਾਦਾ ਕਾਇਮ ਕੀਤੀ। (ਦੇਖੋ: ਚੰਗਾ ਭਾਟੜਾ)।

ਭਾਟ ਸਿੱਖ— ਸੰਗਯਾ — ਭੱਟ ਸਮਾਜ ਵਿਚੋਂ ਇਕ ਵਿਅਕਤੀ ਮੌਜੂਦਾ ਸਮੇਂ ਭਾਟ ਸੰਗਤਿ ਸਾਡੇ ਤਿੰਨ ਲਖ ਦੀ ਗਿਣਤੀ ਵਿਚ ਆਬਾਦ ਹੈ। ਹਿੰਦੂ ਧਰਮ ਵਿਚ ਕੁਝ ਵਿਅਕਤੀ ਭਾਟ ਬ੍ਰਹਿਮਨ ਸਦੇ ਜਾਂਦੇ ਹਨ। ਦੱਖਣ ਭਾਰਤ ਵਿਚ ਭਾਟ ਸਿਖ ਵੰਨਜਾਰੇ (ਵਪਾਰੀ) ਸਦੀਂਦੇ ਹਨ। ਬੰਬਈ ਪ੍ਰਾਂਤ ਵਲ ਜੌਹਰੀ ਯੂ. ਪੀ. ਤੇ ਮਧ ਪ੍ਰਦੇਸ ਵਲ ਰਮੱਈਏ ਤੇ ਪੰਜਾਬ ਅੰਦਰ ਭਾਟ ਸਿੱਖ ਤਥਾ ਭਾਟੜਾ ਸਿੰਘ ਕਹੇ ਜਾਂਦੇ ਹਨ। ਭਾਟ ਸਿਖਾਂ ਦਾ ਸ਼ਰੋਮਣੀ ਇਸ਼ਟ ਸ੍ਰੀ ਗੁਰੂ ਗਰੰਥ ਸਾਹਿਬ ਜੀ ਹਨ।

ਭਾਟੜਾ ਸੰਗਤਿ ਭਾਈਚਾਰਾ — ਬਾਬਾ ਗੰਡਾ ਸਿੰਘ ਕਲੇਵਰ ਦੀ ਸਰੋਤ ਅਨੁਸਾਰ ਜਦੋਂ ਅਨੰਦਪੁਰ (ਤਖਤ ਸ੍ਰੀ ਕੇਸਗੜ੍ਹ ਸਾਹਿਬ) ਵਿਖੇ ਵੈਸਾਖੀ ਵਾਲੇ ਦਿਨ ਅੰਮ੍ਰਿਤਪਾਨ ਕਰਨ ਲਈ ਅੱਸੀ ਹਜ਼ਾਰ ਸਿਖਾਂ ਦਾ ਵਿਸ਼ਵ ਇਕਠ ਹੋਇਆ ਤਾਂ ਭਾਟੜਾ ਸੰਗਤਿ ਵਿਚੋਂ 32 ਗੋਤਾਂ ਦੇ ਭਾਟ ਸਿਖ ਅੰਮ੍ਰਿਤ ਪਾਨ ਕਰਨ ਹਾਜ਼ਰ ਹੋਏ। ਸ੍ਰੀ ਹਜੂਰ ਗੁਰੂ ਗੋਬਿੰਦ ਰਾਇ ਪਾਸੋਂ ਅੰਮ੍ਰਿਤ ਛਕ ਕੇ ਇਹ ਸਿਖ ਵਰਨਾਂ (ਗੋਤਾਂ) ਤੋਂ ਰਹਿਤ ਹੋ ਗਏ ਅਤੇ--- 'ਖਾਲਸਾ ਮੇਰੋ ਰੂਪ ਹੈ ਖਾਸ ਖਾਲਸੇ ਮੈਂ ਹਉ ਕਰੋਂ ਨਿਵਾਸ' ਦੇ ਵਾਕ ਅਨੁਸਾਰ ਗੁਰੂ ਸਾਹਿਬ ਦੇ ਸਵਰੂਪ (ਚਰਨਾਂ) ਵਿਚ ਲੀਨ ਹੋ ਗਏ।

ਭਾਟੜਾ ਸੰਗਤਿ ਭਾਈਚਾਰੇ ਦੀ ਇਕ ਸਰਵ ਸ਼੍ਰੇਸ਼ਟ ਪੁਰਾਤਨ ਮਰਯਾਦਾ ਸਾਂਝਾ ਲੰਗਰ (ਬੈਠਕ) ਦੀ ਪ੍ਰਥਾ ਆਦਿ ਤੋਂ ਅਜ ਤਕ ਜਿਉਂ ਦੀ ਤਿਉ ਚਲੀ ਆਈ ਉਜਾਗਰ ਹੈ। ਯਥਾ :

ਧਰਮ ਸਾਲ ਮਹਿ ਦੇਗ ਬਸਾਲਾ
ਕਰੀ ਵਹਿ ਸਤਿਗੁਰ ਕਿਰਪਾਲਾ
ਮਨ ਅਕੀਸ ਜਿਹ ਲੋਣ ਮਿਲਾਏ
ਇਹੋ ਅਹਾਰ ਹੋਇ ਸਭ ਖਾਇ।*

ਪੁਨਾ— ਤਹਿ ਗੁਰੂ ਜੀ ਕੀ ਧਰਮਸਾਲ ਹੈ ਸੰਗਤ ਜੁੜਤੀ ਹੈ ਤੇ ਕੀਰਤਨ ਹੋਤਾ ਹੈ। ਰਸੋਈ ਮੇਂ ਬੀਸ ਮਨ ਲੂਣ ਹਰ ਰੋਜ਼ ਲਗਤਾ ਹੈ।** ਬਾਬਾ ਕੀਰਤ ਭਾਟ ਜੀ ਗੁਰੂ ਸੰਗਤਿ ਦੇ ਸਬੰਧਾਂ ਦੀ ਵਿਆਖਿਆ ਇਉਂ ਉਜਾਗਰ ਕਰਦੇ ਹਨ। ਯਥਾ- ਇਕ ਉਤਮ ਪੰਥ ਸੁਨਿਉ ਗੁਰ ਸੰਗਤ ਤਹਿ ਮਲੰਤ ਜਮ ਤਰਾਸ ਮਟਾਈ॥ ✲

ਭੱਟਾਂ ਦੀਆਂ ਤਵਾਰੀਖੀ ਵਹੀਆਂ— ਪਿੰਡ ਕਿਰਸੰਧੂ ਜ਼ਿਲ੍ਹਾ ਜੀਂਦ ਦੇ ਵਸਨੀਕ ਭਾਈ ਮਾਨ ਸਿੰਘ ਤੇ ਭਾਈ ਸੰਤਾ ਸਿੰਘ ਪੁਰਾਣੇ ਖਾਨਦਾਨੀ ਭੱਟ ਹਨ ਜੋ ਪਹਿਲਾਂ ਸਹਿਜਧਾਰੀ ਸਨ। ਇਹ ਅਕਾਲੀ ਲਹਿਰ ਸਮੇਂ ਸਿੰਘ ਸਜੇ। ਇਹਨਾਂ ਪਾਸ ਪੁਰਾਣੀਆਂ ਵਹੀਆਂ ਹਨ ਜਿਹਨਾ ਤੋਂ ਕਈ ਖਾਨਦਾਨਾਂ ਦੇ ਪੁਰਾਣੇ ਵੰਸ ਗੋਤਾਂ ਤੇ ਤਵਾਰੀਖੀ ਪ੍ਰਸੰਗਾਂ ਦੀਆਂ ਪੱਕੀਆਂ ਤਾਰੀਖਾਂ ਪ੍ਰਾਪਤ ਹੁੰਦੀਆਂ ਹਨ।

ਨੋਟ — ਅਜਿਹੇ ਅਨੇਕਾਂ ਪ੍ਰਮਾਣ ਦਿਤੇ ਜਾ ਸਕਦੇ ਹਨ ਜੋ ਵਿਸਥਾਰ ਦੇ ਭੈ ਤੋਂ ਇਥੇ ਦਰਜ ਨਹੀਂ ਕੀਤੇ ਗਏ ਪ੍ਰੰਤੂ ਹੋਰ ਅੰਦਰਾਜਾਂ ਵਿਚੋਂ ਮਿਲ ਸਕਦੇ ਹਨ।

* ਪੜੋ-- ਨਾਨਕ ਪ੍ਰਕਾਸ਼ ਭਾਈ ਸੰਤੋਖ ਸਿੰਘ (ਪੰਨਾ 337)।

** ਹਕੀਕਤ ਰਾਹੁ ਮੁਕਾਮ ਰਾਜੇ ਸ਼ਿਵਨਾਭ ਕੀ-- ਬੀੜ ਭਾਈ ਬੰਨੋ ਜੀ।

✲ ਪੜੋ-- ਆਦਿ ਗੁਰੂ ਗ੍ਰੰਥ ਸਾਹਿਬ।

Digitized by Panjab Digital Library | www.panjabdigilib.org

ਮਾਧੋ ਭਾਈ— ਸ੍ਰੀ ਮਾਧੋ ਰਾਇ ਜੀ ਬਾਬਾ ਚੰਗਾਂ ਭਾਟੜਾ ਜੀ ਦੇ ਚੌਥੇ ਸੇਵਕ ਸਨ। ਆਪ ਭਾਟੜਾ ਸੰਪ੍ਰਦਾਇ ਵਿਚੋਂ ਇਕ ਉਤਮ ਉਪਦੇਸ਼ਕ ਸਨ। *ਮਿਸਟਰ ਮੈਕਾਲਫ ਅਨੁਸਾਰ ਭਾਈ ਮਾਧੋ ਜੀ ਨੂੰ ਗੁਰੂ ਅਰਜਨ ਸਾਹਿਬ ਨੇ ਆਪਣੇ ਬਾਈ ਸੂਬਿਆਂ (ਪ੍ਰਚਾਰਕਾਂ) ਵਿਚ ਸ਼ੁਮਾਰ ਕਰ ਕੇ ਕਸ਼ਮੀਰ ਵਿਚ ਗੁਰਮਤ ਪਰਚਾਰਨ ਲਈ ਭੇਜਿਆ। ਸੰਤ ਮੰਗਲ ਦਾਸ ਅਨੁਸਾਰ ਭਾਈ ਮਾਧੋ ਜੀ ਨੇ ਲੰਕਾ, ਦਖਣੀ ਭਾਰਤ ਤੇ ਕਸ਼ਮੀਰ ਅੰਦਰ ਟਕਸਾਲੀ ਰੀਤੀ ਨਾਲ ਸਿਖ ਧਰਮ ਦੀ ਵਿਸ਼ੇਸ਼ ਵਿਆਖਿਆਂ ਕਰ ਕੇ ਗੁਰਬਾਣੀ ਦੇ ਅਰਥ ਪੁਰਸ਼ਾਰਥ ਕੀਤੇ। ਇਸੇ ਪਰਸੰਨਤਾ ਵਿਚ ਗੁਰੂ ਅਰਜਨ ਦੇਵ ਜੀ ਨੇ ਵਿਸਮਾਦਤਾ ਨਾਲ ਇਹ ਸ਼ਬਦ ਉਚਾਰੇ— ਯਥਾ— ਮੇਰੇ ਮਾਧੋ ਜੀ ਸਤ ਸੰਗਤਿ ਮਿਲੇ ਸੋ ਤਰਿਆ (ਗੁਜਰੀ ਮ: ੫) ॥ ਭਾਈ ਮਾਧੋ ਜੀ ਦੀ ਨਿਸ਼ਾਨ ਦੇਹੀ ਇਉ ਵੀ ਉਜਾਗਰ ਹੁੰਦੀ ਹੈ। ਯਥਾ— ਚੰਗਾ ਰਾਇ ਕੇ ਪਾਸ ਅਸਰਮ ਮੈ ਰਹਿਤੇ ਮਾਧੋ ਭਾਈ ਵਕਿਤਾ ਥੇ।**

ਮੋਚੀ ਦਰਵਾਜਾ ਲਾਹੌਰ ਦਾ ਇਤਿਹਾਸਕ ਗੁਰਦਵਾਰਾ— ਇਸ ਇਤਿਹਾਸਕ ਗੁਰਦਵਾਰੇ ਦੀ ਭੁੰਇ ਮਹਾਰਾਜਾ ਰਣਜੀਤ ਸਿੰਘ ਨੇ ਭਾਟੜਾ ਸੰਗਤਿ ਨੂੰ ਉਚੇ ਸਨਮਾਨ ਨਾਲ ਤਾਂਬੇ ਦੇ ਪਟੇ ਪਰ ਲਿਖ ਕੇ ਭੇਟ ਕੀਤੀ ਸੀ। ਇਸ ਭੁੰਇ ਤੇ ਭਾਟ ਸੰਗਤ ਨੇ ਗੁਰਦਵਾਰਾ ਮੋਚੀ ਦਰਵਾਜਾ ਉਸਾਰ ਕੇ ਇਕ ਸਦੀਵੀ ਯਾਦਗਾਰ ਕਾਇਮ ਕੀਤੀ। 1944 ਵਿਚ ਉਕਤ ਗੁਰਦਵਾਰੇ ਪਰ 'ਭਾਟੜਾ ਜਨਰਲ ਕਮੇਟੀ ਗੁਆਲ ਮੰਡੀ ਦਾ ਕਬਜ਼ਾ ਸੀ।

7 ਅਗਸਤ 1944 ਨੂੰ ਸਰਬ ਹਿੰਦ ਭਾਟਰਾ ਯੂਨੀਅਨ ਨੇ ਇਸ ਸਾਂਝੇ ਇਤਿਹਾਸਕ ਗੁਰਅਸਥਾਨ ਪਰ ਇਕ ਧੜੇ ਦਾ ਕਬਜ਼ਾ ਸਮਾਪਤ ਕਰਨ ਦਾ ਮਤਾ ਪਾਸ ਕੀਤਾ। ਇਸ ਮਤੇ ਵਿਚ ਉਕਤ ਗੁਰਦਵਾਰੇ ਵਿਚ ਮਿਥੀ ਤਾਰੀਖ ਨੂੰ ਤ੍ਰਿਭਾਵਲੇ ਦੀਆਂ ਦੇਗਾਂ ਵਰਤੋਣ ਤੇ ਨਵਾਂ ਨਿਸ਼ਾਨ ਸਾਹਿਬ ਝੁਲਾ ਕੇ ਪਰਬੰਧ ਸਾਂਝੇ ਅਧਿਕਾਰ ਅੰਦਰ ਕਰਨ ਦਾ ਪ੍ਰਣ ਲਿਆ ਗਿਆ। ਸੰਜੋਗ ਨਾਲ ਮਿਥੀ ਤਾਰੀਖ ਨੂੰ ਲਾਹੌਰ ਅੰਦਰ ਖਰਾਬ ਰਾਜਸੀ ਹਾਲਤ ਕਾਰਨ ਦਫ਼ਾ 144 ਲਗ ਗਈ।

ਮਿਥੇ ਪਰੋਗਰਾਮ ਅਨੁਸਾਰ ਇਕਤਰ ਹੋਈਆਂ ਸੰਗਤਾਂ ਤੇ ਸਰਬ ਹਿੰਦ ਭਾਟਰਾ ਯੂਨੀਅਨ ਦੇ ਵਰਕਰ ਨਿਸ਼ਾਨ ਸਾਹਿਬ ਲੈ ਕੇ ਸ਼ਬਦ ਪੜ੍ਹਦੇ ਗੁਰਦਵਾਰੇ ਵਲ ਤੁਰ ਪਏ ਤਾਂ ਸਰਕਾਰੀ ਅਧਿਕਾਰੀਆਂ ਨੇ 144 ਦਫ਼ਾ ਕਾਰਨ ਉਹਨਾਂ ਨੂੰ ਰੋਕਣਾ ਚਾਹਿਆ। ਵਾਦ ਵਿਵਾਦ ਹੋਣ ਤੇ ਇਸ ਲੰਮੇ ਵਹੀਰ ਦੇ ਦੋ ਜਥੇ ਕਰ ਕੇ ਸੰਗਤਾਂ ਨੂੰ ਨਿਖੜ ਕੇ ਗੁਰਦਵਾਰੇ ਪੁਜਣ ਦੀ ਆਗਿਆ ਦੇ ਦਿਤੀ ਗਈ।

ਪਹਿਲੇ ਜਥੇ ਵਿਚ ਜਥੇਦਾਰ ਗਿ. ਮੱਖਣ ਸਿੰਘ ਮ੍ਰਿਗਿੰਦ ਅਤੇ ਦੂਸਰੇ ਜਥੇ ਵਿਚ ਜਥੇਦਾਰ ਸ. ਗੰਡਾ ਸਿੰਘ ਅਕਾਲੀ ਤੇ ਹੋਰ ਅਨੇਕਾਂ ਸੰਗਤਾਂ ਨੇ ਸਰਕਾਰੀ

---

* ਪੜੋ— ਸਿੱਖ ਇਤਿਹਾਸ ਲੇਖਕ ਮਿਸਟਰ ਮੈਕਾਲਫ (ਪੰਨਾ 295)।

** ਤੜੋ— ਸਿੰਘਲਾ ਦੀਪਕੀ ਰਹੁਤਾਸ (127 ਖੰਡ)।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org



ਦੂਜੀ ਵਿਸ਼ਵ ਜੰਗ ਸਮੇਂ ਏ. ਆਰ. ਪੀ. ਦੀ ਵਿਲੱਖਣ ਸੇਵਾ ਅੰਜਾਮ ਦੇਣ ਵਾਲੇ ਸ: ਰਾਮ ਸਿੰਘ ਦਿਗਪਾਲ ਸ਼ਾਹੀ ਪਰਿਵਾਰ ਨਾਲ।

(ਫੋਟੋ—1941)

Digitized by Panjab Digital Library | www.panjabdigilib.org

ਕਰਮਚਾਰੀਆਂ ਦੇ ਥਾਂ ਪਰ ਥਾਂ ਰੋਕਨ ਦੇ ਬਾਵਜੂਦ ਭੀ ਗੁਰਦਵਾਰੇ ਪੁਜ ਕੇ ਦੇਗਾਂ ਵਰਤਾਈਆਂ, ਨਿਸ਼ਾਨ ਸਾਹਿਬ ਝੁਲਾਇਆ ਤੇ ਇਸ ਇਤਿਹਾਸਕ ਗੁਰਦਵਾਰੇ ਦਾ ਪ੍ਰਬੰਧ ਸਾਂਝੇ ਅਧਿਕਾਰ ਵਿਚ ਲਿਆਂਦਾ।

ਮੇਹਰ ਸਿੰਘ ਗ੍ਰੰਥੀ— ਭਾਈ ਮੇਹਰ ਸਿੰਘ ਜੀ ਲੱਖਣਪਾਲ ਵੰਸ ਵਿਚੋਂ ਪਿੰਡ ਗੜ੍ਹੀ ਰਿਆਸਤ ਜੰਮੂ-ਕਸ਼ਮੀਰ ਦੇ ਵਸਨੀਕ ਸਨ। ਆਪ ਦੇ ਪਿਤਾ ਸ: ਨਾਨਕ ਸਿੰਘ ਜੀ ਜੋਤਿਸ਼ ਤੇ ਵੈਦਿਕ ਔਸ਼ਧਿਆਂ ਦੀ ਮਹਾਰਤ ਕਾਰਨ ਆਸ ਪਾਸ ਦੇ ਇਲਾਕੇ ਵਿਚ 'ਪੰਡਿਤ' ਨਾਨਕ ਸਿੰਘ ਦੇ ਨਾਮ ਤੋਂ ਮਸ਼ਹੂਰ ਸਨ। ਭਾਈ ਮੇਹਰ ਸਿੰਘ ਜੀ 1947 ਦੀ ਦੇਸ਼ ਵੰਡ ਤੋਂ ਬਾਦ ਯੂ. ਕੇ ਚਲੇ ਗਏ, ਜਿਥੇ ਉਨ੍ਹਾਂ ਮਾਨਚੇਸਟਰ ਸ਼ਹਿਰ ਦੇ ਗੁ: ਨਾਨਕ ਨਿਰੰਕਾਰੀ ਦੇ ਗ੍ਰੰਥੀ ਦੀ ਮੁਫ਼ਤ ਸੇਵਾ ਲਗਾਤਾਰ 17 ਸਾਲ ਸੰਭਾਲੀ ਰੱਖੀ। ਇਸ ਸੇਵਾ ਦੌਰਾਨ ਉਨ੍ਹਾਂ ਗੁਰਮਤ ਦਾ ਰਜਵਾਂ ਪ੍ਰਚਾਰ ਕੀਤਾ ਅਤੇ ਪੰਜਾਬੀ ਬੋਲੀ ਤੇ ਸੱਭਿਆਚਾਰ ਦੇ ਵਿਕਾਸ ਲਈ ਅਨੇਕ ਉਪਰਾਲੇ ਕੀਤੇ। ਯੂ. ਕੇ ਵਿਚ ਪੰਜਾਬੀ ਬਚਿਆਂ ਨੂੰ ਮਾਂ-ਬੋਲੀ ਦੀ ਸਿਖਿਆ ਦੇਨ ਖਾਤਰ ਭਾਈ ਜੀ ਆਪਣੇ ਪਾਸੋਂ ਧਨ ਖਰਚ ਕੇ ਬਾਲ ਉਪਦੇਸ਼ ਤਥਾ ਹੋਰ ਪੁਸਤਕਾਂ ਭਾਰਤ ਤੋਂ ਮੰਗਵਾਂਦੇ ਤੇ ਮੁਫ਼ਤ ਵੰਡਦੇ ਸਨ। ਉਨ੍ਹਾਂ ਦੀ ਇਸ ਸੇਵਾ ਤੋਂ ਪ੍ਰਭਾਵਤ ਹੋ ਕੇ ਯੂ.ਕੇ ਦੀ ਦੂਰ ਦਰਸ਼ਨ ਸੇਵਾ ਵਾਲਿਆਂ ਨੇ ਉਨ੍ਹਾਂ ਬਾਰੇ ਇਕ ਚਲ-ਚਿਤ੍ਰ ਤਿਆਰ ਕਰਕੇ ਅਨੇਕ ਵਾਰ ਆਪਣੇ ਸਭਿਆਚਾਰਕ ਪ੍ਰੋਗਰਾਮ ਵਿਚ ਪੇਸ਼ ਕੀਤਾ। ਭਾਈ ਮੇਹਰ ਸਿੰਘ ਜੀ ਨੇ ਦਸਤਾਰ ਮੋਰਚੇ ਸਮੇਂ ਗਿ. ਸੁੰਦਰ ਸਿੰਘ ਸਾਗਰ ਜੀ ਨਾਲ ਪੂਰਾ ਸਹਿਯੋਗ ਦੇ ਕੇ ਇਸ ਮੋਰਚੇ ਦੀ ਸਫ਼ਲਤਾ ਵਿਚ ਵਧਵਾਂ ਹਿੱਸਾ ਪਾਇਆ। ਇਸ ਦੇ ਫਲਸਵਰੂਪ ਭਾਈ ਸਾਹਿਬ ਦੇ ਵਡੇ ਪੁਤਰ ਸ: ਮੁਖਤਿਆਰ ਸਿੰਘ ਨੂੰ ਪਹਿਲਾਂ ਦਸਤਾਰ ਧਾਰੀ ਬਸ ਕੰਡਕਟਰ ਬਨਣ ਦਾ ਸੁਭਾਗ ਪ੍ਰਾਪਤ ਹੋਇਆ।

ਭਾ:ਮੇਹਰ ਸਿੰਘ ਜੀ54 ਸਾਲ ਆਯੂਭੋਗਕੇ ਨਵੰਬਰ 1970 ਵਿਚ ਯੂ.ਕੇ ਦੇਮਾਨਚੇਸਟਰ ਸ਼ਹਿਰ ਵਿਖੇ ਸਵਰਗਵਾਸ ਹੋਏ।



ਰਾਮ ਸਿੰਘ ਸਰਦਾਰ—ਸ. ਰਾਮ ਸਿੰਘ ਜੀ-ਸਪੁਤਰ ਸ. ਰਵੇਲ ਸਿੰਘ,ਭਾਟੜਾ ਸੰਪ੍ਰਦਾਯ ਦੇ ਦਿਗਪਾਲ ਵੰਸ ਵਿਚੋਂ ਗਲੋਟੀਆਂ ਕਲਾਂ ਜ਼ਿਲ੍ਹਾ ਮਿਆਲ ਕੋਟ ਦੇ ਵਸਨੀਕ ਸਨ। ਆਪ ਦੂਜੀ ਵਿਸ਼ਵ ਜੰਗ ਸਮੇਂ ਬਰਤਾਨੀਆਂ ਫੌਜ਼ਵਿਚ ਏ.ਆਰ.ਪੀ ਸਿਪਾਹੀ ਸਨ।* 1941ਵਿਚ ਬਰਮਿੰਘਮ ਸ਼ਹਿਰ ਦੀ ਤਬਾਹੀਵਾਲੀ ਬੰਬਾਰੀ ਵਿਚਅਦੂਤੀ ਪੇਸ਼ਵਾ ਵਾਂਗ ਆਪਨੇ ਸਾਥੀ ਫੌਜੀਆਂ ਦੀ ਅਗਵਾਹੀ ਕਰਕੇ ਫੱਟੜ ਸਿਪਾਹੀਆਂ ਦੀ ਸੇਵਾ ਕੀਤੀ। ਜਦੋਂ ਹਰ ਫੌਜੀ ਨੂੰ ਆਪਣੇ ਬਚਾ ਵਾਸਤੇ ਲੋਹ ਟੋਪ ਪਹਿਰਣ ਦਾ ਹੁਕਮ ਸੀ ਤੇ ਗੋਲੀਆਂ ਤੇ ਬੰਬਾਂ ਦੀ ਗਰੜਾਕ ਨਾਲ ਮਨੁਖ ਮੌਤ ਸਾਂਵੇਂ ਕੰਬ ਰਹੇ ਸਨ ਉਦੋਂ ਸ. ਰਾਮ ਸਿੰਘ ਜੀ ਜਿਹਨਾਂ ਦਾ ਭਰੋਸਾ ਗੁਰੂ ਸਾਹਿਬਾਂ ਤੇ ਪ੍ਰਪੱਕ ਸੀ, ਆਪਣੇ ਸਿੱਖੀ ਸਿਧੱਕ ਅੰਦਰ (ਗੁਰੂ ਆਸਰੇ) ਲੋਹ ਟੋਪ ਤੋਂ ਬਿਨ੍ਹਾਂ ਦਸਤਾਰ ਨਾਲ ਹੀ ਵਰਸਦੇ ਬੰਬਾਂ ਤੇ ਗੋਲੀਆਂ ਵਿਚ ਨਿਝੱਕ ਹੋ ਕੇ ਅਗੇ ਵਧੀ ਜਾਂਦੇ ਸਨ। ਬਰਮਿੰਘਮ ਸ਼ਹਿਰ ਵਿਖੇ ਹੋਈ ਬ੍ਰਬਾਦੀ ਦਾ ਜਾਇਜਾ ਲੈਣ ਤਥਾ ਫੱਟੜਾਂ ਦੀ ਖਬਰ ਲੈਣ ਆਏ ਜਾਰਜ ਛੇਵੇਂ (ਸ਼ਹਿਨਸ਼ਾਹ ਹਿੰਦ) ਜਦ ਸ. ਰਾਮ ਸਿੰਘ ਵਾਲੇ ਫੌਜੀ ਦਸਤੇ ਪਾਸ ਪਹੁੰਚੇ ਤਾਂ ਬਰਤਾਨਵੀਂ ਫੌਜ਼ ਵਿਚੋਂ ਇਕੋ-ਇਕ ਦਸਤਾਰ ਧਾਰੀ ਸਿੱਖ ਵੇਖ ਕੇ ਬਹੁਤ ਪ੍ਰਭਾਵਤ ਹੋਏ। ਸ਼ਹਿਨਸ਼ਾਹ ਨੇ ਸ. ਰਾਮ ਸਿੰਘ ਦੇ ਜੰਗ ਵਿਚ-ਬਹਾਦਰੀ.ਦਲੇਰੀ ਤੇ ਸੱਚੀ ਲਗਨ ਨਾਲ ਕੀਤੇ ਕੰਮ ਦੀ ਭਰਪੂਰ ਪ੍ਰਸੰਸਾ ਕੀਤੀ ਅਤੇ ਉਚੇਚਾ ਹਥ ਮਿਲਾ ਕੇ ਸ. ਰਾਮ ਸਿੰਘ ਨੂੰ ਵਡੀ ਖੁਲ ਨਾਲ ਇਨਾਮ ਮੰਗਣ ਲਈ

* ਏ. ਆਰ. ਪੀ.—ਹਵਾਈ ਹਮਲੇ ਤੋਂ ਬਚਾ ਕਰਨ ਵਾਲੇ ਫੌਜੀ

Digitized by Panjab Digital Library | www.panjabdigilib.org

ਕਿਹਾ । ਸਤਿਗੁਰਾਂ ਦੇ ਅਨਖੀ ਦਲਾਨੇ ਨੇ ਮੰਗਨਾ ਮੁਨਾ-ਸਬ ਨਾ ਜਾਨਕੇ ਸ਼ਹਿਨਸ਼ਾਹ ਹਿੰਦ ਦੇ ਵਾਕ ਇਹ ਕਹਿ ਕੇ ਠਕਰਾ ਦਿਤੇ ਕਿ ਉਹ ਗੁਰੂ ਨਾਨਕ ਜੀ ਦਾ ਸਿੱਖ ਹੈ ਜਿਸਨੂੰ ਗੁਰੂ ਘਰ ਤੋਂ ਸਭ ਕੁਝ ਪ੍ਰਾਪਤ ਹੈ। ਪਰ ਉਨ੍ਹਾਂ ਸ਼ਹਿਨਸ਼ਾਹ ਅਗੇ ਇਹ ਦਰਖਾਸਤ ਕੀਤੀ ਕਿ ਸਿਖਾਂ ਨੂੰ ਦਸਤਾਰ ਉਪਰ ਲੋਹ ਟੋਪ ਜਾਂ ਕਵਚ ਆਦਿ ਪਹਿਰਨ ਦਾ ਹੁਕਮ ਕਦੇ ਵੀ ਨਹੀਂ ਹੋਣਾ ਚਾਹੀਦਾ। ਸ਼ਹਿਨਸ਼ਾਹ ਨੇ ਸਿਖਾਂ ਲਈ ਦਸਤਾਰ ਪਹਿਰਨ ਦੀ ਅਜਾਦੀ ਕਰ ਦਿਤੀ ਅਤੇ ਸ. ਰਾਮ ਸਿੰਘ ਨੂੰ 'ਸਰਦਾਰ ਬਹਾਦਰ' ਦਾ ਲਕੱਬ ਦੇ ਕੇ ਨਿਵਾਜਿਆ। ਬ੍ਰਤਾਨੀਆਂ ਰਾਜ ਦੇ ਫੌਜੀਆਂ ਵਿਚੋਂ ਇਸ ਦਸਤਾਰ ਧਾਰੀ ਸਿੰਘ ਦੀ ਇਹ ਇਕ ਅਨੋਖੀ ਮਿਸਾਲ ਹੈ।

1957 ਦੇ ਦਸਤਾਰ ਮੋਰਚੇ ਤੇ 1976 ਦੇ ਲੋਹ ਟੋਪ ਮੋਰਚੇ ਵਿਚ ਭਾਟੜਾ ਸੰਗਤ ਨੂੰ ਜੋ ਸਫਲਤਾ ਪ੍ਰਾਪਤ ਹੋਈ ਸੀ ਉਸ ਦੀ ਪ੍ਰਾਪਤੀ ਵਿਚ ਸ੍ਰ. ਰਾਮ ਸਿੰਘ ਦੀ ਬਰਤਾਨਵੀ ਫੌਜ ਵਿਚ ਕੀਤੀ ਸੇਵਾ ਦਾ ਬਹੁਤ ਵਡਾ ਹਿੱਸਾ ਸੀ;ਜਿਸ ਦਾ ਹਵਾਲਾ ਉਪਰੋਕਤ ਅੰਦੋਲਨਾਂ ਸਮੇਂ ਕਈ ਥਾਂਈ ਦਿੱਤਾ ਗਿਆ।

ਰਾਠੌਰ ਗੋਤ—ਰਾਠੌਰ ਸ਼ਬਦ ਦੇ ਚਾਰ ਰੂਪ-੧. ਰਾਠੌਰ ੨. ਰਠੌੜ ੩. ਰਾਠਉਰ ੪. ਰਾਠਉੜ ਕੋਸ਼ਾਂ ਵਿਚ ਪ੍ਰਾਪਤ ਹਨ। ਰਾਠੌਰ ਸ਼ਬਦ ਦੇ ਅਰਥ ਹਨ-ਰਿਆ-ਸਤ ਦਾ ਤਾਜ-੨ ਰਾਜਯ ਮੁਕਟ-੩ ਰਾਜ ਪ੍ਰੀਵਾਰ (ਸ਼ਾਹੀ ਘਰਾਨਾਂ)। ਰਾਸ਼ਟਰ ਕੂਟ ਤੋਂ ਭੀ ਰਾਠੌਰ ਸੰਗਯਾ ਮੰਨੀ ਜਾਂਦੀ ਹੈ ਜੋ ਇਕ ਰਾਜਪੂਤ ਜਾਤੀ ਹੈ। ਯਥਾ- ਕਛ ਵਾਹੇ ਰਾਠਉੜ ਲੱਖ ਰਾਣੇ ਰਾਇ ਭੂਮੀਏ ਭਾਰੀ। ਇਨ੍ਹਾਂ ਭਾਰੀ ਭੂਮ ਵਾਲਿਆਂ ਰਾਜਿਆਂ ਤੇ ਰਾਣਿਆਂ ਦੀਆਂ ਰਾਜ-ਪੂਤੀ ਕੁਲਾਂ ਵਿਚੋਂ ਰਾਠੌਰ ਗੋਤ ਸ੍ਰਿਮੌਰ ਗੋਤ ਹੈ। ਲੁਬਾਣਾ ਸਿੰਘ, ਰਾਜਪੂਤ ਸਿੰਘ, ਸਿਕਲੀਗਰ ਸਿੰਘ ਤੇ ਭਾਟੜਾ ਸਿੰਘਾਂ ਵਿਚੋਂ ਰਾਠੌਰ ਗੋਤ ਦਾ ਵਿਕਾਸ ਮਿਲਦਾ ਹੈ। ਰਾਠੌਰ ਗੋਤਰੀ ਅਨੇਕਾ ਪ੍ਰਤਾਪੀ ਰਾਜੇ-ਮਹਾਰਾਜੇ ਹੋਇ ਹਨ। ਜਗਤ ਪ੍ਰਸਿੱਧ ਕ੍ਰਿਸ਼ਨ ਭਗਤ ਮੀਰਾ ਬਾਈ ਰਾਠੌਰ ਵੰਸ ਦੀ ਹੀ ਸ਼ਹਿਜ਼ਾਦੀ ਸੀ। ਭਾਟੜਾ ਸੰਗਤ ਦੇ ਮਹਾਨ ਸ਼ਹੀਦ ਬਾਬਾ ਨੱਥਾ ਸਿੰਘ ਜੀ ਰਾਠੌਰ* ਵੰਸ ਦੇ ਤੇਜ ਪ੍ਰਤਾਪੀ ਸ਼ਹੀਦ ਸਨ। ਪ੍ਰਮ ਕਿਰਪਾਲੂ, ਸੰਤ ਖਾਲਸਾ, ਬਾਬਾ ਬਰਾਜ ਸਿੰਘ ਜੀ ਸ਼ਹੀਦ ਵੀ ਰਠੌਰ ਬੰਸ ਵਿਚੋਂ ਸਨ। ਵੇਦ ਵਿਆਖਿਆ ਕਾਰ, ਪੰਡਿਤ ਪ੍ਰਤਾਪ ਸਿੰਘ ਜੀ ਜੋਤਸ਼ੀ, ਜਿਨ੍ਹਾ ਬਾਬਾ ਖੇਮ ਸਿੰਘ ਦੀ ਬਣੀ ਕੋਠੀ ਪਰ-ਲਗੀਆਂ ਇਮਾਰਤ ਦੀਆਂ ਸਾਰੀਆਂ ਇਟਾਂ ਜੋਤਸ਼ ਵਿਦਿਆਂ ਨਾਲ ਗਿੱਣ ਕੇ ਦਸੀਆ ਸਨ, ਰਠੌੜ ਬੰਸ ਵਿਚੋਂ ਸਨ। ਰਾਠੌਰ ਗੋਤ ਭਾਟੜਾ ਸੰਪ੍ਰਦਾਯ ਵਿਚ ਵਡੀ ਸੰਖਿਆ ਚਿ ਪ੍ਰਕਾਸ਼ ਮਾਨ ਹੈ। (ਵੇਖੋ: ਨੱਥਾ ਸਿੰਘ ਸ਼ਹੀਦ ਤੇ ਬਰਾਜ ਸਿੰਘ ਸ਼ਹੀਦ)।

ਰੌਦ ਗੋਤ-ਸੰਗਯਾ: (ਕਰੋਧ-ਆਤਪ) ਜਲ ਦਾ ਪ੍ਰਵਾਹ, ਤੰਤ ਸਾਜ। ਅਰਥ ਹਨ—ਰੁਦਰ (ਸ਼ਿਵ) ਦੇ ਤਾਰ ਸਾਜਾਂ ਤੋਂ ਨਿਕਲੇ ਨੌਰਸਾਂ ਵਿਚੋਂ ਇਕ-ਕਾਵਿ ਰਸ ਦਾ ਧਾਰਨੀ। ਇਉ ਰੌਦ ਗੋਤ ਭਾਟੜਾ ਸੰਪ੍ਰਦਾਯ ਵਿਚ ਸਨਮਾਣਕ ਗੋਤ ਹੈ।

ਰਾਮਦਾਸ ਸਤਿਗੁਰੂ ਦੇ ਭਾਟ ਸਿੱਖ— ਭਾਈ ਧਰਮ ਦਾਸ ਭਾਈ ਖੱਟੜਾ ਜੀ ਤੇ ਭਾਈ ਡੂਗਰ ਜੀ।

ਲ

ਲੋਹਾ ਸਿੰਘ ਜਥੇਦਾਰ—ਜਥੇਦਾਰ ਬਾਬਾ ਲੋਹਾ ਸਿੰਘ ਜੀ ਰਠੌਰ, ਰਾਮ ਨੰਗਲੀ ਬਾਬਾ ਬੰਦਾ ਸਿੰਘ ਬਹਾ-ਦਰ ਦੇ ਨਾਲ ਹੀ ਜੰਗਾਂ-ਜੁਧਾ ਵਿਚ ਬੀਰਤਾ ਦਿਖਾਂਦੇ ਸਰਹੰਦ ਆਏ ਸਨ। ਸਰਹੰਦ ਅਤੇ ਸਨੌਰ ਦੀ ਫਤਹਿ ਉਪਰੰਤ ਬਾਬਾ ਲੋਹਾ ਸਿੰਘ ਜੀ ਪਿੰਡ ਰਾਮ ਨੰਗਲੀ-ਜ਼ਿਲ੍ਹਾ ਬਿਜਨੌਰ ਯੂ. ਪੀ, ਵਿਚ ਜਾ ਅਬਾਦ ਹੋਏ। ਇਨ੍ਹਾਂ ਦੀ ਵੰਸਾਵਲੀ ਇਉ ਹੈ - ਯਥਾ : ਬਾਬਾ ਲੋਹਾ ਸਿੰਘ

* ਸਵਾਲੀ ਵੰਸ।

Digitized by Panjab Digital Library | www.panjabdigilib.org

ਰਠੌਰ-ਸ. ਗ੍ਰੰਥਾਂ ਸਿੰਘ ਜੀ, ਸ: ਰਾਮ ਸਿੰਘ ਜੀ-ਸ. ਜਸਵੰਤ ਸਿੰਘ ਜੀ, ਸ. ਗੁਰਮੁਖਸਿੰਘ ਜੀ, ਸ. ਬੇਗ ਸਿੰਘ ਜੀ, ਸ. ਸ਼ਮਸ਼ੇਰ ਸਿੰਘ ਜੀ, ਸ, ਹਰਿਚਰਨ ਸਿੰਘ ਜੀ, ਸ. ਬਲਵੱਤ ਸਿੰਘ ਜੀ, ਸ. ਖਜ਼ਾਨ ਸਿੰਘ ਜੀ, ਸ. ਮਨੋਹਰ ਸਿੰਘ ਜੀ, ਸ. ਸੁੰਦਰ ਸਿੰਘ ਜੀ, ਸ: ਬੱਲ ਸਿੰਘ ਜੀ, ਸ. ਉਮਰਾਉ ਸਿੰਘ ਜੀ, ਸ; ਸੰਤੋਖ ਸਿੰਘ ਜੀ-ਆਪ ਦੀ ਵੰਸ ਅੱਜ ਵੀ ਨੰਗਲੀ ਤਥਾ ਨਕੀਬ ਪੁਰ ਜ਼ਿਲ੍ਹਾ ਬਿਜਨੌਰ ਵਿਚ ਜ਼ਮੀਨ ਦੀ ਕਾਸਤ ਕਾਰ ਹੈ।*

ਲਾਭ ਸਿੰਘ ਸ਼ਹੀਦ—ਸ. ਲਾਭ ਸਿੰਘ ਜੀ ਭਾਟੜਾ ਸੰਗਤਿ ਦੇ ਪ੍ਰਭਾਕਰ ਗੋਤ ਵਿਚੋਂ ਡਸਕਾ ਨਿਵਾਸੀ ਸਨ। ਆਪ ਪਿੰਡ ਕਾਮੋਂ ਕਿਆਂ ਦੇ ਗੁਰਦਵਾਰੇ ਵਿਚ ਗਰੰਥੀ ਸਨ। ਆਪ 1947 ਦੀ ਦੇਸ਼ ਵੰਡ ਸਮੇਂ ਮੁਸਲਮਾਨ ਹਮਲਾਵਰਾਂ ਨਾਲ ਲੜਦੇ ਸਿਖੀ ਕੇਸਾਂ ਸੁਆਸਾਂ ਸੰਗ ਨਿਭਾਂਦੇ ਸ਼ਹੀਦ ਹੋਏ।

ਲੱਖਣਪਾਲ ਗੋਤ—ਦੋ ਸ਼ਬਦਾ ਦੀ ਸੰਧੀ ਤੋਂ ਬਣਿਆਂ ਇਕ ਵਾਕ। ਲੱਖਣ--ਪ੍ਰਸੰਸਾ ਨਾਲ ਵੇਖਨਾ। ਯਥਾ : ਸੁਭ ਲੱਖਣ ਪ੍ਰਤਿ ਕੀਨੇ (ਸੋਰਠ ਮ: 5)। ਪਾਲ (ਸੰਗਯਾ)-ਪੱਲਾਂ, ਦਾਮਣ-ਯਥਾ : ਨਾਨਕ ਬਾਧਿਓ ਪਾਲ (ਗਉੜੀ ਮ: 5)। ਭਾਵ ਪਾਲਨ (ਰੱਖਿਆ) ਕਰਨਾ। ਉਕਤ ਦੋਹਾਂ ਸ਼ਬਦਾਂਦੀ ਸੰਧੀ ਤੋਂ ਲੱਖਣ ਪਾਲਗੋਤਬਣਿਆ ਜਿਸ ਵਿਚੋਂਮਹਾਨ ਮੁਨੀ ਬਾਬਾ ਗੁਲਾਬੀਸੰਤ ਜੀਹੋਇ ਹਨ; ਜਿਨ੍ਹਾਂ ਦਾ ਪੂਜਾ ਅਸਥਾਨ ਪਿੰਡ ਭਾਂਡੇਵਾਲਾ ਤੋਂ ਚੜ੍ਹਦੇ ਪਾਸੇ ਦਾ ਸੁੰਦਰ ਮੰਦਰ ਸੀ। ਲੱਖਣ ਪਾਲ ਵੰਸ ਦੇ ਪ੍ਰਸਿਧ ਸ਼ਹੀਦ ਬਾਬਾ ਮੇਹਰ ਸਿੰਘ ਜੀ ਸਨ ਜਿਨ੍ਹਾਂ ਸੁੰਨ 1719 ਵਿਚ ਧਰਮਵੀਰ ਬਾਬਾ ਰਾਮ ਸਿੰਘ ਬੇਦੀ ਨਾਲ ਮਿਲਕੇ ਸੰਹਾਂਚੀ ਖਾਨ (ਮੀਰ ਅਹਮਦ ਖਾਨ) ਨੂੰ ਲੱਲਕਾਰ ਕੇ ਮਾਰਿਆਂ ਤੇ ਪੜੋਪੀਆਂ ਦੇ ਜੰਗ ਵਿਚ ਵੀਰਤਾ ਨਾਲ ਸ਼ਹੀਦ ਹੋਏ। (ਦੇਖੋ: ਮੇਹਰ ਸਿੰਘ ਸ਼ਹੀਦ)।

ਲੋਹੀਆ ਗੋਤ—ਵਿਆਖਿਆ- ਲੋਹਾ ਰੱਖਣ ਵਾਲਾ,ਲੋਹੇ ਦੇ ਬ੍ਰਤਨਾ ਵਿਚ ਛਕਣ ਵਾਲਾ ਤਥਾ ਸਰਬ ਲੋਹੀਆ—ਸਾਰੇ ਸਰੀਰ ਪਰ ਲੋਹੇ ਦਾ ਸੰਜੋਹ-ਸ਼ਸਤਰ ਧਾਰਨ ਵਾਲਾ। ਲੋਹੀਆ ਗੋਤ ਭਾਟੜਾ ਸੰਪ੍ਰਦਾਯ ਵਿਚ ਪ੍ਰਭਾਵ ਸ਼ਾਲੀ ਗੋਤ ਹੈ। ਲੋਹੇ ਇਕ ਉਪਨਾਮ ਵੀ ਮੰਨਿਆਂ ਜਾਂਦਾ ਹੈ।

ਲਾੜ ਗੋਤ—ਭਾਟੜਾ ਸੰਗਤਿ ਦਾ ਸੁੰਦਰ ਤੇ ਸੁਧ ਵੰਸ ਹੈ।

ਲੋਮਸ ਗੋਤ—(ਸੰਗਯ)- ਰੋਵਾਂ ਵਾਲਾ-ਜਿਸਦੇ ਸਰੀਰ ਪਰ ਬਹੁਤੇ ਰੋਂ ਹੋਣ। ਇਕ ਰਿੱਖੀ ਜਿਸ ਦੇ ਗੱਲ ਵਿੱਚ ਰਾਜਾਂ ਪ੍ਰੀਸ਼ਤ ਨੇ ਮੋਇਆ ਸੱਪ ਪਾਇਆ ਸੀ। ਲੋਮਸ ਦੇ ਚੇਲੇ ਸਿਰੰਗੀ ਰਿੱਖੀ ਨੇ ਉਦੋਂ ਪ੍ਰੀਸ਼ਤ ਨੂੰ ਸਰਾਫ ਦਿੱਤਾ ਸੀ ਕਿ ਸਤਵੇਂ ਦਿਨ ਤਖਸ਼ ਨਾਗ ਪ੍ਰੀਸ਼ਤ ਨੂੰ ਡੰਗੇਗਾ। ਲੋਮਸ ਰਿਖੀ ਦੇ ਨਾਮ ਤੋਂ ਚਲਿਆ ਲੋਮਸ ਗੋਤ ਭਾਟੜਾ ਸੰਗਤਿ ਵਿਚ ਮੌਜੂਦ ਹੈ।

(1) ਲੰਕਾ ਵਿਚ ਗੁਰੂ ਨਾਨਕ ਸਾਹਿਬ—ਗੁਰੂ ਨਾਨਕ ਸਾਹਿਬ ਨਾਗਾ ਪਟਨਮ ਬੰਦਰਗਾਹ ਤੋਂ ਜਾਫਨਾ ਸ਼ਹਿਰ ਪੁਜੇ। ਜਾਫਨਾਂ ਵਿਚ ਰਾਜਾ ਸੇ ਕਰਨ ਦਾ ਰਾਜ ਸੀ ਜੋ 1478 ਤੋਂ 1519 ਈ, ਤਕ ਰਿਹਾ। ਪ੍ਰੋ, ਮੋਹਨ ਸਿੰਘ ਦੇ ਕਥਨ ਅਨੁਸਾਰ ਯਥਾ—

ਜੱਫਨੇ ਵਿਚ ਜਦ ਆਣ ਕੇ ਉਤਰੇ ਗੁਰੂ ਮਹਾਰਾਜ,
ਪਰ ਰਾਜਾ ਸੇਕਰਨ ਦਾ ਹੈਸੀ ਉੱਥੇ ਰਾਜ।

ਉਸ ਸਮੇਂ ਜਫਨਾ ਬੈਟੀ ਕੁਲਾ ਦੇ ਰਾਜ ਵਿਚ ਸੀ। ਸੰਭਵ ਹੈ ਜਫਨਾ ਪਤੀ ਰਾਜਾ ਸੇ ਕਰਨ ਦਾ ਹੀ ਉਪਨਾਮ ਸ਼ਿਵਨਾਭ ਹੋਵੇ ਪੁਨਾਂ—

ਸ਼ਾਇਦ ਇਹ ਜਫਨਾ ਪਤੀ ਹੀ ਹੋਵੇ ਸ਼ਿਵਨਾਭ,
ਕਿਉਂਕਿ ਹੈ ਸ਼ਿਵਨਾਭ ਦਾ ਸ਼ਿਵ-ਭਗਤ ਹੀ ਭਾਵ।

ਜਫਨ ਤੇ ਬੈਟੀਕੁਲਾ ਦੀ ਨੇੜਤਾ ਲੰਕਾ ਦੇ

* ਪੜੋ— ਭਾਰਤ ਦਾ ਦੂਜਾ ਦੌਰਾ (ਪੰਨਾ 42)। **ਮਹਾਂਕਾਵਿ ਨਾਨਕਾਇਣ (ਪੰਨਾ 128)-ਪ੍ਰੋ. ਮੋਹਨ ਸਿੰਘ

Digitized by Panjab Digital Library | www.panjabdigilib.org

ਪੁਰਾਣੇ ਨਕਸ਼ੇ ਤੋਂ ਵੀ ਹੁੰਦੀ ਹੈ।*

(2) ਸੋਹਲਵੀਂ ਸਦੀ ਈਸਵੀ ਦੇ ਅਰੰਭ ਵਿਚ ਲੰਕਾ ਦੇ ਪੂਰਬੀ ਕੰਡੇ ਸਤ ਰਾਜੇ ਇਹਨਾਂ ਥਾਵਾਂ ਤੇ ਰਾਜ ਕਰਦੇ ਸਨ— ੧. ਮੁਲਾਇਤਿਵੂ ੨. ਟ੍ਰਿੰਕੋ ਮਲੀ ੩. ਬੈਟੀ ਕੁਲਾ ੪. ਕੋਟੀਆਰ ੫. ਪਏਗਮ ੬. ਪਾਨਮ ਤੇ ੭. ਯਲਾ। ਉਹ ਸੱਤੇ ਰਾਜੇ ਸ਼ਿਵ ਉਪਾਸ਼ਕ ਤੇ ਬੁਧ ਧਰਮ ਦੇ ਧਾਰਨੀ ਅਤੇ ਮੂਰਤੀ ਪੂਜ ਸਨ। ਇਹਨਾਂ ਸੱਤਾਂ ਰਾਜਿਆਂ ਵਿਚੋਂ ਪੰਜ ਰਾਜਿਆਂ ਦੇ ਨਾਵਾਂ ਦਾ ਪਤਾ ਨਹੀਂ ਲਗਦਾ।

ਜਫ਼ਨੇ ਵਿਚ ਗੁਰੂ ਜੀ ਬਾਣੀ ਦੀ ਬਰਕਤ ਵੰਡ ਕੇ ਅਗੇ ਤ੍ਰਿਨਕੋਮਲੀ ਗਏ। ਤ੍ਰਿਨਕੋਮਲੀ ਦੇ ਦੱਖਣ ਵਿਚ ਬੰਦਰਗਾਹ ਮਟੀਆ ਕਲਮ ਜਾਂ ਮਡਾ ਕੁਲਾਪਾ ਸੀ। ਇਸ ਦਾ ਨਵੀਨ ਨਾਮ ਬੈਟੀ ਕੁਲਾ ਹੈ ਜੋ ਡੱਚ ਲੋਕਾਂ ਨੇ ਪਾਇਆ ਸੀ।**

(3) ਗੁਰੂ ਨਾਨਕ ਸਾਹਿਬ ਨਾਗਾ ਪਟਨਮ ਤੋਂ ਤ੍ਰਿਨਕੋ ਮਲੀ ਹੋ ਕੇ ਫਿਰ ਮਟੀਆਕਲਮ (ਬੈਟੀ ਕੁਲਾ) ਆਏ। ਸੰਤ ਮੰਗਲ ਦਾਸ ਦੇ ਕਥਨ ਅਨੁਸਾਰ ਮਟੀਆ ਕਲਮ ਤੋਂ ਦੱਖਣ ਵਲ ਅਠ ਮੰਜਲ ਤੇ ਦੀਬਰ ਨਗਰ ਸੀ।✲ ਡਾ. ਕਿਰਪਾਲ ਸਿੰਘ ਜੀ ਅਨੁਸਾਰ ਦੀਬਰ ਨਗਰ ਬੈਟੀ ਕੁਲਾ ਦੇ ਦੱਖਣ ਵਲ ਬਾਰਾਂ ਮੀਲ ਤੇ ਸਥਿਤ ਸੀ। ਗਿ. ਗਿਆਨ ਸਿੰਘ ਕਰਤਾ ਪੰਥ ਪ੍ਰਕਾਸ਼ ਅਨੁਸਾਰ ਯਥਾ-- ਮਟੀਆਂ ਕਲਮ ਦੇ ਰਾਜਾ ਸ਼ਿਵਨਾਭ ਨੂੰ ਸੁਮਾਰਗੇ ਪਾ-ਦੀਬਰ ਨਗਰ ਜਾ ਉਤਰੇ। ਇਥੈ ਚੰਗਾ ਭਾਟੜਾ ਸਿਧ ਨੂੰ ਸਚੇ ਸ਼ਬਦ ਨਾਲ ਜਿਤ ਕੇ ਈਸ਼ਵਰ ਭਗਤੀ ਵਿਚ ਲਾਇਆ। ਚੰਗਾ ਭਾਟੜਾ ਆਪਣੀ ਸਾਰੀ ਸੰਗਤਿ ਸਮੇਤ ਬਾਬਾ ਨਾਨਕ ਦਾ ਸੇਵਕ ਬਣਿਆ।

ਇਸੇ ਚੰਗਾ ਭਾਟੜਾ ਸਿਖ ਦੇ ਲੰਗਰ ਵਿਚ ਹਰ ਰੋਜ਼ ਬੀਸ ਮਣ ਲੂਣ ਪੈਣਾਂ ਲਿਖਿਆ ਹੈ। ਉਸ ਜਗਾ ਉਦਾਸੀ ਮਠ ਨਾਮੀ ਧਰਮਸ਼ਾਲਾ ਬਣੀ ਤੇ ਗੁਰੂ ਜੀ ਦੀ ਚਰਨ ਪਾਦਕਾ ਦੀ ਮਨਤ (ਪੂਜਾ) ਹੁੰਦੀ ਹੈ। ਇਕ ਥੰਮ ਉਪਰ ਜਪਜੀ ਸਾਹਿਬ ਸੰਗਲੀ ਅਖਰਾਂ ਵਿਚ ਉਕਰਿਆ ਹੋਇਆ ਸੀ।0 ਦੀਬਰ ਨਗਰ ਦਾ ਨਵੀਨ ਨਾਮ ਕੁਰੂਕਲ ਮੰਡਪ ਹੈ। ਕੁਰੂਕਲ ਮੰਡਪ ਤਾਮਲ ਦੇ ਸ਼ਬਦ ਹਨ ਜਿਨ੍ਹਾਂ ਦਾ ਭਾਵ (ਗੁਰੂ ਕਾ ਨਗਰ) ਬਣਦਾ ਹੈ। ਇਸ ਦੀ ਪ੍ਰਾਚੀਨਤਾ ਬਾਰੇ ਪ੍ਰੋ. ਮੋਹਨ ਸਿੰਘ ਇਉਂ ਲਿਖਦੇ ਹਨ ਯਥਾ--

ਨਾਲ ਮਾਨ ਦੇ ਦਸਦੇ ਇਥੋਂ ਦੇ ਵਸਨੀਕ
ਯਾਦ ਵਿਚ ਗੁਰਨਾਥ ਦੀ ਇਹ ਪਿੰਡ ਰਮਨੀਕ।00

ਸਥਾਨਕ ਰਵਾਇਤ ਹੈ ਕਿ ਸਾਢੇ ਚਾਰ ਸੌ ਸਾਲ ਹੋਏ ਉੱਤਰੀ ਹਿੰਦ ਤੋਂ ਇਕ ਸਿਧ ਨਾਥ ਬਾਬਾ ਇਥੈ ਆਏ ਸਨ ਜਿਹਨਾਂ ਦੇ ਨਾਮ ਤੇ ਇਹ ਨਗਰ ਅਬਾਦ ਹੋਇਆ।★

(4) ×ਕੁਰੂਕਲ ਮੰਡਪ ਤੋਂ ਅਗੇ ਗੁਰੂ ਨਾਨਕ ਸਾਹਿਬ ਦੱਖਣ ਵਲ ਮੌਜੂਦਾ ਕਲਮਨਾਏ ਟਿਊਕੋਕਿਲ ਤੇ ਪਾਤੂਵਿਲ ਪਾਨਮ ਹੋ ਕੇ ਕਰਤਗਾਮਾਂ (ਮਾਨਕ ਗੰਗਾ ਕੰਢੇ) ਬਾਡੂਲਾ ਨਗਰ ਪੁਜੇ। ਬਾਂਡੂਲਾ ਤੋਂ ਨੁਵਾਰਾ ਏਲੀਆ (ਇਥੇ ਸੀਤਾ ਰਾਵਨ ਦੀ ਕੈਦ

---

* ਵੇਖੋ-- ਲੰਕਾ ਦਾ ਪੁਰਾਣਾ ਨਕਸ਼ਾ 1500 A. D.।

** ਜਨਮ ਸਾਖੀ ਪਰੰਪਰਾ -- ਡਾ. ਕਿਰਪਾਲ ਸਿੰਘ ਪੀ.ਐਚ.ਡੀ, ਪੰਜਾਬੀ ਯੂਨੀਵਰਸਿਟੀ ਪਟਿਆਲਾ।

✲ ਸਿੰਗਲਾ ਦੀਪਕੀ ਰਹੁਤਾਸ -- ਸੰਤ ਮੰਗਲ ਦਾਸ।

0 ਤਵਾਰੀਖ ਗੁਰੂ ਖਾਲਸਾ ਗਿ. ਗਿਆਨ ਸਿੰਘ (ਪੰਨਾ 141 ਤੋਂ 144)।

ਨੋਟ ਅਜ ਕਲ ਇਹ ਜਪਜੀ ਸਾਹਿਬ ਵਾਲਾ ਥੰਮ ਪ੍ਰਾਪਤ ਨਹੀਂ ਹੈ।

00 ਮਹਾਕਵਿ ਨਨਕਾਇਣ ਪ੍ਰੋ. ਮੋਹਨ ਸਿੰਘ (ਪੰਨਾ 128)।

★ ਜਨਮ ਸਾਖੀ ਪਰੰਪਰਾ ਡਾ. ਕਿਰਪਾਲ ਸਿੰਘ ਜੀ।

× ਐਟਲਸ-- ਗੁਰੂ ਨਾਨਕ ਦੇਵ ਜੀ ਦੇ ਸਫਰ - ਪੰਜਾਬੀ ਯੂ, ਪਟਿਆਲਾ।

Digitized by Panjab Digital Library | www.panjabdigilib.org

ਵਿਚ ਰਹਿਣ ਕਰ ਕੇ) ਜਿਸ ਨੂੰ ਸੀਤਾ ਏਲੀਆ ਵੀ ਕਹਿੰਦੇ ਹਨ ਪੁਜੇ। ਨਵਾਰਾ ਏਲੀਆ (ਜਾਂ ਸੀਤਾ ਏਲੀਆ) ਦੇ ਪਹਾੜੀ ਇਲਾਕਿਆਂ ਵਿਚੋਂ ਲੰਘ ਕੇ ਗੁਰੂ ਜੀ ਸੀਤਾ ਵਾਕਾ ਪਹੁੰਚ ਗਏ। ਇਸ ਸ਼ਹਿਰ ਦਾ ਮਾਜੂਦਾ ਨਾਮ ਅਵਿਸਵੇਲਾ ਹੈ। ਸੀਤਾਵਾਕਾ (ਸਤਾਵਦ) ਸ਼ਹਿਰ ਦਾ ਕਥਨ ਹਕੀਕਤ ਰਹੁ ਮੁਕਾਮ* ਵਿਚ ਭੀ ਔਂਦਾ ਹੈ। ਲੰਕਾ ਦੀ ਰਾਜਧਾਨੀ ਕਲੰਬੂ ਤੋਂ 33 ਮੀਲ ਪੂਰਬ ਵਲ ਇਹ ਪੁਰਾਤਨ ਸੁੰਦਰ ਸ਼ਹਿਰ ਵਾਕਿਆ ਹੈ।

(5) ਸਤਾਵਦ ਸ਼ਹਿਰ (ਸੀਤਾਵਾਕਾ) ਤੋਂ ਗੁਰੂ ਨਾਨਕ ਲੰਕਾ ਦੇ ਮਧ ਪ੍ਰਾਂਤ ਵਿਖੇ ਖੰਡੀ (ਕੈਂਡੀ ਜਾਂ ਕੰਡੀ) ਸ਼ਹਿਰ ਦੇ ਕੇਂਦਰੀ ਧਰਮ ਮੰਦਰਾਂ ਵਿਚ ਗਏ। ਖੰਡੀ ਵਿਖੇ ਸਤ ਪ੍ਰਸਿਧ ਮੰਦਰ ਸਨ ਜਿਨ੍ਹਾਂ ਦੇ ਨਾਮ ਇਹ ਸਨ—

੧. ਵਿਸ਼ਨੂੰ ਦਾ ਮੰਦਰ
੨. ਸ਼ਿਵ ਦਾ ਮੰਦਰ!
੩. ਗਣੇਸ਼ ਦਾ ਮੰਦਰ।
੪. ਵਲੀ ਅੰਮਾਂ ਦਾ ਮੰਦਰ।
੫. ਦਿਵਾਨੀ ਅੰਮਾਂ ਦਾ ਮੰਦਰ।
੬. ਬੁਧ ਦਾ ਮੰਦਰ।
੭. ਨਾਰਤਕੋਯ ਦਾ ਮੰਦਰ।

ਗੁਰੂ ਸਾਹਿਬ ਨੇ ਉਕਤ ਸਤਾਂ ਮੰਦਰਾਂ ਵਿਖੇ ਸਤਨਾਮ ਦਿੜਾਇਆ ਤੇ ਫਿਰ ਸੀਤਾਵਾਕਾ ਵਾਪਸ ਆ ਗਏ।**

6. ਸੀਤਾ ਵਾਕਾ (ਸਤਾਵਦ ਸ਼ਹਿਰ) ਗੁਰੂ ਨਾਨਕ ਜੀ ਦੇ ਸਮੇਂ ਕੋਟੀ ਰਾਜ ਵਿਚ ਸੀ। ਇਸ ਇਲਾਕੇ ਤੇ ਉਸ ਵੇਲੇ ਰਾਜਾ ਧਰਮਾਂ ਪ੍ਰਕਰਮਾ ਬਾਹੂ ਨਾਵਾਂ ਰਾਜ ਕਰਦਾ ਸੀ। ਲੰਕਾ ਵਿਖੇ ਅਨੂਰਾਧ ਪੁਰਾ ਦੇ ਪ੍ਰਸਿਧ ਅਜਾਇਬ ਘਰ ਵਿਚ ਇਕ ਸਿਲਾ ਲੇਖ ਸੰਸਕ੍ਰਿਤ ਵਿਚ ਲਿਖੀ ਮਾਜੂਦ ਹੈ, ਜਿਸ ਵਿਚ ਨਾਨਕ ਅਚਾਰੀਆ (ਗੁਰੂ ਨਾਨਕ ਦੇਵ) ਦੇ ਨਾਲ ਰਾਜਾ ਧਰਮਾਂ ਪ੍ਰਕਰਮਾਂ ਬਾਹੂ ਨਾਵਾਂ ਦੀ ਪ੍ਰੀਤ ਮਿਲਨੀ ਦਾ ਜ਼ਿਕਰ ਹੈ। ਇਸ ਵਿਚ 'ਇਕ ਅਕਾਲ ਪੁਰਖ' ਬਾਰੇ ਬੋਧੀ ਸੰਗ ਰਾਜਾ ਧਰਮਾਂ ਕੀਰਤੀ ਸਥਾਵੀਰਾਂ ਨਾਲ ਗੁਰੂ ਸਾਹਿਬ ਦੀ ਹੋਈ ਗੋਸ਼ਟ ਦਾ ਭੀ ਨਿਰਣਾਂ ਪ੍ਰਾਪਤ ਹੈ।✻

---

* ਨੋਟ— (ਵੇਖੋ ਅੰਦਰਾਜ-ਹਕੀਕਤ ਰਾਹੂ ਮੁਕਾਮ .....)

** ਜੀਵਨ ਬਿਰਤਾਂਤ ਗੁਰੂ ਨਾਨਕ ਸਾਹਿਬ — ਪ੍ਰੋ. ਸਾਹਿਬ ਸਿੰਘ (ਪੰਨਾ 117)।

✻ ਨੋਟ — (1) ਇਹ ਸਾਖੀ ਡਾ. ਐਸ, ਪਰਾਨਾ ਵਿਤਾਨਾ ਰੀਟਾਇਰਡ ਪ੍ਰੋ. ਆਫ਼ ਆਰਕਿਆਲੋਜੀ : ਕਲੰਬੂ (ਸਿਲੋਨ) ਅਤੇ ਡਾ. ਐਸ. ਡਬਲਯੂ ਕਰਨਾ ਰਤਨਾ ਅਸਿਸਟੈਂਟ ਡਾਇਰੈਕਟਰ ਆਰਕਿਆਲੋਜੀ ਦੇ ਲਭੇ ਇਕ ਸੰਸਕ੍ਰਿਤ ਸ਼ਿਲਾ ਲੇਖ ਤੇ ਅਧਾਰਤ ਹੈ। ਇਹ ਸ਼ਿਲਾਲੇਖ ਅਨੂਰਾਧ ਪੁਰਾ ਦੇ ਅਜਾਇਬ ਘਰ ਵਿਚ ਸੁਰੱਖਿਅਤ ਪਿਆ ਹੈ। ਇਸ ਦਾ ਨੰਬਰ ਐਮ 111 ਹੈ। ਡਾ. ਕਰਨਾ ਰਤਨਾ ਦੇ ਕਥਨ ਅਨੁਸਾਰ ਧਰਮਾਂ ਪ੍ਰਕਰਮਾਂ ਬਾਹੂ 1493 ਈ. ਵਿਚ ਰਾਜ਼ ਤਖਤ ਤੇ ਬੈਠਾ ਸੀ ਤੇ ਇਹ ਸ਼ਿਲਾ ਲੇਖ ਧਰਮਾਂ ਪ੍ਰਕਰਮਾਂ ਬਾਹੂ ਦੇ ਰਾਜ ਤੋਂ ਪੰਦਰਵੇਂ ਸਾਲ ਦਾ ਹੈ। ਇਸ ਵਿਚ ਗੁਰੂ ਨਾਨਕ ਜੀ ਨੂੰ ਨਾਨਕ ਅਚਾਰੀਆ ਕਰ ਕੇ ਲਿਖਿਆ ਹੈ। ਇਸ ਵਿਸ਼ੇ ਤੇ 'ਗੁਰੂ ਨਾਨਕ ਅਤੇ ਸਿਲੋਨ' ਸਿਰਲੇਖ ਹੇਠ ਡਾ. ਕਰਨਾ ਰਤਨਾ ਨੇ ਇਕ ਪਰਚਾ ਕੌਮਾਂਤਰੀ ਗੁਰੂ ਨਾਨਕ ਸੈਮੀਨਾਰ ਸਮੇਂ 5 ਸਤੰਬਰ 1966 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪੜ੍ਹਿਆ ਸੀ।

(2) ਉਕਤ ਸ਼ਿਲਾ ਲੇਖ ਦੇ ਛਾਪੇ ਦੇ ਦਰਸ਼ਨ ਕਰਨ ਦਾ ਸੁਭਾਗ ਤੇ ਉਸ ਬਾਰੇ ਵਿਸਤਾਰਕ ਜਾਣਕਾਰੀ ਵੀ ਸਾਨੂੰ ਮਿਤ੍ਰਤਾ ਨਾਤੇ ਡਾ. ਕਿਰਪਾਲ ਸਿੰਘ ਜੀ ਪਾਸੋਂ ਹੀ ਪ੍ਰਾਪਤ ਹੋਈ ਹੈ। ਸ਼ਿਲਾ ਲੇਖ ਦੇ ਛਾਪੇ ਦੀ ਲੰਬਾਈ 4 ਫਟ 9 ਇੰਚ ਤੇ ਚੁੜਾਈ 2 ਫੁਟ ਹੈ। ਛਾਪੇ ਵਾਲੇ ਖਾਸ ਕਾਗ਼ਜ਼ ਦੇ ਦੂਜੇ ਪਾਸੇ ਲਾਲ ਸਿਹਾਹੀ ਵਿਚ ਸ਼ਿਲਾ ਲੇਖ ਦਾ ਨੰਬਰ ਤੇ ਛਾਪੇ ਦੀ ਮਿਤੀ (M-111-18-12-70) ਤੇ ਕੁਝ ਸੰਗਲੀ ਅੱਖਰ ਅੰਕਿਤ ਹਨ। (3) ਵੇਖੋ: ਜਨਮ ਸਾਖੀ ਪਰੰਪਰਾ—ਡਾ. ਕਿਰਪਾਲ ਸਿੰਘ (ਪੰਨਾ 76 ਤੋਂ 81 ਤਕ)।

Digitized by Panjab Digital Library | www.panjabdigilib.org

(7) ਕੋਟੀ ਰਾਜਧਾਨੀ ਤੋਂ ਗੁਰੂ ਸਾਹਿਬ ਉੱਤਰ ਵਲ ਚਲ ਕੇ ਲੰਕਾ ਦੇ ਪ੍ਰਸਿਧ ਨਗਰ ਅਨੁਰਾਧ ਪੁਰਾ ਵਿਚ ਪੁਜੇ। ਅਨੁਰਾਧਪੁਰਾ ਪੁਰਾਣੇ ਸਮਿਆਂ ਤੋਂ ਲੰਕਾ ਦੀ ਰਾਜਧਾਨੀ ਭੀ ਰਿਹਾ ਹੈ।★

(8) ਅਨੁਰਾਧ ਪੁਰਾ ਤੋਂ ਗੁਰੂ ਨਾਨਕ ਜੀ ਪੱਛਮ ਉਤਰ ਵਲ ਚਲ ਕੇ ਮਾਜੂਦਾ ਤਾਲੀ ਮਿਨਾਰ ਕੋਲ ਪੁਰਾਤਨ ਮੇਨਰ ਬੰਦਰਗਾਹ ਤੇ ਆ ਗਏ। ਮੇਨਰ ਤੋਂ ਬਾਦਬ ਨੀ (ਨਿਕੇ ਜਹਾਜ਼) ਰਾਹੀਂ ਸੇਤ ਬੰਧ ਪੁਜੇ ਤੇ ਸੇਤ ਬੰਧ ਤੋਂ ਗੁਰੂ ਜੀ ਰਾਮੇਸ਼ੂਰ (ਦਖਣੀ ਭਾਰਤ) ਵਿਚ ਪ੍ਰਵੇਸ਼ ਹੋਏ!

ਸੰਤ ਵਿਚਾਰ ਦਾਸ ਉਦਾਸੀ

ਵਿਚਾਰ ਦਾਸ ਉਦਾਸੀ ਸੰਤ— ਇਹ ਮਹਾਂ ਪੁਰਸ਼ ਭਾਟੜਾ ਸੰਪ੍ਰਦਾਇ ਵਿਚੋਂ ਦਿਗਪਾਲ ਵੰਸੀ ਸਨ। ਇਹਨਾਂ ਦਾ ਪਹਿਲਾ ਨਾਮ ਹਰੀ ਸਿੰਘ ਸੀ। ਇਹਨਾਂ ਦੇ ਪਿਤਾ ਸ. ਫੂਲਾ ਸਿੰਘ ਅਤੇ ਦਾਦਾ ਬਾਬਾ ਨਰੈਣ ਸਿੰਘ ਦਿਗਪਾਲ ਭਾਡੇਵਾਲਾ ਜ਼ਿਲਾ ਸਿਆਲਕੋਟ ਦੇ ਵਸਨੀਕ ਸਨ। ਬਾਲ ਅਵਸਥਾ ਵਿਚ ਹੀ ਸੰਗਲਾਂ ਵਾਲਾ ਅਖਾੜਾ ਸ੍ਰੀ ਅੰਮ੍ਰਿਤ-ਸਰ ਵਿਖੇ ਸਤ ਸਾਲ ਸੇਵਾ ਸਿਮਰਨ ਕਰਨ ਉਪਰੰਤ ਜਦ ਉਦਾਸੀ ਭੇਖ ਵਿਖੇ ਪਰਪੱਕ ਹੋਏ ਤਾਂ ਨਾਮ ਹਰੀ ਸਿੰਘ ਤੋਂ ਬਦਲ ਕੇ ਵਿਚਾਰ ਦਾਸ ਰਖਿਆ ਗਿਆ। ਆਪ ਉਦਾਸੀ ਸੰਪ੍ਰਦਾਇ ਵਿਚ ਗੁਰਮੁਖੀ, ਹਿੰਦੀ ਤੇ ਸੰਸਕ੍ਰਿਤ ਦੇ ਪ੍ਰਬੀਨ ਵਿਆਖਿਆ ਕਾਰ ਬਣੇ। ਇਨ੍ਹਾਂ ਪਾਸ ਚਰਕ ਸੁਸ਼ਤਰ, ਬਾਘਭੱਟ ਗ੍ਰੰਥ ਸੰਸਕ੍ਰਿਤ ਵਿਚ ਅਤੇ ਸਨਾਤਨੀ ਧਰਮ ਤੇ ਗੁਰਮਤ ਆਦਿ ਦੇ ਅਨੇਕ ਹਥ-ਲਿਖਤ

★ ਪੜੋ— ਏ. ਕਨਸਈਜ਼ ਹਿਸਟ੍ਰੀ ਆਫ਼ ਸਿਲੋਨ (ਪੰਨਾ 30) ਪ੍ਰਕਾਸ਼ਕ ਯੂਨੀਵਰਸਿਟੀ ਆਫ਼ ਸਿਲੋਨ-1961।

Digitized by Panjab Digital Library | www.panjabdigilib.org

ਤੇ ਛਾਪੇ ਦੀਆਂ ਪੁਸਤਕਾਂ ਦਾ ਕਾਫੀ ਸੰਗਰਹਿ ਸੁਰੱਖਿਅਤ ਸੀ। ਇਹਨਾਂ ਦੀ ਪੱਕੀ ਰਿਹਾਇਸ਼ ਚੱਕ ਚਾਰ ਸੌ ਪੈਂਹਠ ਤਹਿਸੀਲ ਸਮੁੰਦਰੀ ਜ਼ਿਲਾ ਲਾਇਲਪੁਰ ਵਿਖੇ ਸੀ।

ਇਹ ਰਾਜ ਯੋਗੀ ਵਿਦਿਆ ਵਿਖੇ ਭਰਪੂਰ, ਜਪੀ ਤਪੀ ਅਤੇ ਜਤੀ ਬ੍ਰਹਮ ਰਿਖੀ ਮਹਾਤਮਾ ਸਨ। ਆਪ ਸੰਤ ਬਿਰਤੀ ਵਿਚ ਪੂਰਨ ਇਕਾਗਰ ਮੋਹ ਮਮਤਾ ਤੋਂ ਰਹਿਤ ਤੇ ਹਿਕਮਤ ਦੇ ਕਾਮਲ ਲੁਕਮਾਨ ਸੰਤ ਸਨ।

ਸੰਤ ਜੀ ਮੋਇਆ ਰੋਗੀਆਂ ਵਿਚ ਭੀ ਪ੍ਰਾਨ ਪਾ ਦਿੰਦੇ ਸਨ। ਇਸੇ ਕਰ ਕੇ ਇਹਨਾਂ ਦੀ ਕੁਟੀਆ ਪਰ ਮੇਲੇ ਵਾਂਗ ਭੀੜ ਲਗੀ ਰਹਿੰਦੀ ਸੀ ਅਤੇ ਅਨੇਕ ਪਰਕਾਰ ਦੇ ਫਲ ਤਥਾ ਪ੍ਰਸਾਦਿ ਸੰਗਤਾਂ ਵਲੋਂ ਵਰਤਦੇ ਰਹਿੰਦੇ ਸਨ। ਸੰਤ ਜੀ ਨੇ ਸਾਰੇ ਭਾਰਤ ਦਾ ਭਰਮਨ ਕੀਤਾ ਸੀ ਅਤੇ ਵੱਖ ਵੱਖ ਪ੍ਰਾਂਤਾਂ ਤੋਂ ਪ੍ਰਾਪਤ ਹੋਈਆਂ ਅਨੇਕ ਪ੍ਰਕਾਰ ਦੀਆਂ ਸੁਗਾਤਾਂ ਕੁਟੀਆ ਵਿਚ ਸੁੰਦਰ ਪ੍ਰਦਰਸ਼ਨੀ ਕਰ ਕੇ ਰਖੀਆਂ ਸਨ।

ਸੰਤ ਵਿਚਾਰ ਦਾਸ ਜੀ ਦੀ ਬੰਸਾਵਲੀ ਇਸ ਪ੍ਰਕਾਰ ਹੈ—

ਬਾਬਾ ਸ੍ਰੀ ਚੰਦ ਜੀ

(ਸਪੁਤਰ ਸੀ ਗੁਰੂ ਨਾਨਕ ਸਾਹਿਬ ਜੀ)

|

ਬਾਬਾ ਗੁਰਦਿਤਾ ਜੀ

(ਸਪੁਤ੍ਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ)

|

ਬਾਬਾ ਬਾਲੂ ਹਸਨਾ ਜੀ

|

ਬਾਬਾ ਉਦੋ ਸ਼ਾਹੀ ਜੀ

|

ਬਾਬਾ ਗੁਲਾਬ ਦਾਸ ਜੀ

|

ਬਾਬਾ ਨਾਨੂ ਦਾਸ ਜੀ

|

ਬਾਬਾ ਵਧਾਉ ਦਾਸ ਜੀ

|

ਬਾਬਾ ਪ੍ਰੀਤਮ ਦਾਸ ਜੀ

|

ਗੁਰੂ ਹੀਰਾ ਦਾਸ ਜੀ

Digitized by Panjab Digital Library | www.panjabdigilib.org

ਗੁਰੂ ਹੀਰਾ ਦਾਸ ਜੀ

ਸੰਤ ਧਿਆਨ ਦਾਸ ਜੀ

ਸੰਤ ਰਾਮ ਦਾਸ ਜੀ

ਸੰਤ ਪ੍ਰੇਮਾ ਨੰਦ ਜੀ

ਸੰਤ ਸੇਵਾ ਦਾਸ ਜੀ

ਸੰਤ ਸਵਰਨ ਦਾਸ ਜੀ

ਸੰਤ ਵਿਚਾਰ ਦਾਸ ਜੀ

ਵੈਤਾਲ ਭੱਟ (ਬਿਤਾਲ ਭੱਟ)—(ਸੰਗਯਾ)- ਭੱਟ ਸ਼ਾਖ਼ਾ ਵਿਚੋਂ ਇਕ ਵਿਅਕਤੀ, ਰਾਜੇ ਵਿਕਰਮਾਂ ਜੀਤ ਦੇ ਰਾਜ ਦਰਬਾਰ ਦਾ ਸ਼ਰੋਮਣੀ ਵਿਦਵਾਨ ਜਿਸ ਦਾ ਅਸਲ ਨਾਮ ਤਾਲਕ ਭੱਟ ਸੀ। ਇਨ੍ਹਾਂ ਦੀ ਪ੍ਰਤਿਭਾ ਤੇ ਮਾਨਤਾ ਭਾਰਤ ਵਿਚ ਭਰਪੂਰ ਸੀ।* ਇਹ ਭੂਤ (ਵੇਤਾਲ) ਵਿਦਿਆ ਦੇ ਕਾਮਲ ਉਸਤਾਦ ਸਨ। ਇਸੇ ਕਾਰਨ ਇਨ੍ਹਾਂ ਦੀ ਅੱਲ (ਉਪਨਾਮ) ਹੀ ਵੈਤਾਲ (ਭੂਤ) ਭੱਟ ਪ੍ਰਚਲਤ ਹੋਈ। ਵੈਤਾਲ ਭੱਟ ਕੋਈ ਸ਼ਾਖਾ ਨਹੀਂ ਕੇਵਲ ਤਾਲਕ ਭੱਟ ਨਾਮੀ ਵਿਅਕਤੀ ਦਾ ਤਖਲੱਸ (ਉਪਨਾਮ) ਹੈ।

* ਪੜੋ - ਮਹਾਨ ਕੋਸ਼।

Digitized by Panjab Digital Library | www.panjabdigilib.org

ਅੰਤਿਕਾ ਪਹਿਲਾ ਖੰਡ

ਭਾਟੜਾ ਸੰਗਤਿ ਸਭਾ ਪਟਿਆਲਾ ਦਾ ਕਾਰੀਆ-ਕਰਮ ਤੇ ਨਿਰੂਪਣ

ਪਟਿਆਲਾ ਸ਼ਹਿਰ ਚਿ ਭਾਟਾੜਾ ਸੰਗਤਿ ਦੀ ਅਬਾਦੀ ਚੌਦਾ ਮਹੱਲਿਆਂ ਵਿੱਚ ਵਸਦੀ ਚੌਦਾ ਪਿੰਡਾਂ ਦੇ ਬਰਾਬਰ ਹੀ ਮੰਨੀ ਜਾਂਦੀ ਹੈ। ਉਕਤ ਚੌਦਾ ਮਹੱਲਿਆਂ ਵਿਚ ਵਸਦੇ ਸੁਧਾਰਿਕ ਸਾਥੀਆਂ ਦਾ ਕਈ ਵਾਰ ਵਿਚਾਰ ਵਟਾਂਦਰੇ ਵਿਚ ਨਿਰਣੇ ਹੋਇਆ ਕਿ ਪਟਿਆਲੇ ਪੱਧਰ ਦੀ ਇਕ ਸੰਸਥਾ ਬਨਾਈ ਜਾਵੇ। ਇਸ ਇਛਿਆ ਅਨੁਸਾਰ 15 ਜੂਨ 1977 ਨੂੰ ਅਚੇਚੇ ਤੌਰ ਤੇ ਗੁਰਦਵਾਰਾ ਸੰਗਤਿ ਸਭਾ ਪਟਿਆਲਾ ਵਿਖੇ ਸ਼ਪੈਸ਼ਲ ਇਕੱਠ ਹੋਇਆ। ਜਿਸ ਵਿੱਚ ਆਮ ਸੰਗਤਾਂ ਤੋਂ ਬਿਨਾਂ ਸ: ਸਰੂਪ ਸਿੰਘ ਪ੍ਰਧਾਨ ਪੰਜਾਬ ਸਟੇਟ ਬੈਕਵਡ ਕਲਾਸਿਸ ਫੈਡਰੇਸ਼ਨ ਪਟਿਆਲਾ ਤੇ ਗਿ. ਮੱਖਣ ਸਿੰਘ ਮ੍ਰਿਗਿੰਦ ਇਸ ਅਕਤ੍ਰਤਾ ਦੇ ਮੁਖ ਮਹਿਮਾਨ ਬਣੇ। ਆਏ ਸਾਰੇ ਸਾਥੀਆਂ ਦੀ ਸਰਬ ਸੰਮਤੀ ਨਾਲ ਦਾਸ (ਸਮੁੰਦਰ ਸਿੰਘ ਹਿਸਟੋਰੀਅਨ) ਨੂੰ ਬਨਣ ਵਾਲੀ ਸਭਾ ਦਾ ਕਨਵੀਨਰ ਥਾਪ ਕੇ ਸਭਾ ਬਨਾਉਣ ਦੇ ਅਧਿਕਾਰ ਵੀ ਦੇ ਦਿਤੇ ਗਏ। 19 ਜੂਨ 1977 ਨੂੰ ਯਾਦਵਿੰਦਰਾ ਕਲੋਨੀ ਵਿੱਚ ਬੈਠਕ ਹੋਈ ਜਿਸ ਵਿੱਚ ਸਭਾ ਦਾ ਨਾਮ 'ਭਾਟੜਾ ਸੰਗਤਿ ਸਭਾ ਪਟਿਆਲਾ' ਦੀ ਸਿਰਜਨਾ ਕਰਕੇ ਸਰਬ ਸੰਮਤੀ ਨਾਲ ਦਾਸ (ਸਮੁੰਦਰ ਸਿੰਘ ਹਿਸਟੋਰੀਅਨ) ਨੂੰ ਪ੍ਰਧਾਨ ਥਾਪ ਕੇ ਬਾਕੀ ਸਾਥੀਆਂ ਦੀ ਚੋਣ ਇਸ ਪ੍ਰਕਾਰ ਕੀਤੀ ਗਈ :

ਸ. ਜੀਤ ਸਿੰਘ ਅਜਾਦ-ਮੀਤ ਪ੍ਰਧਾਨ, ਸ. ਕਰਨੈਲ ਸਿੰਘ-ਮੀਤ ਪ੍ਰਧਾਨ
ਸ. ਮੇਵਾ ਸਿੰਘ ਗੜ੍ਹੀਵਾਲਾ-ਮੁਖ ਸਕੱਤਰ, ਸ. ਮਨੋਹਰ ਸਿੰਘ ਰਠੌਰ-ਮੀਤ ਸਕੱਤਰ
ਸ. ਸੁਧ ਸਿੰਘ ਅਕਾਲੀ-ਸਹਾਇਕ ਸਕੱਤਰ, ਸ. ਪਿਆਰਾ ਸਿੰਘ ਲੱਖਣਪਾਲ-ਖਜਾਨਚੀ
ਸ. ਰੰਗਾਂ ਸਿੰਘ ਟਾਕ ਮੀਤ ਖਜਾਨਚੀ, ਸ. ਜਸਵੰਤ ਸਿੰਘ ਬਾਹੀਆ-ਪ੍ਰਚਾਰ ਸਕੱਤਰ
ਸ. ਸੁਜਾਨ ਸਿੰਘ ਖ਼ਰਪਰਸਤ (ਪ੍ਰਧਾਨ ਆਲ ਇੰਡੀਆ ਸੰਗਤ ਭਾਟੜਾ ਯੂਨੀਅਨ)
ਅਤੇ ਵਿਸ਼ੇਸ਼ ਮੈਂਬਰ ਸਤਾਰਾਂ ਸਾਥੀ ਹੋਰ ਚੁਣੇ ਗਏ।

3 ਜੁਲਾਈ 1977 ਦੀ ਬੈਠਕ ਵਿਚ ਸਭਾ ਦਾ ਉਦੇਸ਼ ਪਤ੍ਰ-ਤਿਆਰ ਕਰਕੇ-ਸਭਾ ਦੇ ਖਰਚਿਆਂ ਲਈ ਫੰਡ

Digitized by Panjab Digital Library | www.panjabdigilib.org

ਤੇ ਸਭਾ ਦਾ ਦਫਤਰ ਗੁਰਦਵਾਰਾ ਮਹੱਲਾ ਭਾਟੜਾ ਸੰਗਤਿ (ਨੇੜੇ ਸ਼ੇਰਾਂ ਵਾਲਾ ਗੇਟ ਪਟਿਆਲਾ) ਵਿਖੇ ਅਸਥਾਪਨ ਕੀਤਾ ਗਿਆ ।

31 ਜੁਲਾਈ 1977 ਦੀ ਬੈਠਕ ਮਹੱਲਾ ਅਬਚਲ ਨਗਰ ਵਿਖੇ ਹੋਈ । ਇਸ ਵਿੱਚ ਦਾਸ (ਗਿ. ਸਮੁੰਦਰ ਸਿੰਘ) ਪ੍ਰਧਾਨ ਦੀ ਅਗਵਾਈ ਹੇਠ ਭਾਟੜਾਂ ਸੰਗਤਿ ਦੀ ਇਤਿਹਾਸਕ ਖੋਜ ਅਰੰਭ ਕੇ ਸੰਗਤਿ ਦਾ ਛਪਿਆ ਸਾਹਿਤ ਤੇ ਸੰਗਤਿ ਸਬੰਧੀ ਇਤਿਹਾਸਕ ਲਿਖਤਾਂ ਸੰਭਾਲਨ ਲਈ ਇਕ ਬੋਰਡ ਕਾਇਮ ਕਰਕੇ ਨਾਲ ਹੀ ਪਟਿਆਲਾ ਸ਼ਹਿਰ ਵਿਚ ਵਸਦੀ ਭਾਟੜਾ ਸੰਗਤਿ ਦੀ ਸੰਖਿਆ ਸੂਚੀ ਤਿਆਰ ਕਰਨ ਦਾ ਮਤਾ ਪਾਸ ਕਰਕੇ ਅਮਲ ਕੀਤਾ ਗਿਆ ।

11-9-77 ਦੀ ਬੈਠਕ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਤ ਹੋਣ ਵਾਲੇ (ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਤੇ ਵਿਸ਼ਵ ਕੋਸ਼ ਭਾਸ਼ਾ ਵਿਭਾਗ ਪਟਿਆਲਾ ਦੇ ਲਈ ਭਾਟੜਾ ਸੰਪ੍ਰਦਾਇ ਦੀਆਂ ਐਂਟਰੀਆਂ ਤਿਆਰ ਕਰਨ ਦੀ ਡਿਊਟੀ ਸਮੁੰਦਰ ਸਿੰਘ ਹਿਸਟੋਰੀਅਨ ਦੀ ਲਾਈ ਗਈ ਤੇ ਉਕਤ ਕੋਸ਼ਾਂ ਲਈ ਖੋਜ਼ ਪੜਤਾਲ ਸ਼ੁਰੂ ਹੋਈ ।

16 ਜਨਵਰੀ 1978 ਨੂੰ ਉਕਤ ਕੋਸ਼ਾਂ ਦੀਆਂ ਐਂਟਰੀਆਂ ਦੇ ਸਬੰਧ ਵਿਚ ਇਕ ਬੇਨਤੀ ਪਤ੍ਰ-ਇਸ਼ਤਿਹਾਰ ਛਪਵਾ ਕੇ ਦੇਸ਼ ਅਤੇ ਵਿਦੇਸ਼ਾਂ ਵਿੱਚ ਭੇਜੇ ਗਏ । ਤਾਕੇ ਸਮੁਚਾ ਤੌਰ ਤੇ ਸਾਰੀ ਸੰਗਤਿ ਆਪਣੀਆਂ ਸ਼ੁਭ ਇਛਾਵਾਂ ਤੇ ਇਤਿਹਾਸਕ ਰਾਵਾਂ ਭੇਜ ਸਕਣ । ਜਿਸ ਨਾਲ ਪੂਰਨ ਤੌਰ ਤੇ ਭਾਟੜਾ ਸੰਗਤਿ ਦਾ ਕੌਮੀ ਸੰਸਕਰਨ ਤਿਆਰ ਹੋ ਸਕੇ । ਇਸ਼ੇ ਤਰ੍ਹਾਂ ਬੈਠਕਾਂ ਹੁੰਦੀਆਂ ਰਹੀਆਂ ਤੇ 'ਭਾਟੜਾ ਸੰਪ੍ਰਦਾਇ ਕੋਸ਼' ਦੀ ਤਿਆਰੀ ਵੀ ਹੁੰਦੀ ਰਹੀ ਜੋ ਛਪਕੇ ਆਪ ਜੀ ਦੇ ਸਾਂਮਰਤੱਖ ਹੈ-ਇਸ ਕੋਸ਼ ਕਾਰਜ ਨੂੰ ਭਾਟੜਾ ਸੰਗਤਿ ਸਭਾ ਪਟਿਆਲਾ ਨੇ ਹੀ ਆਪਣੇ ਵਿਤ ਅਨੁਸਾਰ ਸੰਸਾਰ ਸਾਹਮਣੇ ਉਜਾਗਰ ਕਰਨ ਦੀ ਪਹਿਲ ਕੀਤੀ ਹੈ । ਨਿਰਮਤਾਂ ਨਾਲ ਆਸ ਬਝਦੀ ਹੈ ਕਿ ਕਦਰ ਦਾਨ ਇਸ ਸੰਸਕਰਨ ਦਾ ਯੋਗ ਸੁਆਗਤ ਕਰਨਗੇ ।

28-10-79 ਦੀ ਅੰਤਮ ਬੈਠਕ ਗਿ. ਸਮੁੰਦਰ ਸਿੰਘ ਪ੍ਰਧਾਨ ਦੀ ਅਗਵਾਈ ਹੇਠ-ਗੁਰਦਵਾਰਾ ਸਰਹਿੰਦ ਰੋਡ (ਪਟਿਆਲਾ) ਵਿਖੇ ਹੋਈ ਜਿਸ ਵਿਚ (ਭਾਟੜਾ ਸੰਗਤਿ ਸਭਾ ਪਟਿਆਲਾ) ਦੀ ਦੂਸਰੀ ਚੋਣ ਦੇ ਕਰਮਚਾਰੀ ਇਸ ਪ੍ਰਕਾਰ ਚੁਣੇ ਗਏ ।

ਸ. ਅਜੀਤ ਸਿੰਘ ਜੀ ਅਜਾਦ ਪ੍ਰਧਾਨ-ਸ. ਕਲਵੰਤ ਸਿੰਘ ਜੀ ਮੀਤ ਪ੍ਰਧਾਨ
ਸ. ਸਰੂਪ ਸਿੰਘ ਜੀ ਐਮੇ ਮੁਖ ਸਕਤ੍ਰ ਸ, ਕਰਨੈਲ ਸਿੰਘ ਜੀ ਮੀਤ ਸਕੱਤ੍ਰ
ਸ. ਪਿਆਰਾ ਸਿੰਘ ਜੀ ਣੱਖਣਪਾਲ ਖਜਾਨਚੀ-ਸ. ਚਾਨਣ ਸਿੰਘ ਸਰਪੰਚ ਮੀਤ ਖਜਾਨਚੀ
ਜਥੇਦਾਰ ਸੁਜਾਨ ਸਿੰਘ ਜੀ (ਨਿਹੰਗ ਸਿੰਘ)-ਸ. ਸਰਦੂਲ ਸਿੰਘ ਜੀ ਪ੍ਰਾਪੇਗੰਡਾ ਸਕੱਤਰ
ਆਦਿ—ਸਾਥੀ ਇਸ ਦੂਸਰੀ ਚੋਣ ਵਿਚ ਪ੍ਰਵੇਸ਼ ਹੋਏ ।

Digitized by Panjab Digital Library | www.panjabdigilib.org

ਸਹਾਇਕ (ਦੂਸਰਾ ਖੰਡ)

ਗਿਆਨੀ ਕਰਤਾਰ ਸਿੰਘ ਜੀ ਕੱਵਲ ਸੁਧਾਰਿਕ ਵਾਦ ਦੇ ਸਚੇ ਸਹਾਇਕ ਸਨ-ਕੰਵਲ ਜੀ ਦਾ ਜਨਮ ਬਜ਼ੁਰਗ ਬਾਬਾ ਨਿਹਾਲ ਸਿੰਘ ਜੀ ਰੇਠਾਂ (ਸੁਆਲੀ) ਦੇ ਘਰ ਮਾਤਾ ਜੈ ਕੌਰ ਦੀ ਕੁਖੋਂ 9 ਸਤੰਬਰ 1913 ਨੂੰ ਪਿੰਡ ਗਲੋਟੀਆਂ ਕਲਾ ਜ਼ਿਲਾ ਸਿਆਲਕੋਟ ਵਿਖੇ ਹੋਇਆ। ਛੇ ਵਰ੍ਹਿਆਂ ਦੀ ਉਮਰ ਵਿਚ ਆਪ ਆਪਣੇ ਪਿਤਾ ਜੀ ਨਾਲ ਸਟੇਟ ਮਾਨਾਵਾਲਾ ਬਾਰ ਜ਼ਿਲਾ ਸ਼ੇਖੂਪੁਰਾ ਵਿੱਚ ਆ ਗਏ! ਇਥੇ ਹੀ ਕੰਵਲ ਜੀ ਨੇ ਮਾਨਾਵਾਲਾ ਦੇ ਮਹਾਨ ਵਿਦਵਾਨ-ਸੰਤ ਬਾਬਾ ਗੁਰਬਖਸ਼ ਸਿੰਘ ਜੀ ਬੇਦੀ ਪਾਸੋਂ ਵਿਦਿਆ ਪ੍ਰਾਪਤ ਕੀਤੀ ਅਤੇ ਸਿੱਖ ਇਤਿਹਾਸ ਦਾ ਚੰਗਾ ਅਧਿਐਨ ਕੀਤਾ। ਦੇਸ਼ ਪਿਆਰ ਤੇ ਕੌਮ ਸੁਧਾਰ ਦੀ ਤੀਬਰ ਲਗਨ ਕਾਰਨ ਆਪ ਭਾਟੜਾ ਸੰਗਤਿ ਦੀ ਕਰਾਤਿਕਾਰੀ ਜਥੇਬੰਦੀ 'ਸ੍ਰੀ ਗੁਰੂ ਨਾਨਕ ਨੌਜਵਾਨ ਭਾਟ ਸਭਾ 1935 ਮਾਨਾਵਾਲਾ ਬਾਰ, ਦੇ ਮੋਢੀਆਂ ਚੋਂ ਇਕ ਅਤੇ ਖਜਾਨਚੀ ਬਣੇ! ਸੈਂਟਰਲ ਆਲ ਇੰਡੀਆ ਭਾਟੜਾ ਸਭਾ 1938 ਸ੍ਰੀ ਨਨਕਾਣਾ ਸਾਹਿਬ ਦੇ ਜਰਨਲ ਸਕੱਤਰ ਬਣੇ 1942 ਈ. ਵਿੱਚ ਇੰਟਰਲ ਨੈਂਸਨਲ ਭਾਟੜਾ ਯੂਨੀਅਨ ਲਹੌਰ ਦੇ ਮੀਤ ਪ੍ਰਧਾਨ ਥਾਪੇ ਗਏ। ਸਰਬ ਹਿੰਦ ਭਾਟੜਾ ਯੂਨੀਅਨ 1943 ਦੇ ਕੰਵਲ ਜੀ ਸੀਨੀਅਰ ਮੈਂਬਰ ਸਨ। ਆਲ ਇੰਡੀਆ ਸੰਗਤਿ ਭਾਟੜਾ ਯੂਨੀਅਨ ਸ੍ਰੀ ਫਤਹਿਗੜ੍ਹ ਸਾਹਿਬ 1966 ਦੇ ਗਿ, ਕੰਵਲ ਜੀ ਕਨਵੀਨਰ ਹੀ ਨਹੀਂ ਬਲਕੇ ਸੰਸਥਾ ਦੇ ਮੋਢੀਆਂ ਵਿਚੋਂ ਵੀ ਇਕ ਸਨ। ਮਹਾਨ ਕੋਸ਼ ਅੰਦੋਲਨ ਵਿੱਚ ਕੰਵਲ ਜੀ ਨੇ ਤਨ ਦੇ ਤੀ ਨਾਲ ਕੰਮ ਕੀਤਾ। ਆਪਣੇ ਖੂਨ ਨਾਲ ਦਸਖਤ ਕਰਕੇ ਆਪਾ ਕੁਰਬਾਨ ਕਰਨ ਦਾ ਐਲਾਨ ਕੀਤਾ ਤੇ ਆਪਣੇ ਵੱਡੇ ਸਪੁਤਰ ਮਾਸਟਰ ਮਹਿੰਦਰ ਸਿੰਘ ਮਾਨ ਨੂੰ ਕੌਮ ਤੋਂ ਕੁਰਬਾਨ ਹੋਣ ਲਈ ਦਾਨ ਕਰ ਦਿਤਾ। ਜਿਨ੍ਹਾਂ ਆਲ ਇੰਡੀਆ ਭਾਟੜਾ ਯੂਨੀਅਨ ਦਾ ਮੁਖ ਸਕੱਤਰ ਬਣਕੇ (ਮਹਾਨ ਕੋਸ਼ ਅੰਦੋਲਨ ਦੇ ਖੇਤਰ ਵਿੱਚ ਲੇਖਕ ਨਾਲ ਦਿਨ ਰਾਤ ਜੁਟ ਕੇ ਸਫਲਤਾ ਪ੍ਰਾਪਤ ਕੀਤੀ)।

ਜੁਲਾਈ 1944 ਵਿੱਚ ਕੰਵਲ ਜੀ ਨੇ ਆਪਣੀ ਭਾਣਜੀ ਪਿਆਰ ਕੌਰ ਦੇ ਅਨੰਦ ਕਾਰਜ ਸਮੇਂ ਪੇਚੀ ਦੀਆਂ ਗੰਡਾਂ ਤੇ ਗੋਤ ਕਨਾਲੇ ਦਾ ਰੂੜੀਵਾਦ ਰਿਵਾਜ ਖਤਮ ਕੀਤਾ। ਜੁਲਾਈ 1962 ਵਿਚ ਕੰਵਲ ਜੀ ਨੇ ਲੇਖਕ ਨਾਲ ਸਹਿਮਤ ਹੋ ਕੇ (ਮੇਰੀ ਪੁਤਰੀ ਬੀਬੀ ਬਲਵੰਤ ਕੌਰ ਦੇ ਅਨੰਦ ਕਾਰਜ ਸਮੇਂ) ਧੀ ਵਾਲੇ ਆਪਣੇ ਘਰ ਤੇ ਪੁਤਰ ਵਾਲੇ ਆਪਣੇ ਘਰ ਪਾਠ ਰਖਣ ਰਖਾਉਣ ਅਤੇ ਲਾਗਾਂ ਪਰ ਬੈਠਣ ਦੀਆਂ ਬੇਦੀਆਂ ਰਸਮਾਂ ਖਤਮ ਕਰਾਈਆਂ। ਕੰਵਲ ਜੀ ਗੁਰਮਤ ਅਨੁਸਾਰ ਇਸਤਰੀ ਸਮਾਜ ਦੇ ਸੁਤੰਤਰ ਹਕਾ ਦੇ ਹਾਮੀ ਸਨ। ਇਸ ਲਈ ਉਹਨਾਂ ਘੁੰਡ ਦੀ ਗੁਲਾਮ ਰਸਮ ਨੂੰ ਆਪਣੇ ਪਰਵਾਰ ਵਿੱਚੋਂ ਸਦਾ ਲਈ ਖਤਮ ਕਰ ਦਿਤਾ! ਉਕਤ ਕਾਰਨਾ ਤੋਂ ਕੌਮ ਨੂੰ ਉਹਨਾਂ ਇਕ ਨਵੀਂ ਸੇਧ ਦਿਤੀ। ਕੰਵਲ ਜੀ ਨੇ ਆਪਣੇ ਪੁਤਰਾਂ ਦੇ ਵਿਆਹ ਸਾਦੇ ਢੰਗ ਨਾਲ ਕੀਤੇ ਅਤੇ ਦਹੇਜ ਦੀ

Digitized by Panjab Digital Library | www.panjabdigilib.org

ਲਾਹਨਤ ਨੂੰ ਨੇੜੇ ਨਹੀਂ ਆਉਣ ਦਿਤਾ। ਆਪ ਜੀ ਚੰਗੇ ਲਿਖਾਰੀ ਤੇ ਕਵੀ ਸਨ ਇਨ੍ਹਾਂ ਦੀਆਂ ਰਚਨਾਵਾਂ ਕਈ ਮਾਸਕ ਪਤਰਾਂ ਵਿੱਚ ਛਪੀਆਂ ਪ੍ਰਾਪਤ ਹਨ। ਭਾਟੜਾ ਸੰਗਤਿ ਸਭਾ ਪਟਿਆਲਾ ਦੀ ਪਹਿਲੀ ਚੋਣ ਸੁਣ ਕੇ ਆਪ ਉਚੇਚੇ ਤੌਰ ਤੇ ਲੇਖਕ ਨੂੰ ਵਧਾਈ ਦੇਣ ਆਏ ਤੇ ਕੰਵਲ ਜੀ ਨੇ ਕਿਹਾ ਜੇ ਮੇਰੀ ਸੇਹਤ ਠੀਕ ਹੋ ਗਈ ਤਾਂ ਮੈਂ ਅਗੇ ਵਾਂਗ ਹੀ ਪੂਰਨ ਮਿਲਵਰਤਨ ਦੇਣ ਦਾ ਪਾਬੰਧ ਹੋਵਾਂਗਾ। ਇਨ੍ਹਾਂ ਸੁਧਾਰਿਕ ਆਸ਼ਾ ਦਾ ਇਹ ਅਣਰਕ ਜੋਧਾ ਅੰਤ 10 ਜੂਨ 1989 ਈ. ਨੂੰ ਪਿੰਡ ਜਲੋਵਾਲ (ਲੁਧਿਆਣਾ) ਵਿਖੇ ਪ੍ਰਲੋਕ ਪਿਆਨਾ ਕਰ ਗਏ।

ਲੇਖਕ ਵਲੋਂ ਇਕ ਜ਼ਰੂਰੀ ਸੁਆਲ (ਤੀਸਰਾ ਖੰਡ)

ਮਹਾਨ ਕੋਸ਼ ਅੰਦੋਲਨ ਕਿਵੇਂ ਅਰੰਭ ਹੋ ਕੇ ਚਲਿਆ-ਤੇ ਕਿੰਨਾਂ ਕੋਸ਼ਸ਼ਾਂ ਨਾਲ ਕੁਝ ਕੁ ਸਫ਼ਲ ਹੋਇਆ ਅਤੇ ਬਾਕੀ ਅੱਧਵਾਟੇ ਕਿਉਂ ਲਟਕ ਰਿਹਾ ਹੈ। ਮਹਾਨ ਕੋਸ਼ ਅੰਦੋਲਨ ਅੰਕ ਵਿੱਚ ਨਿਰਣੇ ਜਨਕ ਸਚਾਈ ਨੂੰ ਕਿਉਂ ਕੁਚਲਿਆ ਗਿਆ ਏ। ਉਕਤ ਸੁਆਲ ਦਾ ਕੋਈ ਸਚਿਆਰ ਲੇਖਕ ਭਾਟੜਾ ਸੰਗਤ ਵਿੱਚੋਂ ਪੁਸ਼ਟੀਆਂ ਤੇ ਹਵਾਲਿਆ ਸਾਹਿਤ ਜੁਆਬ ਲਿਖੇ-ਤਾਂਕੇ ਪਾਏ ਭੁਲੇਖੇ ਦੂਰ ਹੋ ਸਕਣ।

ਲੇਖਕ ਵੱਲੋਂ—ਉਹਨਾਂ ਸਾਰੀਆਂ ਸਹਿਯੋਗੀਆਂ ਦਾ ਉਚੇ ਸਨਮਾਨ ਨਾਲ ਧੰਨਵਾਦ ਕੀਤਾ ਜਾਂਦਾ ਹੈ। ਜਿਹਨਾਂ ਗ੍ਰੰਥਾਂ ਤੇ ਗ੍ਰੰਥਕਾਰਾਂ-ਚਿਤਰਾਂ ਅਤੇ ਰਾਇ ਦਾਨੀਆਂ ਨਾਲ ਇਸ ਕੋਸ਼ ਵਿੱਚ ਬਹੁਮੁਲੀ ਸਹਾਇਤਾ ਵਿਦਮਾਨ ਹੋਈ ਹੈ।

ਡਾ. ਕਿਰਪਾਲ ਸਿੰਘ ਜੀ P. H. D, ਸੀ-29 ਪੰਜਾਬੀ ਯੂਨੀਵਰਸਿਟੀ ਕੈਂਪਸ ਪਟਿਆਲਾ।

ਜਿਹਨਾਂ ਆਪਣੇ ਲੰਕਾਂ ਤੋਂ ਲਿਆਂਦੇ ਪੁਸਤਕ ਵਾਚਨ ਤੇ ਇਸ ਕੋਸ਼ ਵਿੱਚ ਵਰਤਨ ਲਈ ਦਿਤੇ ਅਤੇ ਕਈ ਮੌਲਕ ਵਿਚਾਰਾ ਸਾਹਿਤ ਮੁਖਬੰਦ ਪ੍ਰਦਾਨ ਕੀਤਾ।

ਡਾ. ਰਤਨ ਸਿੰਘ ਜੀ ਜਗੀ

ਜਿਹਨਾਂ ਆਪਣੇ ਸ਼ੁਭ ਵਿਚਾਰ-ਮਿਲਵਰਤਨ ਤੇ ਸਹਿਯੋਗਤਾ ਸਾਹਿਤ ਭਾਟੜਾ ਸੰਪ੍ਰਦਾਇ ਕੋਸ਼ ਬਾਰੇ ਆਮੁਕ ਸ਼ਬਦ ਅਰਪਨ ਕੀਤੇ।

ਸ. ਕਪੂਰ ਸਿੰਘ ਜੀ ਘੁੰਮਣ ਡਿਪਟੀ ਡਰੈਕਟਰ ਭਾਸ਼ਾ ਵਿਭਾਗ ਪਟਿਆਲਾ।

ਜਿਹਨਾਂ ਇਸ ਕੋਸ਼ ਵਿਚ ਆਈਆਂ ਐਂਟਰੀਆਂ ਦੀ ਪਰਖ ਪੜਤਾਲ (ਆਪ ਜੀ ਜ਼ਿਲਾ ਸਿਆਲਕੋਟ ਦੇ ਵਸੰਦੇ ਹੋਣ ਨਾਤੇ) ਆਪਣੇ ਸੁਚੱਜੇ ਵਿਚਾਰ ਪ੍ਰਗਟਾਏ।

ਸ. ਪਿਆਰਾ ਸਿੰਘ ਜੀ ਲੱਖਣਪਾਲ ਖਜਾਨਚੀ ਭਾਟੜਾ ਸੰਗਤਿ ਸਭਾ ਪਟਿਆਲਾ ਜਿਹਨਾ ਵਧੇਰੀ ਮਾਤਰਾ ਵਿੱਚ ਆਪਣੇ ਸਾਭੇ ਇਤਿਹਾਸਕ ਤੱਥ ਇਸ ਕੋਸ਼ ਵਿੱਚ ਵਰਤਨ ਲਈ ਲੇਖਕ ਨੂੰ ਅਰਪਨ ਕੀਤੇ।

ਮਜ਼ੂਦਾ ਸਮੇਂ ਦੇ ਪਛੋਕੜ ਵਿੱਚ-ਬਾਬਾ ਗੰਡਾ ਸਿੰਘ ਜੀ ਕਲੇਵਰ-ਸੰਤ ਹਵੇਲ ਸਿੰਘ ਜੀ ਗੜਗਜ਼-ਗਿਆਨੀ ਗੁਰਮੁਖ ਸਿੰਘ ਜੀ ਡਸਕਾ-ਗਿ. ਗਿਆਨ ਸਿੰਘ ਜੀ ਆਰਫ਼-ਸੰਤ ਅਤਰ ਸਿੰਘ ਜੀ ਨਿਰਮਲ ਦਰਬਾਰ ਨਨਕਾਣਾ ਸਾਹਿਬ ਤੇ ਸ. ਕੇਸਰ ਸਿੰਘ ਜੀ ਘਾਗੜ ਆਦਿ ਬਜ਼ੁਰਗਰਾਨ-ਜਿਨ੍ਹਾਂ ਲੇਖਕ ਨੂੰ ਅਲੌਕਿਕ ਸਰੋਤਾਂ ਪ੍ਰਦਾਨ ਕੀਤੀਆਂ। ਜੋ ਇਸ ਕੋਸ਼ ਵਿੱਚ ਪਹਿਲੀ ਵਾਰ ਛਪ ਕੇ ਸੰਸਾਰ ਸਾਹਮਣੇ ਉਜਾਗਰ ਹੋਈਆਂ ਹਨ। ਕੋਸ਼-ਵਿੱਚ ਆਈਆਂ ਤਸਵੀਰਾਂ ਦੇ ਸੰਗ੍ਰਿਹ ਸਹਿਯੋਗੀਆਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਹੈ। ਜਿਨ੍ਹਾਂ ਸੰਭਾਲੇ ਚਿਤਰਾਂ ਨੂੰ ਕੋਸ਼ ਵਿੱਚ ਵਰਤਨ ਲਈ ਉਧਾਰਤਾ ਪ੍ਰਗਟਾਈ ਹੈ।

ਸਵਰਗੀ ਡਾ. ਹਰਨਾਮ ਸਿੰਘ ਤਾਲਿਬ ਪਾਸੋਂ-ਤਸਵੀਰ ਸੰਤ ਅਤਰ ਸਿੰਘ ਜੀ

ਸ. ਪਿਆਰਾ ਸਿੰਘ ਲਖਣਪਾਲ ਪਾਸੋਂ-ਤਸਵੀਰ ਭਾਈ ਜੰਗੀਰ ਸਿੰਘ ਜੀ

ਤਾਇਆ ਗੋਬਿੰਦ ਸਿੰਘ ਰਨੌਰ ਪਾਸੋਂ-ਤਸਵੀਰ ਸ਼ਹੀਦ ਥਰਾਜ ਸਿੰਘ ਜੀ

ਰਾਮ ਸਿਘ ਜੀ ਨਿਹੰਗ ਬਸੀ ਪਠਾਣਾਂ ਪਾਸੋਂ-ਤਸਵੀਰ ਬਾਬਾ ਪ੍ਰੇਮ ਸਿਘ ਜੀ ਵਹੀਰੀਆ।

Digitized by Panjab Digital Library | www.panjabdigilib.org

ਗਿ. ਮਖਣ ਸਿੰਘ ਜੀ ਮ੍ਰਿਗਿੰਦ ਪਾਸੋਂ ਤਸਵੀਰਾਂ ਸ: ਰਾਮ ਸਿੰਘ ਤੇ ਜਾਰਜ ਕਿੰਗ ਅਤੇ 1935 ਸ੍ਰੀ ਗੁਰੂ ਨਾਨਕ ਨੌਜਵਾਨ ਭਾਟ ਸਭਾ ਦਾ ਗਰੁਪ ਚਿਤਰ ਅਤੇ ਭਾਈ ਗੁਰਬਖਸ਼ ਸਿੰਘ ਜੀ ਆਜਜ਼ ਦੇ ਸਹਿਯੋਗ ਨਾਲ ਸ: ਮੰਗਲ ਸਿੰਘ ਜੀ ਪਤਿਵਾਲ ਪਾਸੋਂ ਤਸਵੀਰ ਸ਼ਹੀਦ ਊਧਮ ਸਿੰਘ ਜੀ ਅਤੇ ਸ: ਸੰਤ ਸਿੰਘ ਜੀ ਪ੍ਰਦੇਸੀ ਤੇ ਭਾਟ ਸੰਗਤਿ ਦੇ ਸਾਥੀਆਂ ਸਮੇਤ ।

ਬਾਕੀ ਤਸਵੀਰਾਂ ਲੇਖਕ ਦੀਆਂ (ਚਿਤਰ ਸੰਗ੍ਰਹਿ ਪ੍ਰਦਰਸ਼ਨੀ ਵਿਚੋਂ ਹਨ) ਇਨ੍ਹਾਂ ਚਿਤਰਾਂ ਤੋਂ ਇਲਾਵਾ ਹੋਰ ਬੀਸ ਚਿਤਰ ਜੋ ਬਾਬਾ ਗੰਡਾ ਸਿੰਘ ਕਲੇਵਰ ਤੋਂ ਪ੍ਰਾਪਤ ਹੋਏ ਹਨ । ਉਹ ਫਿਰ ਕਿਸੇ ਸਮੇਂ ਪ੍ਰਕਾਸ਼ਤ ਹੋ ਸਕਣਗੇ ।

ਇਨ੍ਹਾਂ ਸਾਰਿਆਂ ਨਾਲ ਭਾਟੜਾ ਸੰਗਤਿ ਸਭਾ ਪਟਿਆਲਾ ਦੇ ਬੀਰ ਵਰਕਰਾਂ ਦਾ ਸਤਿਕਾਰ ਭਰਪੂਰ ਧੰਨਵਾਦ ਹੈ ਜਿਨ੍ਹਾਂ ਦੇ ਉਦਮ ਉਪਰਾਲੇ ਨਾਲ ਭਾਟੜਾ ਸੰਪ੍ਰਦਾਇ ਕੋਸ਼ ਪ੍ਰਕਾਸ਼ਤ ਹੋ ਕੇ ਸੰਸਾਰ ਸਾਹਮਣੇ ਉਜਾਗਰ ਹੋ ਸਕਿਆ ਹੈ ।

ਪ੍ਰੈਸ ਕਾਪੀ ਤਿਆਰ ਕਰਨ ਵਿਚ ਸ: ਮੇਵਾ ਸਿੰਘ ਜੀ ਅਤੇ ਪ੍ਰੈਸ ਦੇ ਮਾਲਕਾਂ ਸ: ਹਰਦਿਤ ਸਿੰਘ ਜੀ ਤੇ ਸ: ਤਿਰਲੋਕ ਸਿੰਘ ਜੀ 'ਨਿਊ ਪਟਿਆਲਾ ਪ੍ਰਿੰਟਰਜ਼' ਪਟਿਆਲਾ ਦਾ ਵੀ ਧੰਨਵਾਦੀ ਹਾਂ ।

ਅੰਤਿਮ ਖੰਡ

ਸਤਿਗੁਰਾਂ ਦੀ ਸਾਜੀ ਸਰਿਸ਼ਟੀ ਵਿਚ ਵਿਚਰਨ ਵਾਲੇ ਅਨੇਕਾਂ ਪਰਉਪਕਾਰੀ ਵਿਆਖਿਆਕਾਰ, ਸਾਹਿਤਕਾਰ ਤੇ ਕੋਸ਼ਕਾਰ ਹੋ ਚੁਕੇ ਹਨ । ਜਿਨ੍ਹਾਂ ਗੁਰਮੁਖਾਂ ਨੇ ਉਤਮ ਰੀਤੀ ਨਾਲ ਅਨਗਿਣਤ ਗ੍ਰੰਥ ਰਚ ਕੇ ਸੰਸਾਰ ਦੇ ਸਾਹਿਤ ਖੇਤਰ ਵਿਚ ਯੋਗਦਾਨ ਪਾਇਆ ਹੈ ।

ਦਾਸ—ਯੋਗਤਾ ਹੀਨ-ਅਲਪ ਬੁਧੀ ਤੇ ਵਿਦਿਆ ਦੀ ਆ-ਸਮਰੱਥਾ-ਤੱਥਾ-ਤੱਥ ਪ੍ਰਯੋਗਾਂ ਦੀ ਨਿਊਨਤਾ ਕਾਰਨ ਕੋਈ ਲਿਖਾਰੀ ਵੀ ਨਹੀਂ ਹੈ । ਜੋ ਅੱਜ ਦੇ ਯੁਗ ਵਿਚ ਕੋਸ਼ ਜੈਸਾ ਗ੍ਰੰਥ ਲਿਖ ਕੇ ਸੰਗਤਾਂ ਦੇ ਸਪੁਰਦ ਕਰ ਸਕਦਾ ਸੀ । ਕੋਸ਼ਕਾਰੀ ਦੇ ਕਾਰਜ ਨੂੰ ਵਡੀਆਂ ਵਡੀਆਂ ਸੰਸਥਾਵਾਂ ਕਈ ਵਰਸ਼ ਸਕੀਮ ਅਧੀਨ ਰੱਖ ਕੇ ਸਿਰੇ ਚਾੜਦੀਆਂ ਹਨ । ਜਿਸ ਵਿਚ ਵੀ ਤਰੁਟੀਆਂ ਰਹਿ ਜਾਣੀਆਂ ਅਸੰਭਵ ਹਨ । ਇਸ ਲਈ ਹੋ ਸਕਦਾ ਹੈ ਕਿ ਇਸ ਕੋਸ਼ ਅੰਦਰ ਵੀ ਕੁਝ ਖਾਮੀਆਂ ਆਈਆਂ ਹੋਣ । ਸੋ ਦਾਸ ਪਾਸ ਸਾਰਿਆਂ ਸਾਧਨਾਂ ਤੋਂ ਬਿਨਾਂ ਕੇਵਲ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਹੀ ਸੀ ਯਥਾ —

ਮੂਕ ਉਚਰੈ ਸ਼ਾਸ਼ਤ੍ਰ ਖਟਿ-ਪਿੰਗ ਗਿਰਨ ਚੜਿ ਜਾਇ ।
ਅੰਧ ਲਖੈ ਬਧਰੋ ਸੁਨੈ-ਜੋ ਕਾਲ ਕਿਰਪਾ ਕਰਾਇ । (ਦੋਹਿਰਾ ਦਸਮ ਗ੍ਰੰਥ ਪਨਾ ੭੧੬)

ਉਕਤ ਨਿਸਚੈ ਸਹਿਤ ਇਸ ਕੋਸ਼ ਕਾਰਜ ਨੂੰ ਅਰੰਭ ਕਰ ਕੇ ਬੜੀ ਨਿਮਰਤਾ ਨਾਲ ਲਿਖਿਆ ਹੈ । ਜੋ ਸਤਿਗੁਰਾਂ ਤੇ ਸੰਗਤਿ ਦੀ ਕਿਰਪਾ ਨਾਲ ਸੂਖਮ ਰੂਪ ਵਿਚ ਕਲਗੀਧਰ ਜੀ ਦੇ ਮਹਾਂ ਵਾਕ ਅਨੁਸਾਰ ਸਿਰੇ ਚੜ ਸਕਿਆ ਹੈ । ਯਥਾ—ਸਵੈਯਾ ਦਸਮ ਗ੍ਰੰਥ ਪੰਨਾ ੭੧੬

ਜੁਧ ਜਿਤੇ ਇਨਹੀ ਕੇ ਪ੍ਰਸਾਦਿ—ਇਨਹੀ ਕੇ ਪ੍ਰਸਾਦਿ ਸੋ ਦਾਨ ਕਰੇ ।
ਅਘ-ਅਉਘ ਟਰੈ ਇਨ ਹੀ ਕੇ ਪ੍ਰਸਾਦਿ—ਇਨ ਹੀ ਕੀ ਕਿਰਪਾ ਫੁਨ ਧਾਮ ਭਰੇ ।

Digitized by Panjab Digital Library | www.panjabdigilib.org

ਇਨ ਹੀ ਕੇ ਪ੍ਰਸਾਦਿ ਸੋ ਬਿਦਿਆ ਲਈ—ਇਨ ਹੀ ਕੀ ਕਿਰਪਾ ਸਭ ਸ਼ਤਰੂ ਮਰੇ ।
ਇਨ ਹੀ ਕੀ ਕਿਰਪਾ ਕੇ ਸਜੈ ਹਮ ਹੈਂ—ਨਹੀਂ ਮੋ ਸੋ ਗਰੀਬ ਕਰੋਰ ਪਰੇ ।

ਸੋ ਸਤਿਗੁਰਾਂ ਨੇ ਲੇਖਕ ਨੂੰ ਆਪਣਾ ਬਲ ਆਪ ਹੀ ਬਖਸ਼ ਕੇ ਸੇਵਕ ਪਾਸੋਂ ਇਹ ਸੇਵਾ ਆਪ ਹੀ ਕਰਵਾਈ ਹੈ । ਯਥਾ ਪਿੰਗਲ ਪ੍ਰਬਤ ਪਾਰ ਪਰੇ ਖਲ ਚਤਰ ਬਕੀੜਾ—ਅੰਧਲੇ ਤ੍ਰਿਭਵਨ ਸੂਝਿਆ ਗੁਰ ਭੇਟ ਪੁਨੀਤਾ । ਆਦਿ ਗੁਰੂ ਗ੍ਰੰਥ ਸਾਹਿਬ ਪੰਨਾ ੮੦੯—ਐਸੇ ਮਹਾਂਵਾਕ ਅਨੁਸਾਰ ਗੁਰੂ ਸਾਹਿਬ ਅਤੇ ਸੰਗਤਾਂ ਸਦ-ਬਖਸ਼ੰਦ ਹਨ ।

ਵਿਦਵਾਨ ਸਜਨ ਜਿਥੇ ਜਿਥੇ ਇਸ ਕੋਸ਼ ਅੰਦਰ ਗਲਤੀ ਅਥਵਾ ਤਰੁਟੀ ਦੇਖਣ ਉਥੇ ਹੀ ਖਿਮਾਂ ਕਰਦਿਆਂ ਕਿਰਪਾ ਪੂਰਬਕ (ਆਪੂਰਨ ਟੂਕਾਂ ਨੂੰ ਸੰਪੂਰਣ ਕਰਨ ਦੀ ਵਾਕ ਵਿੱਧੀ—ਸੰਗਯਾ—ਕਿਰਿਆ ਅਤੇ ਵਿਉਂਤਪਤੀ ਦਸ ਕੇ) ਆਪਣੀ ਵਡਮੁਲੀ ਰਾਇ (ਸੁਗਮ-ਸੂਚਨਾ) ਬਖਸ਼ਨ ਦੀ ਕਿਰਪਾਲਤਾ ਕਰਨ ।

ਦਾਸ—ਉਨ੍ਹਾਂ ਸਾਰਿਆਂ ਵਿਦਵਾਨ ਸਜਣਾਂ ਦਾ ਰਿਣੀ ਹੋਵੇਗਾ ਜੋ ਆਪਣੇ ਸ਼ੁਭ ਵਿਚਾਰ (ਰੀਵੀਊ) ਰੂਪ ਵਿਚ ਵੀ ਭੇਜਣਗੇ—ਸਕਾਲਰਾਂ ਵਲੋਂ ਆਈਆਂ ਅਮੋਲਕ ਰਾਵਾਂ ਤੇ ਸੁੰਦਰ ਸੁਝਾਵਾਂ ਦੀ ਸੋਧ-ਸੁਧਾਈ ਸਣੇ ਦੂਸਰੀ ਐਡੀਸ਼ਨ ਵਿਚ ਪੂਰਨ ਸਤਿਕਾਰ ਨਾਲ ਧੰਨਵਾਦਿ ਸਹਿਤ ਪ੍ਰਕਾਸ਼ਨ ਕੀਤਾ ਜਾਵੇਗਾ ।

ਨੋਟ—ਰਾਇਦਾਨੀ ਤਥਾ (ਰੀਵੀਊ) ਜਾਂ ਹੋਰ ਸਮਾਚਾਰ ਭੇਜਣ ਦਾ ਪਤਾ—

ਵੈਦ-ਕਵਿੰਦ੍ਰ ਸਮੁੰਦਰ ਸਿੰਘ ਹਿਸਟੋਰੀਅਨ
ਅਬਹਲ ਨਗਰ—ਨੇੜੇ ਤਾਰ ਫੈਕਟਰੀ
ਪਟਿਆਲਾ (ਪੰਜਾਬ)



ਵੈਦ ਕਵਿੰਦ੍ਰ ਸਮੁੰਦਰ ਸਿੰਘ ਹਿਸਟੋਰੀਅਨ

ਸਪੁਤਰ ਸ: ਫਕੀਰ ਸਿੰਘ ਰਠੌੜ ! ਫਕੀਰ ਸਿੰਘ
ਸਪੁਤਰ ਬਾਬਾ ਬੁਧ ਸਿੰਘ ਬੰਗਲੇਵਾਲਾ ਅਤੇ
ਬਜ਼ੁਰਗਵਾਰ ਬਾਬਾ ਥਤਾਜ ਸਿੰਘ ਜੀ ਸ਼ਹੀਦ ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1555

Digitized by Panjab Digital Library | www.panjabdigilib.org

Digitized by Panjab Digital Library | www.panjabdigilib.org